
# ਭਾਈ ਵੀਰ ਸਿੰਘ

ਹਰਬੰਸ ਸਿੰਘ




Pb
891.421 8
Si 64 S

ਭਾਰਤੀ
ਸਾਹਿੱਤ ਦੇ

P
891.4218
Si 64 S

INDIAN INSTITUTE
OF
ADVANCED STUDY
LIBRARY, SHIMLA



ਭਾਈ ਵੀਰ ਸਿੰਘ

ਅਸਤਰ 'ਤੇ ਮੂਰਤੀ ਕਲਾ ਦਾ ਜੋ ਇਹ ਪ੍ਰਤੀਰੂਪ ਪੇਸ਼ ਕੀਤਾ ਗਿਆ ਹੈ, ਇਸ ਵਿਚ ਵਿਖਾਏ ਗਏ ਦ੍ਰਿਸ਼ ਵਿਚ ਤਿੰਨ ਜੋਤਸ਼ੀ ਰਾਜਾ ਸ਼ੁਧੋਧਨ ਨੂੰ ਮਹਾਤਮਾ ਬੁੱਧ ਦੀ ਮਾਤਾ-ਮਹਾਰਾਣੀ ਮਾਇਆ ਦੇ ਸੁਪਨੇ ਦੀ ਵਿਆਖਿਆ ਕਰਕੇ ਦੱਸ ਰਹੇ ਹਨ । ਉਹਨਾਂ ਦੇ ਹੇਠ ਇਕ ਮੁਨਸ਼ੀ ਬੈਠਾ ਹੈ ਜੋ ਵਿਆਖਿਆ ਲਿਖਦਾ ਜਾ ਰਿਹਾ ਹੈ । ਸ਼ਾਇਦ ਆਦਿ ਕਾਲ ਦੀ ਭਾਰਤੀ ਚਿਤ੍ਰਕਲਾ ਦਾ ਚਿਤ੍ਰ ਰੂਪ ਵਿਚ ਪ੍ਰਾਪਤ ਇਹੀ ਰਿਕਾਰਡ ਹੈ ।

**ਨਾਗਾਰਜੁਨਕੋਂਡਾ : ਦੂਸਰੀ ਸਦੀ ਈਸਵੀ**

**ਧੰਨਵਾਦ ਸਹਿਤ : ਨੈਸ਼ਨਲ ਮਿਊਜ਼ੀਅਮ, ਨਵੀਂ ਦਿੱਲੀ**

ਭਾਰਤੀ ਸਾਹਿਤ ਦੇ ਨਿਰਮਾਤਾ

# ਭਾਈ ਵੀਰ ਸਿੰਘ


ਲੇਖਕ

ਹਰਬੰਸ ਸਿੰਘ

ਅਨੁਵਾਦਕ

ਸੁਰਿੰਦਰ ਸਿੰਘ ਨਰੂਲਾ



ਸਾਹਿਤ ਅਕਾਦੇਮੀ

ਨਵੀਂ ਦਿੱਲੀ

**Bhai Vir Singh** : Punjabi translation by S.S. Narula of Harbans Singh's English monograph. Sahitya Akademi, New Delhi (1995) Rs. 15.00

© ਸਾਹਿਤ ਅਕਾਦੇਮੀ

P
891.421 8
Si 64 S

**ਪਹਿਲੀ ਵਾਰ : ੧੯੭੯**
ਦੂਜੀ ਵਾਰ : 1995

Library IIAS, Shimla
P 891.421 8 Si 64 S
00116257

ਸਾਹਿਤ ਅਕਾਦੇ

ਪ੍ਰਧਾਨ ਦਫ਼ਤਰ

ਰਵਿੰਦਰ ਭਵਨ, 35, ਫ਼ੀਰੋਜ਼ਸ਼ਾਹ ਮਾਰਗ, ਨਵੀਂ ਦਿੱਲੀ 110 001
ਵਿਕਰੀ ਵਿਭਾਗ : ਸਵਾਤੀ, ਮੰਦਿਰ ਮਾਰਗ, ਨਵੀਂ ਦਿੱਲੀ 110 001

ਖੇਤਰੀ ਦਫ਼ਤਰ

ਜੀਵਨਤਾਰਾ ਬਿਲਡਿੰਗ, ਚੌਥੀ ਮੰਜ਼ਿਲ, 23 ਏ/44 ਐਕਸ,
ਡਾਇਮੰਡ ਹਾਰਬਰ ਰੋਡ, ਕਲਕੱਤਾ 700 053
304-305, ਅੰਨਾ ਸਲਾਈ, ਤੇਨਾਮਪੇਟ, ਮਦਰਾਸ 600 018
172, ਮੁੰਬਈ ਮਰਾਠੀ ਗ੍ਰੰਥ ਸੰਗ੍ਰਹਾਲਯ ਮਾਰਗ,
ਦਾਦਰ, ਬੰਬਈ 400 014
ਏ ਡੀ ਏ ਰੰਗਮੰਦਿਰ, 109, ਜੇ. ਸੀ. ਮਾਰਗ, ਬੰਗਲੌਰ 560 002

**Price : Rs. 15/-**

116257
23/11/04
SHIMLA

**Printed at :**
Compudata Services, Jangpura, New Delhi-110014

# ਸੂਚੀ


| | | |
|---|---|---|
| | ਭੂਮਿਕਾ | ੭ |
| ੧ | ਪਿਛੋਕੜ | ੯ |
| ੨ | ਵਿਰਸਾ ਤੇ ਮੁਢਲੇ ਸਾਲ | ੨੮ |
| ੩ | ਪੰਜਾਬੀ ਟ੍ਰੈਕਟ ਲਹਿਰ | ੩੭ |
| ੪ | ਸੁੰਦਰੀ ਤੇ ਦੂਸਰੇ ਨਾਵਲ | ੪੫ |
| ੫ | ਰਾਣਾ ਸੂਰਤ ਸਿੰਘ | ੬੨ |
| ੬ | ਛੋਟੀਆਂ ਕਵਿਤਾਵਾਂ | ੭੫ |
| ੭ | ਵਿਦਵਤਾ ਭਰਪੂਰ ਰਚਨਾਵਾਂ | ੮੭ |
| ੮ | ਵਿਅਕਤੀਤਵ ਦਾ ਪ੍ਰਭਾਵ | ੧੦੦ |
| | ਭਾਈ ਵੀਰ ਸਿੰਘ ਰਚਨਾਵਲੀ | ੧੧੧ |
| | ਭਾਈ ਵੀਰ ਸਿੰਘ : ਬਾਰੇ ਪੁਸਤਕਾਵਲੀ | ੧੧੨ |

# ਭੂਮਿਕਾ

੧੯੭੨ ਦਾ ਸਾਲ ਪੰਜਾਬੀ ਕਵੀ ਤੇ ਵਿਚਾਰਵਾਨ ਭਾਈ ਵੀਰ ਸਿੰਘ ਦੀ ਜਨਮ ਸ਼ਤਾਬਦੀ ਦਾ ਸਾਲ ਹੈ। ਸਾਹਿਤ ਅਕਾਦਮੀ ਨੇ ਇਸ ਸੁਅਵਸਰ ਦੇ ਗੌਰਵ ਵਿਚ ਵਾਧਾ ਕਰਨ ਲਈ ਉਨ੍ਹਾਂ ਬਾਰੇ ਉਚੇਚਾ ਨਿਬੰਧ ਲਿਖਵਾ ਕੇ ਉਸ ਨੂੰ "ਭਾਰਤੀ ਸਾਹਿਤ ਦੇ ਉਸਰੀਏ" ਨਿਬੰਧਮਾਲਾ ਵਿਚ ਥਾਂ ਦਿੱਤੀ ਹੈ। ਇਸ ਤਰ੍ਹਾਂ ਸਾਹਿਤ ਅਕਾਦੇਮੀ ਨੇ ਕੌਮੀ ਕੈਲੰਡਰ ਵਿਚ ਇਕ ਮਹੱਤਵਪੂਰਨ ਵਰ੍ਹੇਗੰਢ ਨੂੰ ਸੂਚਿਤ ਕੀਤਾ ਹੈ। ਵਰਤਮਾਨ ਸ਼ਤਾਬਦੀ ਦੇ ਆਰੰਭ ਵਿਚ ਸਾਡੇ ਦੇਸ਼ ਵਿਚ ਜਿਹੜੀ ਸਾਹਿੱਤਕ ਪੁਨਰ ਜਾਗਰਨ ਦੀ ਲਹਿਰ ਉਪਜੀ ਸੀ, ਭਾਈ ਵੀਰ ਸਿੰਘ ਉਸ ਲਹਿਰ ਨੂੰ ਉਪਜਾਉਣ ਵਾਲੇ ਪਹਿਲਕਿਆਂ ਵਿਚੋਂ ਹੈ। ਉਹ ਵਾਸਤਵਿਕ ਰੂਪ ਵਿਚ ਆਧੁਨਿਕ ਪੰਜਾਬੀ ਸਾਹਿਤ ਦਾ ਜਨਮ-ਦਾਤਾ ਹੈ ਅਤੇ ਉਸ ਨੇ ਪੰਜਾਬੀ ਜੀਵਨ ਦੇ ਅਨੇਕ ਪੱਖਾਂ ਤੇ ਆਪਣੀ ਅਮਿਟ ਛਾਪ ਲਾਈ ਹੈ। ਇਸ ਪੁਸਤਕ ਦੇ ਕਰਤਾ ਦਾ ਪ੍ਰਯੋਜਨ ਇਹ ਹੈ ਕਿ ਭਾਈ ਵੀਰ ਸਿੰਘ ਦੇ ਜੀਵਨ ਤੇ ਰਚਨਾ ਨੂੰ ਉਸਦੇ ਜਨਮ ਸਮੇਂ ਦੀ ਸਭਿਆਚਾਰਕ ਸਥਿਤੀ ਦੇ ਸੰਦਰਭ ਵਿਚ ਬਿਆਨਿਆ ਜਾਏ। ਇਸ ਪੁਸਤਕ ਦੇ ਪਾਠਕ ਅਜਿਹੇ ਹੋਣਗੇ, ਜਿਹੜੇ ਕਿ ਸ਼ਾਇਦ ਭਾਈ ਵੀਰ ਸਿੰਘ ਦੀਆਂ ਮੂਲ ਰਚਨਾਵਾਂ ਤੋਂ ਜਾਣੂ ਨਾ ਹੋਣ। ਇਸ ਕਾਰਨ ਉਸ ਦੀਆਂ ਵਿਸ਼ੇਸ਼ ਰਚਨਾਵਾਂ ਨੂੰ ਸੰਖੇਪ ਰੂਪ ਵਿਚ ਅੰਕਿਤ ਕੀਤਾ ਗਿਆ ਹੈ ਅਤੇ ਲੇਖਕ ਨੇ (ਅੰਗਰੇਜ਼ੀ ਸੰਸਕਰਣ ਵਿਚ) ਚੋਣਵੀਆਂ ਰਚਨਾਵਾਂ ਦਾ ਆਪਣੇ ਵੱਲੋਂ ਕੀਤਾ ਅਨੁਵਾਦ ਵੀ ਦਿੱਤਾ ਹੈ।

ਜਦੋਂ ਮੈਂ ਇਹ ਪੁਸਤਕ ਲਿਖ ਰਿਹਾ ਸਾਂ ਤਾਂ ਮੇਰੇ ਲਈ ਲਾਭਦਾਇਕ ਗੱਲ ਇਹ ਸੀ ਕਿ ਭਾਈ ਵੀਰ ਸਿੰਘ ਦੇ ਕਾਲ-ਵਸ ਹੋਣ ਪਿਛੋਂ, ਉਨ੍ਹਾਂ ਦੇ ਉਸ ਸਮੇਂ ਜੀਵਤ ਭਰਾ ਵਿਚਾਰਵਾਨ ਤੇ ਲੇਖਕ ਡਾ: ਬਲਬੀਰ ਸਿੰਘ ਦੀ ਲਾਇਬ੍ਰੇਰੀ ਦਾ ਲਾਭ ਮੈਨੂੰ ਪ੍ਰਾਪਤ ਹੋਇਆ। ਇਸ ਲਿਖਤ ਦੁਆਰਾ ਮੈਂ ਉਨ੍ਹਾਂ ਦੀ ਉਦਾਰਤਾ ਤੇ ਸਹਾਇਤਾ ਲਈ ਧੰਨਵਾਦ ਕਰਦਾ ਹਾਂ। ਮੈਂ ਆਪਣੇ ਸਤਿਕਾਰਯੋਗ ਗੁਰੂਵਰ ਡਾ: ਗੰਡਾ ਸਿੰਘ ਦਾ ਵੀ ਰਿਣੀ ਹਾਂ ਕਿਉਂਕਿ ਮੈਂ ਤਾਂ ਹਮੇਸ਼ਾ ਹੀ ਉਨ੍ਹਾਂ ਦੀ ਦਰਿਆ-ਦਿਲੀ ਦਾ ਸਦਕਾ ਉਨ੍ਹਾਂ ਤੋਂ ਲਾਹੇਵੰਦ ਸਲਾਹ ਮਸ਼ਵਰਾ ਪ੍ਰਾਪਤ ਕਰਦਾ ਰਿਹਾ ਹਾਂ। ਮੈਨੂੰ ਰਾਜਪੁਰ ਇਸਾਈ

ਅਰਾਮਗਾਹ ਅਤੇ ਅਧਿਐਨ ਕੇਂਦਰ (Christian Retreat and Study Centre) ਵਿਖੇ ਅੱਡ-ਅੱਡ ਮਿਸ਼ਨਾਂ ਦੀਆਂ ਅਜਿਹੀਆਂ ਰੀਪੋਰਟਾਂ ਮਿਲੀਆਂ ਜਿਨ੍ਹਾਂ ਵਿਚੋਂ ਕਿ ਮੈਨੂੰ ਭਾਈ ਵੀਰ ਸਿੰਘ ਦੇ ਜਨਮ-ਕਾਲ ਬਾਰੇ ਬਹੁਤ ਵਾਕਫ਼ੀ ਮਿਲੀ ਹੈ। ਇਸ ਸਹਾਇਤਾ ਲਈ ਮੈਂ ਕੇਂਦਰ ਦੇ ਡਾਇਰੈਕਟਰ ਰੇਵਿਰੇਂਡ ਡੇਵਿਡ ਸੀ. ਸਕਾਟ ਦਾ ਰਿਣੀ ਹਾਂ। ਏਸੇ ਤਰ੍ਹਾਂ ਮੈਂ ਆਪਣੇ ਦੇਹਰਾਦੂਨ ਨਿਵਾਸੀ ਮਿੱਤ੍ਰ ਸ੍ਰੀ ਪਦਮ ਕੁਮਾਰ ਜੈਨ ਦਾ ਰਿਣੀ ਹਾਂ ਜਿਨ੍ਹਾਂ ਦੀ ਲਾਇਬ੍ਰੇਰੀ ਦੀ ਮੈਂ ਭਰਪੂਰ ਵਰਤੋਂ ਕੀਤੀ। ਇਸ ਸੰਬੰਧ ਵਿਚ ਪੰਜਾਬੀ ਯੂਨੀਵਰਸਿਟੀ ਦੇ ਲਾਇਬ੍ਰੇਰੀਅਨ ਸਰਦਾਰ ਹੁਕਮ ਸਿੰਘ ਅਤੇ ਆਪਣੇ ਨਿਜੀ ਅਸਿਸਟੈਂਟ ਸਰਦਾਰ ਧਰਮ ਸਿੰਘ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਨੇ ਮੈਨੂੰ ਬਹੁਪੱਖੀ ਸਹਾਇਤਾ ਦਿੱਤੀ ਹੈ।

A.I. ਪੰਜਾਬੀ ਯੂਨੀਵਰਸਿਟੀ,
ਪਟਿਆਲਾ

**ਹਰਬੰਸ ਸਿੰਘ**

ਕਾਂਡ ੧

# ਪਿਛੋਕੜ

ਪਿਛਲੀ ਸ਼ਤਾਬਦੀ ਦੇ ਅਖੀਰਲੇ ਦਹਾਕੇ ਵਿਚ ਪੰਜਾਬੀ ਸਾਹਿਤ ਇਕ ਨਵੇਂ ਮੋੜ ਤੇ ਆ ਖੜਾ ਹੋਇਆ। ਇਹ ਸਮਾਂ ਇਕ ਪਰਿਵਰਤਨ ਦੇ ਨਵੇਂ-ਨਵੇਂ ਅਰੰਭਾਂ ਦਾ ਸਮਾਂ ਸੀ। ਉਨ੍ਹਾਂ ਪ੍ਰਭਾਵਾਂ ਦਾ ਸਦਕਾ ਜਿਹੜੇ ਅਬੋਲ ਹੀ ਪੈ ਚੁੱਕੇ ਸਨ, ਪਰੰਪਰਾ ਦੀ ਪਕੜ ਢਿਲੀ ਹੋ ਗਈ ਅਤੇ ਆਤਮਿਕ ਸੁਤੰਤਰਤਾ ਵਿਚ ਵਾਧਾ ਹੋਇਆ ਸਿਰਜਣਾਤਮਿਕ ਚੇਤਨਾ ਵਿਚ ਇਕ ਅਪੂਰਵ ਜਾਗ੍ਰਿਤੀ ਆਈ। ਅਭਿਵਿਅੰਜਨ ਦੀਆਂ ਨਵੀਆਂ ਵਿਧੀਆਂ ਸਥਾਪਤ ਹੋਈਆਂ ਅਤੇ ਨਵੇਂ ਵਿਸ਼ੇ ਪ੍ਰਚਲਤ ਹੋ ਗਏ। ਸਿੱਟੇ ਵਜੋਂ ਸਜਰੀ ਸ਼ਬਦਾਵਲੀ ਦੇ ਪ੍ਰਤੀਕ ਸੁਰ ਤੇ ਸ਼ੈਲੀ ਦੀ ਇਕ ਪੂਰੀ ਦੀ ਪੂਰੀ ਸੰਰਚਨਾ ਦਾ ਉਦੈ ਹੋ ਗਿਆ। ਇਹ ਇਕ ਅਜਿਹਾ ਪੜਾਅ ਸੀ ਜਿਥੇ ਨਵਾਂ ਪੁਰਾਣੇ ਨੂੰ ਪਿੱਛੇ ਛੱਡ ਗਿਆ। ਨਿਰਸੰਦੇਹ ਇਹ ਆਧੁਨਿਕ ਕਾਲ ਦਾ ਆਰੰਭ ਸੀ। ਇਨ੍ਹਾਂ ਯੁਗ ਪਰਿਵਰਤਕ ਅਭਾਖਿਆਵਾਂ ਤੇ ਅਭਿਲਾਸ਼ਾਵਾਂ ਦੇ ਮਹੱਤਵ ਨੂੰ ਸਭ ਤੋਂ ਪਹਿਲਾਂ ਜਿਸ ਵਿਅਕਤੀ ਨੇ ਗ੍ਰਹਿਣ ਕੀਤਾ ਅਤੇ ਜਿਸ ਨੇ ਪੰਜਾਬੀ ਸਾਹਿਤ ਵਿਚ ਅਜਿਹਾ ਪਰਿਵਰਤਨ ਲਿਆਂਦਾ ਉਹ ਸੀ ਭਾਈ ਵੀਰ ਸਿੰਘ। ਉਸ ਦੀ ਸੰਵੇਦਨ ਸ਼ੀਲ ਤੇ ਜੀਵੰਤ ਆਤਮਾ ਨੇ ਸਮੇਂ ਦੀ ਧੜਕਨ ਨੂੰ ਇਕ ਸੂਖਮ ਤੇ ਜੀਵੰਤ ਹੁੰਗਾਰਾ ਦਿਤਾ। ਆਪਣੇ ਬੌਧਿਕਤਾ ਤੇ ਅੰਤਰ ਦ੍ਰਿਸ਼ਟੀ ਦੁਆਰਾ ਇਸ ਹੁੰਗਾਰੇ ਨੂੰ ਸ਼ਾਬਦਿਕ ਰੂਪ ਦੇ ਕੇ ਪੇਸ਼ ਕੀਤਾ। ਉਸ ਦੀ ਲੇਖਣੀ ਤੋਂ ਨਾਵਲਾਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ, ਟ੍ਰੈਕਟਾਂ ਅਤੇ ਫੁਟਕਲ ਲੇਖਾਂ ਦਾ ਇਕ ਦਰਿਆ ਹੀ ਵਹਿ ਤੁਰਿਆ। ਇਨ੍ਹਾਂ ਲੇਖਾਂ ਵਿਚੋਂ ਕਈ ਸਾਹਿਤ ਰੂਪ ਪੰਜਾਬੀ ਵਿਚ ਬਿਲਕੁਲ ਨਵੇਂ ਸਨ। ਉਨ੍ਹਾਂ ਨੂੰ ਪਹਿਲੀ ਵਾਰ ਭਾਈ ਸਾਹਿਬ ਨੇ ਲਿਆਂਦਾ ਸੀ। ਇਨ੍ਹਾਂ ਲਿਖਤਾਂ ਨੇ ਅਧਿਆਤਮਕ ਤੇ ਸਮਾਜਿਕ ਚੇਤਨਾ ਤੋਂ ਇਲਾਵਾ ਜਿਸ ਦਾ ਆਪਣੇ ਆਪ ਵਿਚ ਕੋਈ ਘੱਟ ਮਹੱਤਵ ਨਹੀਂ, ਪੰਜਾਬੀ ਸਾਹਿਤ ਦੀ ਵਸਤੂ ਤੇ ਸ਼ੈਲੀ ਨੂੰ ਅਸਲੋਂ ਹੀ ਬਦਲ ਕੇ ਰਖ ਦਿੱਤਾ। ਇਸ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਵੇਂ ਕਾਂਡ ਦਾ ਵਾਧਾ ਹੋਇਆ।

ਭਾਈ ਵੀਰ ਸਿੰਘ ਸਹੀ ਅਰਥਾਂ ਵਿਚ ਆਧੁਨਿਕ ਪੰਜਾਬੀ ਸਾਹਿਤ ਦਾ ਉਸਰਈਆ ਹੈ। ਅੱਜ ਵੀ ਸਾਹਿਤ ਦੇ ਇਤਿਹਾਸਕਾਰ ਭਾਈ ਸਾਹਿਬ ਨੂੰ ਹੀ ਪੰਜਾਬੀ ਵਾਰਤਕ, ਨਾਵਲ, ਸਰੋਦੀ ਕਾਵਿ, ਮਹਾਂ-ਕਾਵਿ, ਨਾਟਕ, ਅਤੇ ਇਤਿਹਾਸਕ ਖੋਜ ਦਾ ਮੋਢੀ ਮੰਨਦੇ ਹਨ। ਉਸ ਦੇ ਹੱਥਾਂ ਵਿਚ ਪੰਜਾਬੀ ਭਾਸ਼ਾ ਦੀ ਅਨੇਕ ਮੁਖੀ ਸਮਰਥਾ ਵਿਚ ਵਾਧਾ ਹੋਇਆ। ਉਸ ਦੀਆਂ ਰਚਨਾਵਾਂ ਨੇ ਇਸ ਭਾਸ਼ਾ ਨੂੰ ਇਕ ਮਾਣ ਤੇ ਮਰਯਾਦਾ ਪਰਦਾਨ ਕੀਤੀ। ਜਿਹੜੇ ਵਿਸ਼ੇ ਉਸ ਤੋਂ ਪਹਿਲਾਂ ਪੰਜਾਬੀ ਵਿਚ ਪ੍ਰਗਟਾਏ ਨਹੀਂ ਸਨ ਜਾ ਸਕਦੇ, ਹੁਣ ਇਹ ਭਾਸ਼ਾ ਉਨ੍ਹਾਂ ਨੂੰ ਪ੍ਰਗਟਾਉਣ ਦੇ ਸਮਰਥ ਹੋ ਗਈ ਹੈ। ਪੰਜਾਬੀ ਸਾਹਿਤ ਉਪਰ ਉਸ ਦਾ ਏਨਾ ਪ੍ਰਭਾਵ ਪਿਆ ਅਤੇ ਇਸ ਪ੍ਰਭਾਵ ਦਾ ਸਦਕਾ ਪੰਜਾਬੀ ਸਾਹਿਤ ਨੇ ਏਨੀ ਤੇਜ਼ੀ ਨਾਲ ਪ੍ਰਗਤੀ ਕੀਤੀ ਕਿ ਉਸ ਦੀ ਅੰਤਮ ਰਚਨਾ "ਮੇਰੇ ਸਾਈਆਂ ਜੀਓ" (੧੯੫੩)—ਇਹ ਨਿਜੀ ਪ੍ਰਗਟਾਵੇ ਦਾ ਸਰੋਦੀ ਕਾਵਿ-ਸੰਗ੍ਰਿਹ ਹੈ—ਦੇ ਪ੍ਰਕਾਸ਼ਤ ਹੋਣ ਸਮੇਂ ਪੰਜਾਬੀ ਭਾਸ਼ਾ ਵਿਚ ਅਜੇਹੀ "ਆਧੁਨਿਕ" ਰਚਨਾ ਹੋਂਦ ਵਿਚ ਆ ਚੁੱਕੀ ਸੀ ਜਿਸ ਨੂੰ ਕਿ ਭਾਈ ਵੀਰ ਸਿੰਘ ਪਹਿਚਾਣ ਵੀ ਨਾ ਸਕਦਾ।

ਭਾਈ ਵੀਰ ਸਿੰਘ ਦੇ ਜਨਮ ਸਮੇਂ ਪੰਜਾਬ ਵਿਚ ਨਵੇਂ ਵਿਚਾਰ ਉਥੱਲ-ਪੁਥੱਲ ਲਿਆ ਰਹੇ ਸਨ। ਸਮਾਜਿਕ ਤੇ ਸਭਿਆਚਾਰਕ ਪਿਛਵਾੜਾ ਤੇਜ਼ੀ ਨਾਲ ਬਦਲ ਰਿਹਾ ਸੀ। ਸਿੱਖ ਰਾਜ ਦਾ ਅੰਤ ਹੋਇਆਂ ਅਤੇ ਇਸ ਦੀ ਥਾਂ ਅੰਗਰੇਜ਼ੀ ਰਾਜ ਨੂੰ ਸਥਾਪਿਤ ਹੋਇਆਂ ਪੰਝੀ ਵਰ੍ਹੇ ਹੋ ਚੁੱਕੇ ਸਨ। ਪੰਜਾਬ ਭਾਰਤ ਦਾ ਆਖਰੀ ਵੱਡਾ ਇਲਾਕਾ ਸੀ ਜਿਹੜਾ ਅੰਗਰੇਜ਼ੀ ਰਾਜ ਦਾ ਭਾਗ ਬਣ ਗਿਆ ਸੀ। ਅੰਗਰੇਜ਼ਾਂ ਦੇ ਆਉਣ ਨਾਲ ਹੱਦਬੰਦੀਆਂ ਟੁੱਟ ਗਈਆਂ ਸਨ ਅਤੇ ਪੰਜਾਬ ਉਸ ਨਵੀਂ ਚੇਤਨਾ ਦੀ ਪਕੜ ਵਿਚ ਆ ਚੁੱਕਾ ਸੀ ਜੋ ਪੱਛਮੀ ਵਿਦਿਆ ਦੇ ਪ੍ਰਭਾਵ ਹੇਠ ਦੇਸ਼ ਭਰ ਵਿਚ ਉਤਪੰਨ ਹੋ ਰਹੀ ਸੀ।

ਪੱਛਮੀ ਅਤੇ ਭਾਰਤੀ ਸਭਿਆਚਾਰਾਂ ਦੇ ਆਪਸੀ ਮੇਲ-ਮਿਲਾਪ ਤੇ ਟਕਰਾਉ ਦਾ ਇਕ ਮਹਤਵ ਪੂਰਨ ਸਿੱਟਾ ਇਹ ਨਿਕਲਿਆ ਕਿ ਦੇਸੀ ਬੋਲੀਆਂ ਅਤੇ ਉਨ੍ਹਾਂ ਦੇ ਸਾਹਿਤ ਦਾ ਵਿਕਾਸ ਹੋਇਆ। ਈਸਾਈ ਮਿਸ਼ਨਰੀਆਂ ਅੰਗਰੇਜ਼ੀ ਸਕੂਲਾਂ ਤੇ ਕਾਲਜਾਂ ਤੇ ਪੂਰਬੀ ਅਧਿਐਨਕਾਰਾਂ, ਜਿਨ੍ਹਾਂ ਨੇ ਭਾਰਤੀ ਗਿਆਨ ਦੇ ਸੌਂਦਰਯ ਅਤੇ ਅਮੀਰੀ ਨੂੰ ਵਿਚਾਰਿਆ, ਨੇ ਇਸ ਵਿਚਾਰ ਨੂੰ ਉਤੇਜਨਾ ਦਿੱਤੀ।

ਇਸ ਸੰਬੰਧ ਵਿਚ ਭਾਰਤ ਵਿਚ ਸਥਾਪਿਤ ਪਹਿਲੇ ਪ੍ਰੋਟੈਸਟੈਂਟ ਮਿਸ਼ਨ (ਇਹ ਕਲਕੱਤਾ ਨੇੜੇ ਸੀਰਾਮਪੁਰ ਵਿਚ ਸਥਾਪਿਤ ਹੋਇਆ ਸੀ) ਦੀ ਉਚੇਚੀ ਦੇਣ ਹੈ। ਉਸ ਸਮੇਂ ਈਸਟ ਇੰਡੀਆ ਕੰਪਨੀ ਮਿਸ਼ਨਰੀਆਂ ਨੂੰ ਕੋਈ ਉਤਸ਼ਾਹ ਨਹੀਂ ਸੀ ਦਿੰਦੀ ਅਤੇ ਆਪਣੇ ਵਿਉਪਾਰਕ ਲਾਭਾਂ ਹਿੱਤ, ਕੰਪਨੀ ਵਲੋਂ ਕਈ ਪਾਬੰਦੀਆਂ ਲਗਾਈਆਂ ਗਈਆਂ ਸਨ। ਇਹ ਪਾਬੰਦੀਆਂ ੧੮੧੩ ਤੱਕ ਕਾਇਮ ਰਹੀਆਂ। ਇਸ ਕਾਰਨ ਤਿਨ ਅੰਗਰੇਜ਼ਾਂ—ਵਿਲੀਅਮ ਕੇਰੀ (William Carey), ਜੋਸ਼ੂਆ ਮਾਰਸ਼ਮੈਨ

(Joshua Marshman) ਅਤੇ ਵਿਲੀਅਮ ਵਾਰਡ (William Ward) ਨੇ ਆਪਣਾ ਅਰੰਭਕ ਕੰਮ ਡੈਨਮਾਰਕੀ ਝੰਡੇ ਹੇਠਾਂ ਛੋਹਿਆ। ਸਥਾਨਕ ਰਾਜਪਾਲ (ਗਵਰਨਰ) ਤੋਂ ਆਗਿਆ ਲੈ ਕੇ ਉਨ੍ਹਾਂ ਨੇ ੧੮੦੦ ਵਿਚ ਸੀਰਾਮਪੁਰ ਵਿਖੇ ਕੇਂਦਰ ਸਥਾਪਤ ਕੀਤਾ। ਸ਼ੁਰੂ ਸ਼ੁਰੂ ਵਿਚ ਉਨ੍ਹਾਂ ਨੇ ਬੋਰਡਿੰਗ ਸਕੂਲ ਬਣਾਏ ਤੇ ਛਾਪਾਖਾਨਾ ਵੀ ਬਣਾਇਆ।

ਵਾਰਡ ਨੇ ਹਿੰਦੂ ਧਰਮ ਅਤੇ ਸਾਹਿਤ ਦਾ ਵਿਸ਼ੇਸ਼ ਅਧਿਐਨ ਕੀਤਾ ਅਤੇ ਮਾਰਸ਼ਮੈਨ ਨੇ ਚੀਨੀ ਸਾਹਿਤ ਤੇ ਸਭਿਆਚਾਰ ਦਾ, ਕੇਰੀ ਨੇ ਭਾਰਤੀ ਭਾਸ਼ਾਵਾਂ ਵਿਚ ਨਿਪੁਣਤਾ ਪ੍ਰਾਪਤ ਕਰਨ ਦਾ ਜਤਨ ਕੀਤਾ। ਉਸ ਨੇ ਬੰਗਾਲੀ, ਸੰਸਕ੍ਰਿਤ ਅਤੇ ਮਰਾਠੀ ਵਿਆਕਰਣ ਲਿਖੇ ਅਤੇ ਤੈਲਗੂ ਤੇ ਪੰਜਾਬੀ ਵਿਆਕਰਣ ਛਪਵਾਏ। ਮਿਸ਼ਨ ਦੇ ਛਾਪੇਖਾਨੇ ਵਲੋਂ ਸੰਸਕ੍ਰਿਤ, ਬੰਗਾਲੀ, ਅਸਾਮੀ, ਉੜੀਆ, ਮਾਰਵਾੜੀ, ਪਸ਼ਤੋ, ਤੈਲਗੂ, ਮਰਾਠੀ ਅਤੇ ਪੰਜਾਬੀ ਵਿਚ ਅਨੁਵਾਦ ਛਾਪੇ ਗਏ।[1] ਪੰਜਾਬੀ ਦਾ ਪਹਿਲਾ ਅਨੁਵਾਦ ੧੮੧੧ ਵਿਚ ਛਾਪਿਆ।[2] ਇਹ ਪੰਜਾਬੀ ਵਿਚ ਛਪਣ ਵਾਲੀ ਪਹਿਲੀ ਪੁਸਤਕ ਸੀ।

ਵਿਦਿਆ ਦੇ ਪਿੜ ਵਿਚ ਇਸਾਈ ਮਿਸ਼ਨਾਂ ਤੇ ਸਰਕਾਰ ਦੋਹਾਂ ਵਲੋਂ ਪਹਿਲ ਕੀਤੀ ਗਈ। ਬਰਤਾਨਵੀ ਪਾਰਲੀਮੈਂਟ ਦੇ ਆਦੇਸ਼ ਅਨੁਸਾਰ ਈਸਟ ਇੰਡੀਆ ਕੰਪਨੀ ਨੇ ਸੰਸਕ੍ਰਿਤ ਅਤੇ ਅਰਬੀ ਭਾਸ਼ਾਵਾਂ ਦੇ ਪੁਨਰ ਉਥਾਨ ਅਤੇ ਵਿਕਾਸ ਲਈ ਸਕੂਲ ਸਥਾਪਿਤ ਕੀਤਾ, ਇਸ ਉਦੇਸ਼ ਦੀ ਪ੍ਰਾਪਤੀ ਲਈ ਨਿਰੋਲ ਪੂਰਬੀ ਪਾਠ-ਕਰਮ ਦੇ ਸੰਚਾਲਨ ਲਈ ਕਲਕੱਤਾ, ਮਦਰਾਸ ਅਤੇ ਬਨਾਰਸ ਸੰਸਕ੍ਰਿਤ ਕਾਲਜ ਵੀ ਚਾਲੂ ਕੀਤੇ ਗਏ। ਕੁਝ ਯੂਰਪੀਨ ਵਿਦਵਾਨਾਂ ਦੇ ਉੱਦਮ ਦੇ ਫਲਸਰੂਪ ਕਲਾਸਕੀ (ਸਨਾਤਨੀ) ਵਿਦਵਿਤਾ ਨੂੰ ਉਤਸ਼ਾਹ ਮਿਲਿਆ।

ਸਰ ਵਿਲੀਅਮ ਜੋਨਜ਼, ਜਿਸ ਨੇ ੧੭੮੪ ਵਿਚ ਏਸ਼ੀਆਟਿਕ ਸੁਸਾਇਟੀ ਔਫ ਬੰਗਾਲ ਦੀ ਸਥਾਪਨਾ ਕੀਤੀ—ਨੇ ਸੰਸਕ੍ਰਿਤ ਦੀਆਂ ਸਨਾਤਨੀ (ਕਲਾਸੀਕਲ) ਰਚਨਾਵਾਂ—ਹਿਤ ਉਪਦੇਸ਼ ਅਤੇ ਸ਼ਕੁੰਤਲਾ ਨੂੰ ਅੰਗਰੇਜ਼ੀ ਵਿਚ ਅਨੁਵਾਦਿਆ। ਹੈਨਰੀ ਟੋਮਸ ਕੋਲਬਰੁਕ (੧੭੬੫-੧੮੩੭) ਜੋ ਫੋਰਟ ਵਿਲੀਅਮ ਕਾਲਜ ਵਿਖੇ ਪ੍ਰੋਫੈਸਰੀ ਕਰਦਾ ਸੀ—ਨੇ ਵੇਦਾਂ ਬਾਰੇ ਲਿਖਿਆ ਅਤੇ ਹਿੰਦੂਆਂ ਦੇ ਗਣਿਤ ਸ਼ਾਸਤ੍ਰ ਅਤੇ ਦਰਸ਼ਨ ਬਾਰੇ ਵਿਚਾਰਾਂ ਦਾ ਮੁੱਲਅੰਕਨ ਕੀਤਾ। ਫਰੈਡਰਿਕ ਮੈਕਸ ਮੂਲਰ (Friedrich Max Muller), (1823-1900) ਨੇ ਰਿਗ ਵੇਦ ਨੂੰ ਅੰਗਰੇਜ਼ੀ ਵਿਚ ਅਨੁਵਾਦਿਆ ਅਤੇ ਕਈ ਪੂਰਬੀ ਗ੍ਰੰਥਾਂ ਦੇ ਅਨੁਵਾਦ ਲਈ ਹੱਲਾ ਸ਼ੇਰੀ ਦਿੱਤੀ।

---

1. John Clark Marshman, *The Life and Times of Carey, Marshman and Ward*, Longman, Brown, Green, Longmans and Roberts, 1859, London, p. 466.

2. See plate 48 in A. K. Priolkar's *The Printing Press in India*, Marathi Samshodhana Mandala, Bombay. 1958, p. 354

ਭਾਰਤੀ ਸਾਹਿਤ ਤੇ ਦਰਸ਼ਨ ਦੇ ਅਧਿਐਨ ਲਈ ਇਸ ਨਵੇਂ ਉਤਸ਼ਾਹ ਦੇ ਨਾਲ-ਨਾਲ ਹੀ ਅੰਗਰੇਜ਼ੀ ਵਿਦਿਆ ਦੇ ਪਸਾਰ ਦੀ ਮੰਗ ਵਿਚ ਵਾਧਾ ਹੋਇਆ।

ਰਾਜਾ ਰਾਮ ਮੋਹਨ ਰਾਏ ਜੋ ਇਕ ਪ੍ਰਤਿਭਾ ਸੰਪੰਨ ਦੂਰ ਦ੍ਰਿਸ਼ਟੀ ਵਾਲਾ ਚਿੰਤਕ ਸੀ ਇਸ ਦਾ ਸਭ ਤੋਂ ਪ੍ਰਭਾਵਸ਼ਾਲੀ ਆਗੂ ਸੀ। ਉਸ ਨੇ ੧੮੧੭ ਵਿਚ ਕਲਕੱਤਾ ਵਿਖੇ ਵਿਦਿਆਲਾ ਜਾਂ ਹਿੰਦੂ ਕਾਲਜ ਸਥਾਪਤ ਕੀਤਾ। ਇਹ ਹੀ ਸੰਸਥਾ ਪਿਛੋਂ ਜਾ ਕੇ ਪ੍ਰੈਸੀਡੈਂਸੀ ਕਾਲਜ ਦੇ ਨਾਂ ਹੇਠ ਪ੍ਰਸਿਧ ਹੋਈ। ਇਸ ਕਾਲਜ ਦਾ ਉਦੇਸ਼ ਪ੍ਰਤੱਖ ਰੂਪ ਵਿਚ ਇਹ ਦਸਿਆ ਗਿਆ ਕਿ ਮੂਲ ਗਿਆਨ ਨੂੰ ਪਛਮੀ ਸੋਮਿਆਂ ਤੋਂ ਭਾਰਤੀ ਸੋਮਿਆਂ ਤੱਕ ਪਹੁੰਚਾਇਆ ਜਾਏ। ਅੰਗਰੇਜ਼ੀ ਦੇ ਹੱਕ ਦੇ ਟੁੱਕ ਫੈਸਲਾ ਮੈਕਾਲੇ ਦੀ ੧੮੩੫ ਵਾਲੀ ਰੀਪੋਰਟ ਦੁਆਰਾ ਕੀਤਾ ਗਿਆ ਜਿਸ ਵਿਚ ਕਿ ਬਰਤਾਨਵੀ ਪਾਲਸੀ ਇਹ ਨਿਸਚਿਤ ਕੀਤੀ ਗਈ ਕਿ ਪਛਮੀ ਵਿਦਿਆ ਦਾ ਪਰਚਾਰ ਤੇ ਪਰਸਾਰ ਕੀਤਾ ਜਾਏ।

ਇਸਾਈ ਮਿਸ਼ਨਰੀਆਂ ਦੀਆਂ ਲੋੜਾਂ ਕਰਕੇ ਆਧੁਨਿਕ ਭਾਰਤੀ ਭਾਸ਼ਾਵਾਂ ਵੱਲ ਝੁਕਾਅ ਵਧਿਆ। ਜਿਹੜੇ ਸਕੂਲ ਉਨ੍ਹਾਂ ਵਲੋਂ ਖੋਲ੍ਹੇ ਗਏ, ਉਨ੍ਹਾਂ ਦਾ ਮੁਖ ਉਦੇਸ਼ ਦੇਸੀ ਭਾਸ਼ਾਵਾਂ ਦੁਆਰਾ ਸਿਖਿਆ ਦੇਣਾ ਸੀ।[1] ਹੌਲੀ-ਹੌਲੀ ਲੋਕ ਰਾਏ ਬੋਲ ਚਾਲ ਦੀਆਂ ਬੋਲੀਆਂ ਦੇ ਹੱਕ ਵਿਚ ਹੋ ਰਹੀ ਸੀ। ੧੮੬੭ ਵਿਚ ਅਲੀਗੜ੍ਹ ਦੀ ਬ੍ਰਿਟਿਸ਼ ਇੰਡੀਅਨ ਐਸੋਸੀਏਸ਼ਨ ਔਫ ਨਾਰਥ ਵੈਸਟਰਨ ਪ੍ਰੋਵਿੰਨਸਿੰਜ਼ ਨੇ ਗਵਰਨਰ ਜਰਨਲ ਨੂੰ ਇਕ ਯਾਦ ਪੱਤਰ ਭੇਟਾ ਕੀਤਾ ਜਿਸ ਵਿਚ ਇਹ ਦਸਿਆ ਕਿ ਜੇਕਰ ਅੰਗਰੇਜ਼ੀ ਨੂੰ ਸਿਖਿਆ ਦਾ ਇਕੋ ਇਕ ਮਾਧਿਅਮ ਰਖਿਆ ਗਿਆ ਤਾਂ ਉਚੇਰੀ ਵਿਦਿਆ ਦਾ ਸਾਰਾ ਲਾਭ ਕੇਵਲ ਗਿਣਤੀ ਦੇ ਲੋਕਾਂ ਨੂੰ ਪਹੁੰਚੇਗਾ ਅਤੇ ਗਿਆਨ ਪ੍ਰਾਪਤੀ ਲਈ ਦੁਗਣਾ ਸਮਾਂ ਨਸ਼ਟ ਹੋਵੇਗਾ। ਯਾਦ ਪੱਤ੍ਰ ਦੁਆਰਾ ਹਿੰਦ ਸਰਕਾਰ ਨੂੰ ਇਹ ਬੇਨਤੀ ਕੀਤੀ ਗਈ ਕਿ ਉੱਚਤਮ ਵਿਦਿਆ ਦਾ ਅਜਿਹਾ ਪ੍ਰਬੰਧ ਕੀਤਾ ਜਾਵੇ ਜਿਸ ਵਿਚ ਕਿ ਸਿਖਿਆ ਦਾ ਮਾਧਿਅਮ ਦੇਸੀ ਭਾਸ਼ਾਵਾਂ ਹੋਣ।[2] ਜਿਨ੍ਹਾਂ ਵਿਅਕਤੀਆਂ ਨੇ ਇਸ ਯਾਦ ਪੱਤ੍ਰ ਤੇ ਦਸਖਤ ਕੀਤੇ, ਉਨ੍ਹਾਂ ਵਿਚੋਂ ਦੋ ਸਨ, ਸਯਦ ਅਹਿਮਦ ਤੇ ਰਾਜਾ ਜੈ ਕਿਸ਼ਨ ਦਾਸ।

ਪੂਰਬ ਅਤੇ ਪੱਛਮ ਦੇ ਮੇਲ ਨੇ ਇਕ ਉਤੇਜਿਤ ਅਵਸਥਾ ਪੈਦਾ ਕਰ ਦਿਤੀ ਸੀ। ਭਾਰਤੀਆਂ ਦਾ ਪ੍ਰਤਿਕਰਮ ਦੋ ਪਾਸੜ ਸੀ। ਇਕ ਪਾਸੇ ਤਾਂ ਉਹ ਭਵਿਖ ਮੁਖੀ ਬਣਨਾ ਚਾਹੁੰਦੇ ਸਨ। ਪਿੱਛੇ ਕੋਲੋਂ ਨਾਤਾ ਤੋੜ ਕੇ ਅੱਗੇ ਜਾਣਾ ਚਾਹੁੰਦੇ ਸਨ।

---

1. Sushil Kumar De, *Bengali Literature in the Nineteenth Century*, Calcutta, Firma K. L. Mukhopadhyay, 1962, p. 461.

2. J. P. Naik, ed. *Selections from the Educational Records of the Government of India*, National Archives of India, 1963, Vol. II, p. 27.

ਦੂਸਰੇ ਪਾਸੇ ਉਹ ਅਤੀਤ ਮੁਖੀ ਸਨ ਅਤੇ ਬੀਤੇ ਦੇ ਵਿਰਸੇ ਵਿਚੋਂ ਸ੍ਰੇਸ਼ਟਤਮ ਦੀ ਸੰਭਾਲ ਕਰਨਾ ਚਾਹੁੰਦੇ ਸਨ ਅਤੇ ਜੋ ਕੁਝ ਨਿਕੰਮਾ ਤੇ ਨਿਕਾਰਾ ਹੋ ਚੁਕਾ ਸੀ, ਉਸ ਦੀ ਨਵੇਂ ਸਿਰਿਉਂ ਉਸਾਰੀ ਕਰਨਾ ਚਾਹੁੰਦੇ ਸਨ । ਪਰ ਭਾਰਤੀ ਸਭਿਅਤਾ ਦੀ ਸਮਨਵੈਸ਼ੀਲ ਤੇ ਜਿਉਂਦੇ ਰਹਿਣ ਦੀ ਸਦੀਵੀ ਸਮਰਥਾ ਦੁਆਰਾ ਇਕ ਸੰਤੁਲਨ ਕਾਇਮ ਕੀਤਾ ਗਿਆ । ਪਰੰਤੂ ਇਹ ਗੱਲ ਨਿਰਵਿਵਾਦ ਹੈ ਕਿ ਵਿਕਾਸ ਅਤੇ ਉਤਪਾਦਨ ਸ਼ਕਤੀ ਦਾ ਯੁਗ ਸ਼ੁਰੂ ਹੋ ਚੁਕਾ ਸੀ । ਸੁਧਾਰ ਅਤੇ ਪਰੀਵਰਤਨ ਦੀਆਂ ਸ਼ਕਤੀਆਂ ਦੀ ਖੇਡ ਅਰੰਭ ਹੋ ਚੁਕੀ ਸੀ । ਮੁਢ ਕਦੀਮੀ ਰਵੱਈਏ ਦੀ ਥਾਂ ਨਵੇਂ ਕਲਾਤਮਿਕ, ਸਾਹਿਤਕ, ਤੇ ਸਮਾਜਕ ਵਿਚਾਰਾਂ ਦੇ ਪ੍ਰਭਾਵ ਤੇ ਨਵੀਆਂ ਆਰਥਕ ਵਿਕਾਸ ਯੋਜਨਾਵਾਂ ਦੇ ਪ੍ਰਭਾਵ ਹੇਠ ਅਨੇਕ ਧਾਰਮਿਕ, ਸਭਿਆਚਾਰਕ ਤੇ ਮਾਨਵਵਾਦੀ ਲਹਿਰਾਂ ਉਠ ਰਹੀਆਂ ਸਨ । ਜਿਨ੍ਹਾਂ ਵਿਚੋਂ ਸਭ ਤੋਂ ਮੁਢਲੀ ਅਤੇ ਸਭ ਤੋਂ ਸ਼ਕਤੀਸ਼ਾਲੀ ਉਹ ਲਹਿਰ ਸੀ ਜਿਹੜੀ ਕਿ ਰਾਜਾ ਰਾਮ ਮੋਹਨ ਰਾਏ ਦੇ ਕ੍ਰਾਂਤੀਕਾਰੀ ਵਿਚਾਰਾਂ ਦੀ ਉਪਜ ਸੀ । ਇਕ ਹੋਰ ਗਲ ਜਿਸ ਨੇ ਕਿ ਇਤਿਹਾਸਕ ਸੰਦਰਭ ਵਿਚ ਭਾਰਤ ਦੇ ਇਤਿਹਾਸ ਨੂੰ ਬਹੁਤ ਪ੍ਰਭਾਵਤ ਕੀਤਾ ਸਰ ਸਯਦ ਵਲੋਂ ਮੁਸਲਮਾਨਾਂ ਵਿਚ ਵਿਦਿਆ ਪ੍ਰਚਾਰ ਦੀ ਲਹਿਰ ਸੀ ।

ਜਦੋਂ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਤਾਂ ਪੰਜਾਬੀ ਏਸੇ ਰਾਹੋਂ ਲੰਘੇ ਅਤੇ ਉਨ੍ਹਾਂ ਨੇ ਇਹ ਅਨੁਭਵ ਪ੍ਰਾਪਤ ਕੀਤਾ । ਹਾਲੇ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲਾਹੌਰ ਵਿਖੇ ਕਾਇਮ ਸੀ ਉਦੋਂ ਹੀ ੧੮੩੪ ਵਿਖੇ ਅਮਰੀਕਾ ਤੋਂ ਇੱਕ ਪ੍ਰੈਸਬੇਟੇਰੀਅਨ ਪਾਦਰੀ ਜੌਨ ਸੀ, ਲੌਰੀ (John C. Lowrie), ਲੁਧਿਆਣੇ ਮਿਸ਼ਨ ਕਾਇਮ ਕਰਨ ਲਈ ਆਇਆ । ਲੁਧਿਆਣਾ ਉਸ ਸਮੇਂ ਸਿਖ ਰਾਜ ਦੀ ਸਰਹੱਦ ਤੇ ਸਭ ਤੋਂ ਅਗਲੀ ਪਛਮੀ ਚੌਕੀ ਸੀ । ਇਸ ਅਸਥਾਨ ਦੀ ਚੋਣ ਕਰਨ ਲਗਿਆਂ, ਜਿਹੜੀਆਂ ਗੱਲਾਂ ਨੂੰ ਮੁਖ ਰਖਿਆ ਗਿਆ ਉਹ ਸਨ, "ਇਹ ਮੇਹਨਤ ਤੋਂ ਫਲ ਪ੍ਰਾਪਤ ਕਰਨ ਲਈ ਸਾਰਿਆਂ ਤੋਂ ਚੰਗਾ ਪ੍ਰਬੰਧ ਸੀ । ਕਿਉਂਕਿ ਇਥੋਂ ਦੀ ਵਸੋਂ ਸੰਘਣੀ ਸੀ ਅਤੇ ਲੋਕ ਨਰੋਏ ਸਨ, ਲਹਿੰਦੇ ਦੇ ਪ੍ਰਾਂਤਾਂ ਦੇ ਟਾਕਰੇ ਤੇ ਜਲ ਵਾਉ ਸੁਆਸਥ ਦਾਇਕ ਸੀ ਅਤੇ ਸਾਰਾ ਸਿਆਲ ਤੇ ਗਰਮੀਆਂ ਹਿਮਾਲਾ ਦੀਆਂ ਨਵੀਆਂ ਪਹਾੜੀਆਂ 'ਚ ਕਈ ਥਾਂ ਜਾ ਕੇ ਰਿਹਾ ਜਾ ਸਕਦਾ ਸੀ ।

ਇਕ ਹੋਰ ਕਾਰਨ ਇਹ ਸੀ ਕਿ ਏਥੇ ਸਿਖ ਜਨਤਾ ਦੀ ਵਸੋਂ ਸੀ ਜਿਨ੍ਹਾਂ ਵਲ ਕਿ ਸਾਡੀ (ਮਸੀਹੀ) ਦ੍ਰਿਸ਼ਟੀ ਪਹਿਲੇ ਪਹਿਲ ਪਈ ਸੀ ।[1]

ਨਾਲ ਨਾਲ ਧਾਰਮਿਕ ਪ੍ਰਚਾਰ ਤੋਂ ਛੁਟ, ਮਿਸ਼ਨ ਵਲੋਂ ਇਕ ਅੰਗਰੇਜ਼ੀ ਸਕੂਲ ਤੇ ਛਾਪਖਾਨੇ ਦੀ ਸਥਾਪਨਾ ਕੀਤਾ ਗਿਆ । ਇਸ ਸਕੂਲ ਵਿਚ ਹਿੰਦੂ, ਮੁਸਲਮਾਨ, ਸਿਖ ਤੇ ਈਸਾਈ ਵਿਦਿਆਰਥੀ ਸਨ ਜਿਨ੍ਹਾਂ ਨੂੰ ਅੰਗਰੇਜ਼ੀ ਰੀਡਰਾਂ ਤੋਂ ਛੁਟ ਭੂਗੋਲ, ਵਿਸ਼ਵ ਇਤਿਹਾਸ,

1. John C. Lowrie, *Travels in North India*, Philadelphia, Presbyterian Board of Publication, 1842, p. 41.

**ਪ੍ਰਾਕ੍ਰਿਤਕ ਦਰਸ਼ਨ,** ਰਸਾਇਣ ਵਿਦਿਆ ਅਤੇ ਅਰਥ ਸ਼ਾਸਤ੍ਰ ਦੀ ਪੜ੍ਹਾਈ ਕਰਾਈ ਜਾਂਦੀ ਸੀ। ਪਾਠ ਕਰਮ ਅਤੇ ਬਣਤਰ ਦੀ ਦ੍ਰਿਸ਼ਟੀ ਤੋਂ ਇਹ ਸਕੂਲ ਦੇਸ਼ ਦੇ ਇਸ ਭਾਗ ਵਿਚ ਇਕ ਨਵੀਂ ਗੱਲ ਸੀ। ਮਹਾਰਾਜਾ ਰਣਜੀਤ ਸਿੰਘ ਚਾਹੁੰਦਾ ਸੀ ਕਿ ਉਸ ਦੇ ਆਪਣੇ ਬਚਿਆਂ ਅਤੇ ਦੂਸਰੇ ਹੋਣਹਾਰ ਨੌਜਵਾਨਾਂ ਲਈ ਅਜਿਹਾ ਸਕੂਲ ਚਾਲੂ ਕੀਤਾ ਜਾਏ। ਉਸ ਨੇ ਲੋਰੀ ਨੂੰ ਇਸ ਉਦੇਸ਼ ਪੂਰਤੀ ਲਈ ਲਾਹੌਰ ਬੁਲਾਇਆ। ਹੋ ਸਕਦਾ ਹੈ ਕਿ ਇਹ ਸਕੂਲ ਚਾਲੂ ਹੋ ਜਾਂਦਾ ਪਰ ਮਹਾਰਾਜਾ ਨੂੰ ਇਹ ਗੱਲ ਪ੍ਰਵਾਨ ਨਹੀਂ ਸੀ ਕਿ ਮਿਸ਼ਨਰੀ ਆਪਣੇ ਅਸੂਲਾਂ ਅਨੁਸਾਰ ਬਾਇਬਲ ਦੀ ਪੜ੍ਹਾਈ ਵੀ ਕਰਾਉਣ।[1] ਮਿਸ਼ਨ ਵਲੋਂ ਦੇਸੀ ਬੋਲੀਆਂ ਦੇ ਜਿਹੜੇ ਸਕੂਲ ਖੋਲ੍ਹੇ ਗਏ, ਉਨ੍ਹਾਂ ਵਿਚ ਮੁਖ ਵਿਸ਼ਯ ਸਨ—ਉਰਦੂ ਫ਼ਾਰਸੀ ਤੇ ਪੰਜਾਬੀ। ਲੁਧਿਆਣਾ ਮਿਸ਼ਨ ਵਲੋਂ ਚਾਲੂ ਕੀਤਾ ਛਾਪਾਖਾਨਾ, ਪੰਜਾਬੀ ਪ੍ਰਕਾਸ਼ਨ ਦਾ ਮੋਢੀ ਸੀ। ਇਸ ਦੁਆਰਾ ਬਾਇਬਲ ਦੇ ਕੁਝ ਭਾਗਾਂ ਅਤੇ The Pilgrim's Progress ਦਾ ਅਨੁਵਾਦ ਕੀਤਾ ਗਿਆ। ਇਹ ਪੰਜਾਬੀ ਵਾਰਤਕ ਦਾ ਮੁਢਲਾ ਰੂਪ ਸੀ। ਤਕਨੀਕੀ ਦ੍ਰਿਸ਼ਟੀ ਤੋਂ ਮਹੱਤਤਾ ਪੂਰਨ, ਪੰਜਾਬੀ ਭਾਸ਼ਾ ਵਿਚ ਮੁਢਲੀਆਂ ਪੁਸਤਕਾਂ, ਪੰਜਾਬੀ ਵਿਅਕਰਣ, ਪੰਜਾਬੀ ਡਿਕਸ਼ਨਰੀ (ਸ਼ਬਦ ਕੋਸ਼) ਅਤੇ ਦੇਸ਼ ਦਾ ਵਿਆਖਿਆਤਮਕ ਭੂਗੋਲ ਵੀ ਪ੍ਰਕਾਸ਼ਤ ਕੀਤੀਆਂ ਗਈਆਂ। ਸਤਿਲੁਜ ਤੋਂ ਪਾਰ ਸਿਖ ਰਾਜ ਵਿਚ ਛਾਪੇਖਾਨੇ ਬਾਰੇ ਕੋਈ ਨਹੀਂ ਸੀ ਜਾਣਦਾ।

੧੮੪੯ ਵਿਚ ਸਿਖ ਰਾਜ ਦੇ ਅੰਤ ਉਪਰੰਤ ਮਿਸ਼ਨ ਨੇ ਆਪਣਾ ਕੰਮ ਲਾਹੌਰ ਵਿਚ ਵੀ ਚਾਲੂ ਕਰ ਦਿਤਾ। ਮਿਸ਼ਨ ਦੇ ਦੋ ਮੈਂਬਰ C. W. Forman (ਸੀ. ਡਬਲੀਊ ਫੋਰਮੈਨ) ਅਤੇ John Newton (ਜੋਨ ਨੀਊਟਨ) ਦੀ ਇਸ ਮੰਤਵ ਲਈ ਨਿਯੁਕਤੀ ਕੀਤੀ ਗਈ। ਇਸ ਪਿਛੋਂ ਅੰਗਰੇਜ਼ੀ ਅਤੇ ਦੇਸੀ ਭਾਸ਼ਾਵਾਂ ਅਪਨਾਉਣ ਵਾਲੇ ਸਕੂਲਾਂ ਅਤੇ ਲੋਕ ਭਲਾਈ ਦੀਆਂ ਸੰਸਥਾਵਾਂ, ਜਿਹਾ ਕਿ ਹਸਪਤਾਲ ਤੇ ਯਤੀਮਖਾਨੇ ਵੀ ਚਾਲੂ ਕੀਤੇ ਗਏ। ਸੀ. ਡਬਲੀਊ ਫੋਰਮੈਨ ਬਾਜ਼ਾਰਾਂ ਵਿਚ ਉਪਦੇਸ਼ ਤੇ ਵਿਆਖਿਆ ਦੇਂਦਾ ਹੁੰਦਾ ਸੀ। ਕਿਸੇ ਮੁਸਲਮਾਨ ਆਗੂ ਨੇ ਉਸਨੂੰ ਵਾਦ ਵਿਵਾਦ ਦਾ ਸੱਦਾ ਦਿਤਾ ਜਿਹੜਾ ਕਿ ਉਸ ਨੇ ਕਬੂਲ ਕਰ ਲਿਆ। ਵਾਦ ਵਿਵਾਦ ਲਈ ਛੇ ਵਿਸ਼ਯ ਚੁਣੇ ਗਏ ਤੇ ਦੋਂਹਾਂ ਧਿਰਾਂ ਦੇ ਹਮਾਇਤੀ ਵੀ ਇਕੱਠੇ ਹੋ ਗਏ। ਇਹ ਘਟਨਾ ਜਿਹੜੀ ਕਿ ੧੮੬੨ ਵਿਚ ਵਾਪਰੀ, ਉਸ ਘਟਨਾਵਲੀ ਦੀ ਅਗਾਊਂ ਸੂਚਨਾ ਸੀ, ਜਿਸ ਦੁਆਰਾ ਕਿ ਅੱਡ ਅੱਡ ਧਰਮਾਂ ਦੇ ਅਨੁਆਈਆਂ ਦਾ ਆਪਸੀ ਵਾਦ-ਵਿਵਾਦ ਸ਼ੁਰੂ ਹੋਇਆ ਅਤੇ ਜਿਹੜਾ ਭਾਈ ਵੀਰ ਸਿੰਘ ਦੀ ਸਕੂਲੀ ਪੜ੍ਹਾਈ ਦੇ ਦਿਨਾਂ ਵਿਚ ਪੰਜਾਬ ਵਿਚ ਭਖ ਉਠਿਆ।

ਸਿੱਖਾਂ ਦੀ ਰਾਜਧਾਨੀ ਅੰਮ੍ਰਿਤਸਰ ਵਿਖੇ ਵੀ ਚਰਚ ਵਾਲਿਆਂ ਆਪਣਾ

---

1. *Historical Sketches of the Indian Missions*, Allahabad, 1886, p. 27.

ਕੰਮ ਛੋੜ ਦਿਤਾ। ੧੮੫੨ ਵਿਚ ਟੀ. ਐਚ. ਫਿਟਜ਼ਪੈਟਰਿਕ (T. H. Fitzpatrick) ਅਤੇ ਰੋਬਰਟ ਕਲਾਰਕ (Robert Clark) ਜਿਹੜੇ ਕਿ ਚਰਚ ਔਫ ਇੰਗਲੈਂਡ ਵਲੋਂ ਪੰਜਾਬ ਲਈ ਨਿਯੁਕਤ ਪਹਿਲੇ ਮਿਸ਼ਨਰੀ ਸਨ, ਅੰਮ੍ਰਿਤਸਰ ਪੁਜੇ। ਜਿਹੜੀਆਂ ਵਿਦਾਇਗੀ ਹਦਾਇਤਾਂ ਉਸ ਨੂੰ ਦਿਤੀਆਂ ਗਈਆਂ ਉਨ੍ਹਾਂ ਵਿਚ ਇਹ ਹਦਾਇਤਾਂ ਸਨ, ਭਾਵੇਂ ਇਸ ਸਮੇਂ ਪੰਜਾਬ ਦੀ ਬਹੁਤੀ ਵਸੋਂ ਬ੍ਰਾਹਮਣਾਂ ਦੇ ਧਾਰਮਿਕ ਪ੍ਰਭਾਵ ਅਧੀਨ ਹੈ, ਅਤੇ ਵਸੋਂ ਦਾ ਇਕ ਦੂਸਰਾ ਭਾਗ ਇਸਲਾਮ ਨੂੰ ਮੰਨਦਾ ਹੈ ; ਪਰੰਤੂ ਪਿਛਲੀ ਇਕ ਸ਼ਤਾਬਦੀ ਤੋਂ ਸਿੱਖ ਮੱਤ, ਜਿਹੜਾ ਕਿ ਨਿਰੋਲ ਈਸ਼ਵਰਵਾਦੀ ਹੈ ਅਤੇ ਮੁੱਢਲੇ ਰੂਪ ਵਿਚ ਹਿੰਦੂ ਮਤਿ ਤੋਂ ਨਿਖੜਿਆ ਮੱਤ ਹੈ—ਹੀ ਇਸ ਇਲਾਕੇ ਦਾ ਪ੍ਰਭਾਵਸ਼ਾਲੀ ਧਰਮ ਤੇ ਤਾਕਤ ਹੈ। ਇਸ ਗੱਲ ਦੀ ਆਸ਼ਾਜਨਕ ਉਦਾਹਰਣ ਇਹ ਹੈ ਕਿ ਸਿੱਖ ਮੁਸਲਮਾਨਾਂ ਅਤੇ ਹਿੰਦੂਆਂ ਕੋਲੋਂ ਵਧੇਰੇ ਬਾਇਬਲ ਵਿਚਲੇ ਸੱਚ ਨੂੰ ਕਬੂਲ ਕਰ ਸਕਦੇ ਹਨ।[1]

ਸਿੱਖਾਂ ਵਿਚੋਂ ਇਸਾਈ ਧਰਮ ਨੂੰ ਕਬੂਲ ਕਰਨ ਵਾਲਾ ਪਹਿਲਾ ਵਿਅਕਤੀ ਦਾਉਦ ਸਿੰਘ ਮਿਸ਼ਨਰੀਆਂ ਦੀ ਸਹਾਇਤਾ ਕਰਨ ਲਗਾ। ਉਸਨੂੰ ਕਾਨਪੁਰ ਵਿਖੇ ਰੇਵਰੇਂਡ ਡਬਲੀਉ ਐਚ. ਪਰਕਿਨਜ਼ (Rev. W. H. Perkins) ਨੇ ਬਪਤਿਸਮਾ ਦਿਤਾ ਸੀ ਅਤੇ ਉਸਨੂੰ ੧੮੫੨ ਵਿਚ ਅੰਮ੍ਰਿਤਸਰ ਵਿਖੇ ਪਾਦਰੀ ਬਣਾ ਕੇ ਭੇਜਿਆ ਗਿਆ। ਡਿਪਟੀ ਕਮਿਸ਼ਨਰ ਵਲੋਂ ਸ਼ਹਿਰ ਵਿਚ ਦੋ ਮਿਸ਼ਨ ਘਰ ਬਣਾਏ ਗਏ ਅਤੇ ਜ਼ਿਲਾ ਚਰਚ ਦੀ ਇਮਾਰਤ ਦਾ ਕੰਮ ਤੋਰਿਆ ਗਿਆ। ਮਿਸ਼ਨ ਦੀ ਸਥਾਪਨਾ ਪਿਛੋਂ ਇਕ ਵਰਨੈਕੂਲਰ ਸਕੂਲ (ਪ੍ਰਦੇਸ਼ਕ ਭਾਸ਼ਾ ਦੁਆਰਾ ਪੜ੍ਹਾਈ ਵਾਲਾ ਸਕੂਲ), ਇਕ ਹਾਈ ਸਕੂਲ, ਇਕ ਇਸਤ੍ਰੀ ਵਿਦਿਆਲਯ ਅਤੇ ਇਕ ਦਾਈਖਾਨਾ ਖੋਲ੍ਹਿਆ ਗਿਆ। ਬਾਇਬਲ ਦੇ ਪਰਚਾਰ ਦਾ ਸਦਕਾ ਸੁਲਤਾਨਵਿੰਡ ਨਿਵਾਸੀ ਕੇਸਰ ਸਿੰਘ ਨੇ ਈਸਾਈ ਧਰਮ ਪਰਵਾਨ ਕੀਤਾ ਅਤੇ ਉਸਦਾ ਨਾਂ ਸ਼ਮਊਨ (Shamaun) ਜਾਂ ਸਿਮੀਓਨ (Simeon) ਰਖਿਆ ਗਿਆ। ਇਹ ਈਸਾਈ ਮਤਿ ਗ੍ਰਹਿਣ ਕਰਨ ਤੋਂ ਪਹਿਲਾ ਗ੍ਰੰਥੀ ਦਾ ਕੰਮ ਕਰਦਾ ਸੀ। ਏਸੇ ਤਰ੍ਹਾਂ ਇਕ ਮੁਸਲਮਾਨ ਮੌਲਵੀ ਇਮਾਦਾਦਉਦੀਨ ਅਤੇ ਅੰਮਿਤਸਰ ਦੇ ਖਤਰੀਆਂ 'ਚੋਂ ਰੁਲੀਆ ਰਾਮ, ਜਿਸਨੇ ਮਿਸ਼ਨ ਸਕੂਲ ਵਿਖੇ ਵਿਦਿਆ ਪ੍ਰਾਪਤ ਕੀਤੀ ਸੀ ਤੇ ਕਲਕੱਤੇ ਦਾ ਮੈਟ੍ਰਿਕ ਇਮਤਿਹਾਨ ਪਾਸ ਕੀਤਾ ਸੀ, ਦੋਹਾਂ ਨੇ ਇਸਾਈ ਮਤਿ ਧਾਰਨ ਕਰ ਲਿਆ। ਸਿੱਖ ਵਸੋਂ ਵਾਲੇ ਮਾਝੇ ਦੇ ਦੂਜੇ ਅਸਥਾਨਾਂ ਤਰਨ ਤਾਰਨ, ਅਜਨਾਲਾ, ਜੰਡਿਆਲਾ ਵਿਖੇ ਵੀ ਮਿਸ਼ਨ ਵਲੋਂ ਆਪਣੇ ਛੋਟੇ ਦਫਤਰ ਖੋਲੇ ਗਏ।

---

1. Robert Clark, *The Missions in the Punjab and Sindh*, revised edition, London, Church Missionary Society, 1904, p. 3.

ਯੂਨਾਈਟਡ ਪ੍ਰੇਸਬਾਈਟੇਰੀਅਨ ਮਿਸ਼ਨ ਨੇ ੧੮੫੫ ਵਿਚ ਸਿਆਲਕੋਟ ਵਿਖੇ ਕੰਮ ਸ਼ੁਰੂ ਕੀਤਾ ਅਤੇ ਇਸ ਮਿਸ਼ਨ ਨੂੰ ਚੋਖੀ ਸਫਲਤਾ ਪ੍ਰਾਪਤ ਹੋਈ।

ਮੁਰਾਲੀ ਪਿੰਡ ਦੇ ਇਕ ਦਿੱਤ ਨਾਂ ਦੇ "ਕਾਲ ਕਲੂਟੇ ਛੋਟੇ ਕੱਦ" ਵਾਲੇ ਚੂਹੜੇ ਨੇ ਜਦੋਂ ਇਸਾਈ ਧਰਮ ਗ੍ਰਹਿਣ ਕੀਤਾ ਤਾਂ ਵਿਆਪਕ ਰੂਪ ਵਿਚ ਲੋਕ ਈਸਾਈ ਬਣਨ ਲਈ ਰਜ਼ਾ ਮੰਦ ਹੋ ਗਏ। ਦਿੱਤ ਦੇ ਇਸਾਈ ਬਣਨ ਦੇ ਗਿਆਰ੍ਹਾਂ ਵਰ੍ਹੇ ਪਿਛੋਂ ਕੋਈ ਪੰਜ ਸੌ ਚੂਹੜੇ ਬਿਪਤਿਸਮਾ ਲੈ ਕੇ ਈਸਾਈ ਬਣੇ। ਇਹ ਘਟਨਾ ਸਿਆਲਕੋਟ ਵਿਖੇ ਵਾਪਰੀ। ੧੯੦੦ ਤਕ ਇਸ ਨੀਵੀਂ ਜਾਤ ਦੀ ਅੱਧੀ ਵਸੋਂ ਇਸਾਈ ਬਣ ਗਈ। ੧੯੧੫ ਤਕ ਇਸ ਜਾਤ ਦੀ ਕੁੱਲ ਵਸੋਂ ਇਕਾ ਦੁਕਾ ਵਿਅਕਤੀਆਂ ਨੂੰ ਛਡ ਕੇ ਇਸਾਈ ਹੋ ਗਈ।[1] ਦੂਸਰੀਆਂ ਸਭਾਵਾਂ ਜਿਹਾ ਕਿ ਕੈਮਬ੍ਰਿਜ ਮਿਸ਼ਨ, ਬੇਪਟਿਸਟ ਮਿਸ਼ਨ ਅਤੇ ਚਰਚ ਔਫ਼ ਸਕਾਟਲੈਂਡ ਵਾਲੇ ਇਸ ਪਾਸੇ ਜੁਟ ਗਏ ਅਤੇ ਜਲਦੀ ਹੀ ਸਾਰੇ ਦੇਸ਼ ਅਤੇ ਸਰਹਦੀ ਇਲਾਕੇ ਵਿਚ ਉਨ੍ਹਾਂ ਆਪਣੇ ਕੰਮ ਨੂੰ ਖਲਾਰ ਦਿਤਾ। ਪੰਜਾਬੀ ਜੀਵਨ ਵਿਚ ਅਜਿਹਾ ਤੱਤ ਸ਼ਾਮਲ ਹੋ ਗਿਆ ਜਿਸ ਕਾਰਨ ਕਿ ਸ਼ਕਤੀਸ਼ਾਲੀ ਪ੍ਰਤਿਕਰਮ ਹੋਂਦ ਵਿਚ ਆਇਆ।

ਪ੍ਰਬੰਧਕੀ ਦ੍ਰਿਸ਼ਟੀ ਤੋਂ ਅੰਗਰੇਜ਼ਾਂ ਨੇ ਇਕ ਅਫਿਰਕੂ ਅਤੇ ਸਮਾਜਕ ਸਮਾਨਤਾ ਵਾਲਾ ਪ੍ਰਬੰਧ ਕਾਇਮ ਕੀਤਾ। ਦੰਡ ਅਤੇ ਸਾਧਾਰਨ ਸ਼ਹਿਰੀ ਵਿਧੀ ਦੀਆਂ ਅਜਿਹੀਆਂ ਨੇਮਾਵਲੀਆਂ ਬਣਾਈਆਂ ਗਈਆਂ, ਜਿਨ੍ਹਾਂ ਦਾ ਅਧਾਰ ਸਨ—ਵਿਅਕਤੀਗਤ ਵਿਕਾਸ ਅਤੇ ਪ੍ਰਾਕ੍ਰਿਤਕ ਕਾਨੂੰਨ, ਇਸ ਤਰ੍ਹਾਂ ਆਧੁਨਿਕ ਕਾਨੂੰਨੀ ਸਮਾਜਿਕ ਅਤੇ ਵਿਦਿਅਕ ਸੰਸਥਾਵਾਂ ਦੀ ਨੀਂਹ ਰੱਖੀ ਗਈ। ਪਰਸਾਰਨ ਦੇ ਸਾਧਨਾਂ 'ਚ ਸੁਧਾਰ ਹੋਇਆ, ਭੂਮੀ ਦਾ ਸਰਵੇਖਣ ਕੀਤਾ ਗਿਆ ਅਤੇ ਆਬੀਆਨਾ ਦੀਆਂ ਦਰਾਂ ਨੂੰ ਸੁਲਭ ਬਣਾਇਆ ਗਿਆ। ਇਸ ਨਵੀਂ ਸਮਾਜਕ ਬਣਤਰ ਦੇ ਕਾਰਨ ਜਾਗੀਰਦਾਰੀ ਪ੍ਰਬੰਧ ਨੂੰ ਢਾਹ ਲੱਗੀ। ਵਿਉਪਾਰ ਵਿਚ ਵਾਧੇ ਦੇ ਜਿਹੜੇ ਨਵੇਂ ਅਵਸਰ ਮਿਲੇ ਅਤੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਦੇ ਜਿਹੜੇ ਨਵੇਂ ਦਰ ਖੁਲ੍ਹੇ, ਉਸ ਦਾ ਸਦਕਾ ਮਧ-ਵਰਗ ਦਬਾਦਬ ਵਧ ਗਿਆ ਤੇ ਅਰੰਭਕ ਦਮਨਕਾਲ ਤੋਂ ਉਪਰੰਤ ਸਿਖਾਂ ਨਾਲ ਉਦਾਰਤਾ ਦਾ ਸਲੂਕ ਕੀਤਾ ਗਿਆ। ਸਿਖਾਂ ਨੇ ਅੰਗਰੇਜ਼ਾਂ ਦਾ ਡਟ ਕੇ ਮੁਕਾਬਲਾ ਕਰਨ ਪਿਛੋਂ ਹਥਿਆਰ ਸੁਟੇ ਸਨ। ਇਸ ਨਾਲ ਸਿਖਾਂ ਦੇ ਦਿਲ ਅੰਗਰੇਜ਼ਾਂ ਨੇ ਜਿਤ ਲਏ ਅਤੇ ਉਹ ਮੁਢਲੀ ਝਿਜਕ ਨੂੰ ਤਿਆਗ ਕੇ ਅੰਗਰੇਜਾਂ ਵਲੋਂ ਖੜ੍ਹੀਆਂ ਕੀਤੀਆਂ ਗਈਆਂ ਫੌਜੀ ਪਲਟਨਾਂ ਵਿਚ ਸ਼ਾਮਲ ਹੋ ਗਏ। ਆਪਣੇ ਅਸਲੀ ਧੰਦੇ ਖੇਤੀ ਬਾੜੀ ਵਲ ਵੀ ਉਨ੍ਹਾਂ ਨੇ ਦੂਗਣੇ ਉਤਸ਼ਾਹ ਨਾਲ ਧਿਆਨ ਦਿਤਾ। ਇਸ ਸਮੇਂ ਸਭਿਆਚਾਰਕ ਅਤੇ ਬੌਧਿਕ ਪਰੰਮਪਰਾਗਤ ਵਿਰਸੇ ਦੇ ਵਿਕਾਸ ਲਈ ਸ਼ਾਂਤੀ ਤੇ ਚੜ੍ਹਦੀ ਕਲਾ ਦਾ ਅਰੰਭ

---

1. J. Waskom Pickett, *The Mass Movement*, The Abingdon Press Cincinnati, p. 45.

ਦਿਸਹਦੇ ਤੋਂ ਉਭਰਵਾਂ ਲਗਦਾ ਸੀ।

ਲੋਕ ਸ਼ਿਖਸ਼ਾ ਵਿਭਾਗ ਦੇ ਚਾਲੂ ਹੋਣ ਨਾਲ ਸਾਧਾਰਨ ਲੋਕ ਸ਼ਿਖਸ਼ਾ ਪ੍ਰਾਪਤ ਕਰਨ ਲੱਗੇ। ੧੮੫੪ ਦੇ ਵਿਦਿਅਕ ਆਦੇਸ਼ ਅਨੁਸਾਰ ਰਾਜ ਸਰਕਾਰਾਂ ਨੂੰ ਆਖਿਆ ਗਿਆ ਕਿ ਉਹ ਰਾਜ ਪੱਧਰ ਤੇ ਸ਼ਿਖਸ਼ਾ ਵਿਭਾਗ ਕਾਇਮ ਕਰਨ। ਏਸੇ ਅਨੁਸਾਰ ਲਾਹੌਰ ਵਿਖੇ ਪੰਜਾਬ ਸ਼ਿਖਸ਼ਾ ਵਿਭਾਗ ਕਾਇਮ ਕੀਤਾ ਗਿਆ। ਵਿਭਾਗ ਨੇ ਮੁਢਲੀ ਯੋਜਨਾ ਇਹ ਬਣਾਈ ਕਿ ਹਰ ਜ਼ਿਲ੍ਹੇ ਵਿਚ ੩੦ ਪ੍ਰਾਇਮਰੀ ਸਕੂਲ ਚਲਾਏ ਜਾਣ ਤੇ ਹਰ ਸਕੂਲ ਵਿਚ ਇਕ ਅਧਿਆਪਕ ਰਖਿਆ ਜਾਵੇ ਅਤੇ ਇਕ ਸਕੂਲ ਉਤੇ ੧੫ ਰੁਪਏ ਮਹੀਨਾ ਖਰਚ ਕੀਤਾ ਜਾਵੇ। ਇਸ ਯੋਜਨਾ ਨੂੰ ਵਧੇਰੇ ਵਿਆਪਕ ਬਣਾਨ ਲਈ ੫ ਰੁਪਏ ਦੀ ਗਰਾਂਟ ਦੇ ਕੇ ਸਹਾਇਕ ਸਕੂਲ ਖੋਲ੍ਹੇ ਜਾਣ ਦੀ ਮਨਜ਼ੂਰੀ ਦਿਤੀ ਗਈ। ਇਸ ਤਰ੍ਹਾਂ ਵਿਭਾਗ ਹਰ ਜ਼ਿਲ੍ਹੇ ਵਿਚ ਮੁਢਲੀ ਯੋਜਨਾ ਅਨੁਸਾਰ ੩੦ ਸਕੂਲ ਚਾਲੂ ਕਰਨ ਦੀ ਥਾਂ ੬੦ ਸਕੂਲ ਚਾਲੂ ਕਰ ਸਕਿਆ। ਇਸ ਤਰ੍ਹਾਂ ਪਰੰਪਰਾਗਤ ਮੁਢਲੇ ਅਵਿਕਸਤ ਪਿਛਾਂ ਖਿਚੂ ਵਿਦਿਅਕ ਪ੍ਰਬੰਧ ਦਾ ਵਿਗਠਨ ਸ਼ੁਰੂ ਹੋ ਗਿਆ। ਜਿਸ ਅਨੁਸਾਰ ਕਿ ਹਿੰਦੂ ਸਿਖਸ਼ਾਰਥੀ ਮਹਾਜਨੀ ਸਕੂਲ ਵਿਚ ਵਹੀ-ਖਾਤਾ ਸਿਖਦੇ ਸਨ ਅਤੇ ਸਿੱਖ ਸਿਖਸ਼ਾਰਥੀ ਗੁਰਦੁਆਰੇ ਵਿਖੇ ਗੁਰਮੁਖੀ ਵਿਚ ਪੜ੍ਹਦੇ ਸਨ। ਕੁਝ ਸਾਲਾਂ ਵਿਚ ਹੀ ਵਿਭਾਗ ਦੀ ਸਰਪ੍ਰਸਤੀ ਹੇਠ ਪ੍ਰਦੇਸ਼ਕ ਭਾਸ਼ਾਵਾਂ ਦੁਆਰਾ ਵਿਦਿਆ ਦੇਣ ਵਾਲੇ ਪ੍ਰਾਇਮਰੀ ਅਤੇ ਮਿਡਲ ਸਕੂਲ ਚਾਲੂ ਹੋ ਗਏ। ਇਹ ਸਕੂਲ ਧਾਰਮਕ ਦ੍ਰਿਸ਼ਟੀ ਤੋਂ ਨਿਰਪਖ ਸਨ ਅਤੇ ਇਹ ਗੱਲ ਹੀ ਇਨ੍ਹਾਂ ਸਕੂਲਾਂ ਨੂੰ ਮਿਸ਼ਨ ਸਕੂਲਾਂ ਤੋਂ ਨਖੇੜਦੀ ਸੀ। ਇਹ ਸਰਕਾਰੀ ਸਕੂਲ ਅਜਿਹੇ ਨੌਜਵਾਨ ਉਪਜਾ ਰਹੇ ਸਨ, ਜਿਹੜੇ ਅੰਗਰੇਜ਼ੀ ਭਾਸ਼ਾ ਤੇ ਸਾਹਿਤ ਦੀ ਜਾਣ-ਪਹਿਚਾਨ ਰਖਦੇ ਸਨ ਅਤੇ ਉਨ੍ਹਾਂ ਦੇ ਮਨ ਪ੍ਰਚਲਿਤ ਗਿਆਨ ਅਤੇ ਚਿੰਤਨ ਨੂੰ ਕਬੂਲ ਕਰਨ ਲਈ ਤਿਆਰ ਸਨ।

ਇਨ੍ਹਾਂ ਵਿਚੋਂ ਬਹੁਤ ਸਾਰੇ ਇਸ ਗੱਲ ਦੇ ਚਾਹਵਾਨ ਸਨ ਕਿ ਉਹ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਅਤੇ ਕੁਝ ਨੌਜਵਾਨ ਭਾਵੇਂ ਗਿਣਤੀ ਵਿਚ ਇਹ ਬਹੁਤ ਘਟ ਸਨ, ਆਪਣੇ ਸਮਾਜ ਦਾ ਨਵੇਂ ਵਿਚਾਰਾਂ ਦੀ ਰੌਸ਼ਨੀ ਵਿਚ ਪੁਨਰ ਮੁੱਲ ਅੰਕਣ ਕਰਨ ਨੂੰ ਤਿਆਰ ਸਨ ਅਤੇ ਇਸ ਗੱਲ ਬਾਰੇ ਮਨ ਬਣਾ ਰਹੇ ਸਨ ਕਿ ਆਪਣੇ ਸਮਾਜ ਦੇ ਸੁਧਾਰ ਦਾ ਕੰਮ ਆਰੰਭ ਕਰਨ।

ਜਿਹੜੀ ਸਭਿਆਚਾਰਕ ਚੇਤਨਾ ਉਪਜੀ ਸੀ ਉਸ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਪ੍ਰਦੇਸ਼ਕ ਭਾਰਤੀ ਭਾਸ਼ਾਵਾਂ ਵਿਚ ਵਧੇਰੇ ਦਿਲਚਸਪੀ ਲੀਤੀ ਜਾਣ ਲੱਗੀ। ਇਸ ਸੰਬੰਧ ਵਿਚ ਇਕ ਚੰਗਾ ਆਰੰਭ ਇਹ ਹੋਇਆ ਕਿ ੨੧ ਜਨਵਰੀ ੧੮੬੫ ਨੂੰ ਅੰਨਜਮਨਿ'ਪੰਜਾਬ ਦੀ ਸਥਾਪਨਾ ਕੀਤੀ ਗਈ। ਇਸ ਦੀ ਸਥਾਪਨਾ ਪ੍ਰਸਿਧ ਭਾਸ਼ਾ ਵਿਗਿਆਨੀ ਡਾ: ਗੌਟਲੀਬ ਵਿਲ੍ਹੇਮ ਲਾਇਟਨਰ (Dr. Gottlieb Wilhelm Leitner) ਨੇ ਰਖੀ। ਇਹ ਹੀ ਸਜਨ ਬਾਅਦ ਵਿਚ ਗੌਰਮਿੰਟ ਕਾਲਜ ਲਾਹੌਰ ਦੇ

ਪ੍ਰਥਮ ਪ੍ਰਿੰਸੀਪਲ ਅਤੇ ਪੰਜਾਬ ਯੂਨੀਵਰਸਿਟੀ ਦੇ ਪ੍ਰਥਮ ਰਜਿਸਟਰਾਰ ਨਿਯੁਕਤ ਕੀਤੇ ਗਏ। ਇਸ ਸੰਸਥਾ ਦਾ ਉਦੇਸ਼ ਇਹ ਸੀ ਕਿ ਦੇਸੀ ਬੋਲੀਆਂ ਦੇ ਸਾਹਿਤ ਨੂੰ ਵਿਕਸਿਤ ਕੀਤਾ ਜਾਏ ਅਤੇ ਇਸ ਦੇ ਮਾਧਿਅਮ ਦੁਆਰਾ ਗਿਆਨ 'ਚ ਵਾਧਾ ਕੀਤਾ ਜਾਏ। ਇਸ ਨੇ ਸਾਹਿਤਕ, ਵਿਗਿਆਨਕ ਅਤੇ ਸਮਾਜਕ ਵਿਸ਼ੇ ਬਾਰੇ ਸਭਾ ਦੇ ਵੱਡੇ ਜਲਸੇ ਕੀਤੇ ਅਤੇ ਸਰਕਾਰ ਨੂੰ ਇਨ੍ਹਾਂ ਦੇ ਸੰਬੰਧ ਵਿਚ ਯਾਦ ਪੱਤਰ ਭੇਜੇ। ਇਸ ਨੇ ਇਕ ਪਬਲਿਕ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਅਤੇ ਉਰਦੂ, ਪੰਜਾਬੀ ਤੇ ਹਿੰਦੀ ਵਿਚ ਅਨੇਕ ਨਿਬੰਧਾਵਲੀਆਂ ਅਤੇ ਅਨੁਦਿਤ ਰਚਨਾਵਾਂ ਪ੍ਰਕਾਸ਼ਤ ਕੀਤੀਆਂ। ਅੰਜਮਨ ਵਲੋਂ ਪੂਰਬੀ ਸਾਹਿਤ ਦੇ ਅਧਿਐਨ ਲਈ ਇਕ ਸਕੂਲ ਚਾਲੂ ਕੀਤਾ ਗਿਆ ਅਤੇ ਇਸ ਦੇ ਜਤਨਾਂ ਸਦਕਾ ਪੰਜਾਬ ਯੂਨੀਵਰਸਿਟੀ ਹੋਂਦ ਵਿਚ ਆਈ। ਇਸ ਯੂਨੀਵਰਸਿਟੀ ਦਾ ਉਦੇਸ਼ ਇਹ ਸੀ ਕਿ ਪੰਜਾਬ ਦੀਆਂ ਦੇਸੀ ਬੋਲੀਆਂ ਦੁਆਰਾ ਯੂਰਪੀ ਵਿਗਿਆਨ ਨੂੰ ਪ੍ਰਚਾਰਨਾ, ਦੇਸੀ ਬੋਲੀਆਂ ਦੇ ਸਾਹਿਤ ਨੂੰ ਉਤਸ਼ਾਹ ਦੇਣਾ ਅਤੇ ਇਸ ਦਾ ਠੁੱਕ ਬੰਨ੍ਹਣਾ ਅਤੇ ਜਨ ਸਾਧਾਰਨ ਲਈ ਵਿਦਿਆ ਫੈਲਾਉਣ ਵਾਸਤੇ ਅਤੇ ਇਸ ਦੀ ਨਿਗਰਾਨੀ ਲਈ ਪ੍ਰਦੇਸ ਦੇ ਚਿੰਤਕਾਂ ਅਤੇ ਰਸੂਖ ਵਾਲੀਆਂ ਸ਼ਰੇਣੀਆਂ ਦਾ ਅਤੇ ਸਰਕਾਰੀ ਅਫ਼ਸਰਾਂ ਦਾ ਤਾਲ ਮੇਲ ਕਰਾਉਣਾ।"

ਇਹ ਕਾਲਜ ੧੮੮੨ ਵਿਚ ਯੂਨੀਵਰਸਿਟੀ ਬਣ ਗਿਆ। ਲੈਫਟੀਨੈਂਟ ਗਵਰਨਰ ਵਲੋਂ ਪ੍ਰਾਂਤ ਲਈ ਨਵੇਕਲੀ ਯੂਨੀਵਰਸਿਟੀ ਦੀ ਸਥਾਪਨਾ ਲਈ ਜਿਹੜੀਆਂ ਦਲੀਲਾਂ ਦਿਤੀਆਂ ਗਈਆਂ ਉਨ੍ਹਾਂ ਵਿਚੋਂ ਇਕ ਇਹ ਸੀ ਕਿ ਦੇਸੀ ਬੋਲੀਆਂ ਦੇ ਸਾਹਿਤ ਨੂੰ ਯੂਰਪੀਨ ਗਿਆਨ ਯੁਕਤ ਕਰਨ ਲਈ ਅਤੇ ਅਜਿਹਾ ਕਰਨ ਦੇ ਪ੍ਰਬੰਧ ਨੂੰ ਵਧੇਰੇ ਸੁਯੋਗ ਬਣਾਨ ਲਈ ਅਤੇ ਨਵੀਂ ਉਠਦੀ ਪੀੜ੍ਹੀ ਲਈ ਸਾਹਿਤ ਤੇ ਵਿਗਿਆਨ ਦੀ ਵਿਦਿਆ ਵਾਸਤੇ ਦੇਸੀ ਬੋਲੀਆਂ ਵਿਚ ਪੁਸਤਕਾਂ ਰਚਨੀਆਂ ਚਾਹੀਦੀਆਂ ਹਨ।[1]

ਸਰਕਾਰ ਨੇ ਆਧੁਨਿਕ ਭਾਸ਼ਾਵਾਂ ਦੇ ਸਾਹਿਤ ਵਿਚ ਆਪਣੀ ਦਿਲਚਸਪੀ ਨੂੰ ਅਨੇਕ ਢੰਗਾਂ ਨਾਲ ਪ੍ਰਗਟਾਇਆ। ਉਰਦੂ ਕਵਿਤਾ ਦੀ ਅਧੋਗਤੀ ਸਰਕਾਰ ਦੀਆਂ ਨਜ਼ਰਾਂ ਵਿਚ ਸੀ ਅਤੇ ਲੈਫਟੀਨੈਂਟ ਗਵਰਨਰ ਦੀ ਸਲਾਹ ਤੇ ਵਿਦਿਆ ਵਿਭਾਗ ਦੇ ਮੁਖ ਨਿਰਦੇਸ਼ਕ ਨੇ ਇਸ ਵਿਚ ਸੁਧਾਰ ਲਈ ਹਰ ਮਹੀਨੇ ਮੁਸ਼ਾਇਰੇ ਕਰਾਉਣ ਦਾ ਪ੍ਰਬੰਧ ਕੀਤਾ। ਇਸ ਸੰਬੰਧ ਵਿਚ ਜਿਹੜੀ ਪਹਿਲੀ ਇਕਤ੍ਰਤਾ ੯ ਮਈ ੧੮੭੪ ਨੂੰ ਉਸ ਬੁਲਾਈ ਸੀ, ਉਸ ਵਿਚ ਉਸ ਨੇ ਆਖਿਆ, "ਉਰਦੂ ਕਵਿਤਾ ਇਸ ਸਮੇਂ ਨਿਘਰ ਰਹੀ ਹੈ ਅਤੇ ਇਸ ਇਕਤ੍ਰਤਾ ਦਾ ਪ੍ਰਯੋਜਨ ਇਹ ਹੈ ਕਿ ਇਸ ਨੂੰ ਵਿਕਸਿਤ ਕਰਨ ਲਈ ਕਦਮ ਚੁਕੇ ਜਾਣ......ਸਾਨੂੰ ਅਜ ਇਹ ਐਲਾਨ ਕਰਨਾ ਚਾਹੀਦਾ ਹੈ ਕਿ

1. J. P. Naik. ed. *Selections from the Educational Records of the Government of India*, National Archives of India, 1963, Vol. II, p. 52.

ਕਾਫੀਆ ਬੰਦੀ ਦੀ ਥਾਂ ਨਵੇਂ ਮੁਸ਼ਾਇਰੇ ਦਾ ਆਧਾਰ ਕੋਈ ਵਿਸ਼ੇਸ਼ ਵਿਸ਼ੇ ਚੋਣ ਹੋਵੇਗੀ ਅਤੇ ਕਵੀਆਂ ਨੂੰ ਚੁਣੇ ਹੋਏ ਵਿਸ਼ੇ ਬਾਰੇ ਕਵਿਤਾ ਲਿਖਣ ਲਈ ਆਖਿਆ ਜਾਏਗਾ। ਮੇਰਾ ਸੁਝਾਉ ਹੈ ਕਿ ਹਰ ਮਹੀਨੇ ਇਕਤ੍ਰਤਾ ਬੁਲਾਈ ਜਾਏ ਅਤੇ ਅਗਲੀ ਇਕਤ੍ਰਤਾ ਦਾ ਵਿਸ਼ੇ ਹੋਵੇ 'ਬਰਸਾਤ'।"[1]

ਇਹ ਉਤਸ਼ਾਹ, ਜਿਸ ਦੁਆਰਾ ਕਿ ਭਾਰਤੀ ਜੀਵਨ ਦਾ ਪੁਨਹ ਉੱਥਾਨ ਹੋਇਆ, ਅੰਤ ਨੂੰ ਸਹਿਆਹਾਰਕ ਫੁੱਟ ਦਾ ਕਾਰਨ ਬਣਿਆ। ਇਨ੍ਹਾਂ ਭਾਸ਼ਾਵਾਂ ਦੇ ਆਲੇ-ਦੁਆਲੇ ਤੰਗ ਦਿਲ ਰਾਸ਼ਟਰਵਾਦ ਵਿਕਸਿਤ ਹੋਇਆ। ਇਸ ਦੁਆਰਾ ਹੀ ਅੱਡ ਅੱਡ ਫਿਰਕੂ ਗੁਟਬੰਦੀਆਂ ਨੂੰ ਆਪਣੀ ਆਪਣੀ ਹਉਮੈਂ ਜਤਲਾਉਣ ਦਾ ਅਵਸਰ ਮਿਲ ਗਿਆ। ਹਿੰਦੂ ਹਿੰਦੀ ਵਲ ਪ੍ਰੇਰੇ ਗਏ, ਮੁਸਲਮਾਨ ਉਰਦੂ ਵਲ ਅਤੇ ਸਿੱਖ ਪੰਜਾਬੀ ਵਲ। ਕੁਝ ਸਮੇਂ ਪਿਛੋਂ ਇਨ੍ਹਾਂ ਭਾਸ਼ਾਵਾਂ ਪ੍ਰਤਿ ਵਫ਼ਾਦਾਰੀ ਕਟੜਪੁਣੇ ਵਿਚ ਬਦਲ ਗਈ ਅਤੇ ਸੁਦ੍ਰਿੜ ਹੋ ਗਈ। ਸਿੱਟਾ ਇਹ ਨਿਕਲਿਆ ਕਿ ਇਕ ਗੁੱਟ ਦੂਸਰੇ ਤੇ ਭਰੋਸਾ ਨਹੀਂ ਸੀ ਕਰਦਾ ਅਤੇ ਆਪਸੀ ਖਿਚੋਤਾਨ ਰਾਜਸੀ ਪਿੜ ਵਿਚ ਵੀ ਫੈਲ ਗਈ। ਬਿਹਾਰ ਤੇ ਯੂ. ਪੀ. ਵਿਚ ਉਰਦੂ ਤੇ ਹਿੰਦੀ ਦੇ ਝਗੜੇ ਨੇ ਫਿਰਕੂ ਪੁਣੇ ਨੂੰ ਉਪਜਾਇਆ। ਬੰਗਾਲ ਦੇ ਗਵਰਨਰ ਨੇ ੧੮੭੨ ਵਿਚ ਹੁਕਮ ਜਾਰੀ ਕੀਤਾ ਕਿ ਪਟਨਾ ਤੇ ਭਾਗਲਪੁਰ ਦੇ ਡੀਵੀਜ਼ਨਾਂ ਵਿਚ ਉਰਦੂ ਦੀ ਥਾਂ ਹਿੰਦੀ ਵਰਤੋਂ ਵਿਚ ਲਿਆਂਦੀ ਜਾਵੇ। ਇਸ ਹੁਕਮ ਦਾ ਕਰੜਾ ਵਿਰੋਧ ਕੀਤਾ ਗਿਆ। ਹਿੰਦੂ ਹਿੰਦੀ ਦੇ ਦਾਅਵੇਦਾਰ ਬਣੇ ਅਤੇ ਇਸ ਦੇ ਵਿਆਪਕ ਪ੍ਰਚਾਰ ਲਈ ਕਈ ਹਿੰਦੀ ਪ੍ਰਚਾਰਨੀ ਸਭਾਵਾਂ ਬਣਾਈਆਂ। ਉਰਦੂ ਦੇ ਪ੍ਰਚਾਰ ਲਈ ਇਕ ਪ੍ਰਬਲ ਲਹਿਰ ਯੂ. ਪੀ. ਵਿਚ ਚਲਾਈ ਗਈ ਅਤੇ ਇਸ ਲਹਿਰ ਦਾ ਸੰਚਾਲਣ ਸਰ ਸਯਦ ਅਹਿਮਦ ਨੇ ਕੀਤਾ। "ਅੰਜਮਨਿ ਤਰਕੀਏ ਉਰਦੂ"ਨੂੰ ਸਥਾਈ ਰੂਪ ਦਿਤਾ ਗਿਆ। ਇਸ ਦਾ ਪਹਿਲਾ ਪ੍ਰਧਾਨ ਟੀ.ਡਬਲਿਉ. ਆਰਨਲਡ (ਜਿਹੜਾ ਕਿ ਪ੍ਰਸਿਧ ਕਵੀ ਤੇ ਆਲੋਚਕ ਮੈਥੀਓਆਰਨਲਡ ਦਾ ਭਰਾ ਸੀ ਤੇ ਇਤਿਹਾਸਕਾਰ ਸ਼ਿਬਲੀ ਨੇ ਮਾਨੀ ਨੂੰ ਸਕੱਤਰ ਥਾਪਿਆ ਗਿਆ। ਏਸੇ ਤਰ੍ਹਾਂ ਦੀ ਇਕ ਸੰਸਥਾ "ਅਨੰਜੁਮਨਿ ਹਮਾਇਤਿ ਉਰਦੂ" ਪੰਜਾਬ ਵਿਖੇ ਵੀ ਹੋਂਦ ਵਿਚ ਆਈ।

ਸਰਕਾਰ ਨੂੰ ਇਕ ਦੂਸਰੇ ਵਿਰੁਧ ਅਰਜ਼ੀਆਂ ਦਿਤੀਆਂ ਜਾਂਦੀਆਂ ਸਨ ਅਤੇ ਅਖਬਾਰਾਂ ਦੇ ਕਾਲਮਾਂ ਵਿਚ ਚੁੰਜਬਾਜੀ ਹੁੰਦੀ ਰਹਿੰਦੀ ਸੀ। ਇਸ ਭਾਸ਼ਾਈ ਦੇਸ਼ ਭਗਤੀ ਨੂੰ ਉਨ੍ਹਾਂ ਮਾਇਕ ਲਾਭਾਂ ਦਾ ਸਦਕਾ ਪ੍ਰੋਤਸਾਹਨ ਮਿਲਿਆ ਜਿਹੜੇ ਲਾਭ ਕਿਸੇ ਬੋਲੀ ਦੇ ਸਰਕਾਰੀ ਬੋਲੀ ਬਣਨ ਨਾਲ ਦੋਹਾਂ ਧਿਰਾਂ ਨੂੰ ਪ੍ਰਾਪਤ ਹੋ ਸਕਦੇ ਸਨ।

੧੮੩੭ ਵਿਚ ਵਾਰਨ ਹੈਸਟਿੰਗ ਨੇ ਫਾਰਸੀ ਨੂੰ ਸਰਕਾਰੀ ਬੋਲੀ ਦੀ ਪੱਦਵੀ ਤੋਂ ਲਾਹ ਦਿੱਤਾ ਅਤੇ ਇਸ ਪਿਛੋਂ ਉਰਦੂ ਨੇ ਛੋਟੀਆਂ ਅਦਾਲਤਾਂ ਅਤੇ ਰਾਜਸੀ ਪ੍ਰਬੰਧ

1. Translated from *Koh-i-Nur*, June 16, 1874 as quoted in Muhammad Sadiq, *A History of Urdu Literature*, Oxford University Press, 1964, p. 290.

ਵਿਚ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿਤੇ। ਜਦੋਂ ਪੰਜਾਬ ਵਿਚ ਅੰਗਰੇਜ਼ੀ ਰਾਜ ਹੋਇਆ ਤਾਂ ਉਨ੍ਹਾਂ ਨੇ ਉਰਦੂ ਨੂੰ ਅਪਣਾ ਲਿਆ। ਉਰਦੂ ਨੇ ਆਪਣਾ ਹੱਥ ਰਾਜਸੀ ਪ੍ਰਬੰਧ ਵਿਚ ਉੱਚਾ ਰਖਿਆ ਅਤੇ ਸਮਾਂ ਪਾ ਕੇ ਸਕੂਲੀ ਪੜ੍ਹਾਈ ਵਿਚ ਵੀ ਇਸ ਦਾ ਹੱਥ ਉੱਚਾ ਹੋ ਗਿਆ। ਪੰਜਾਬੀ ਜਿਹੜੀ ਕਿ ਇਸ ਇਲਾਕੇ ਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀ ਸਾਂਝੀ ਬੋਲੀ ਸੀ ਉਸ ਨੂੰ ਉਹਦਾ ਹੱਕ ਨਾ ਮਿਲਿਆ। ਮੁਸਲਮਾਨਾਂ ਦਾ ਉਰਦੂ ਨਾਲ ਜਜ਼ਬਾਤੀ ਲਗਾਉ ਸੀ ਅਤੇ ਹਿੰਦੂ ਹਿੰਦੀ ਨੂੰ ਹਿੱਕ ਨਾਲ ਲਾਉਂਦੇ ਸਨ। ਇਸ ਕਾਰਨ ਦੋਹਾਂ ਨੇ ਪੰਜਾਬੀ ਨੂੰ ਵਿਸਾਰ ਦਿੱਤਾ। ਕੇਵਲ ਸਿੱਖਾਂ ਨੇ ਹੀ ਪੰਜਾਬੀ ਨੂੰ ਪੰਜਾਬ ਦੀ ਭਾਸ਼ਾ ਵਜੋਂ ਸਵੀਕਾਰ ਕੀਤਾ ਅਤੇ ਇਸ ਦੇ ਦਾਅਵੇ ਦੀ ਪ੍ਰੋੜ੍ਹਤਾ ਕੀਤੀ। ਜਦੋਂ ਸੂਬੇ ਦੀ ਬਹੁ ਗਿਣਤੀ ਵਲੋਂ ਪੰਜਾਬੀ ਨੂੰ ਬੇਦਾਅਵਾ ਦਿਤਾ ਗਿਆ ਅਤੇ ਇਸ ਨੂੰ ਰਾਜਸੀ ਪ੍ਰਬੰਧ ਅਤੇ ਵਿਦਿਆ ਦੇ ਖੇਤਰ ਵਿਚੋਂ ਬੇਦਖਲ ਕੀਤਾ ਗਿਆ ਤਾਂ ਇਸ ਨਾਲ ਸੂਬੇ ਦੇ ਸਭਿਆਚਾਰਕ ਜੀਵਨ ਵਿਚ ਉਲਾਰ ਆ ਗਿਆ ਅਤੇ ਇਸ ਦੀ ਉਤਪਤੀ ਰੁਕ ਗਈ। ਸਿੱਖਾਂ ਲਈ ਪੰਜਾਬੀ ਦੀ ਨਿਰਾਦਰੀ ਪ੍ਰੇਸ਼ਾਨ ਕਰਨ ਵਾਲੀ ਗਲ ਸੀ। ਇਸ ਨੂੰ ਇਸ ਦਾ ਯੋਗ ਸਥਾਨ ਦੁਆਣ ਦਾ ਸਵਾਲ, ਉਨ੍ਹਾਂ ਲਈ ਇਜ਼ਤ ਦਾ ਮਸਲਾ ਬਣ ਗਿਆ ਅਤੇ ਉਨ੍ਹਾਂ ਦਾ ਖਿਆਲ ਸੀ ਕਿ ਇਸ ਨਾਲ ਉਨ੍ਹਾਂ ਦਾ ਸਭਿਆਚਾਰਕ ਵਿਕਾਸ ਤੇ ਖੁਸ਼ਹਾਲੀ ਜੁੜੇ ਹੋਏ ਸਨ।

ਪੱਛਮੀ ਵਿਗਿਆਨ ਵਲੋਂ ਮਿਲੀ ਚੁਣੌਤੀ, ਇਸਾਈ ਸਦਾਚਾਰ ਤੇ ਮਾਨਵਵਾਦ ਦਾ ਸਦਕਾ, ਭਾਰਤੀ ਧਰਮਾਂ ਨੂੰ ਸਵੈ ਪੜਚੋਲ ਅਤੇ ਪੁਨਰ ਮੁਲਅੰਕਨ ਲਈ ਮਜਬੂਰ ਹੋਣਾ ਪਿਆ। ਇਸ ਦੇ ਸਿੱਟੇ ਵਜੋਂ ਹਿੰਦੂ ਧਰਮ ਦਾ ਆਰੀਆ ਸਮਾਜੀ ਰੂੜ੍ਹੀਵਾਦ ਅਤੇ ਮੁਸਲਮਾਨਾਂ ਵਿਚ ਅਹਿਮਦੀਆ ਫਿਰਕੇ ਦੀ ਬੇ-ਦੀਨੀ ਉਮੱਤ ਉਗਮ ਆਏ। ਇਸ ਦਾ ਉਦਾਰ ਰੂਪ ਰਾਜਾ ਰਾਮ ਮੋਹਨ ਰਾਏ ਵਲੋਂ ੧੮੨੮ ਵਿਚ ਸਥਾਪਿਤ ਬ੍ਰਹਮ ਸਮਾਜ ਸੀ, ਜਿਸ ਨੂੰ ਬਾਅਦ ਵਿਚ ਬ੍ਰਹਮੋ ਸਮਾਜ ਆਖਿਆ ਗਿਆ। ਏਸੇ ਕਾਰਨ ੧੮੬੭ ਵਿਚ ਬੰਬਈ ਵਿਖੇ ਪ੍ਰਾਰਥਨਾ ਸਮਾਜ ਦੀ ਸਥਾਪਨਾ ਹੋਈ ਅਤੇ ਰਾਮ ਕ੍ਰਿਸ਼ਨ ਪਰਮ ਹੰਸ (੧੮੩੪-੮੬) ਨੇ ਏਸੇ ਤਰ੍ਹਾਂ ਦਾ ਉਪਦੇਸ਼ ਦਿੱਤਾ।

ਪੰਜਾਬ ਵਿਚ ਜਿਹੜੀ ਟਕਰ ਹੋਈ, ਉਸ ਵਿਚ ਧੜੇਬਾਜ਼ੀ ਦਾ ਲੜਾਕੂ ਵਧਾਵਾ ਕੀਤਾ ਗਿਆ ਅਤੇ ਉਨੀਵੀਂ ਸ਼ਤਾਬਦੀ ਦੇ ਅੰਤਲੇ ਦਹਾਕਿਆਂ ਵਿਚ ਈਸਾਈਆਂ ਮੁਸਲਮਾਨਾਂ ਤੇ ਆਰੀਆ ਸਮਾਜੀਆਂ ਵਿਚਾਲੇ ਸਰਗਰਮ ਤੇਜ਼ਬਾਜ਼ੀ ਹੁੰਦੀ ਰਹੀ। ਸਿਖ ਧਰਮ ਰਾਜਸੀ ਸਤਾ ਖੋਹੇ ਜਾਣ ਪਿਛੋਂ, ਨੀਂਦ ਦੀ ਅਵਸਥਾ ਵਿਚ ਪਇਆ ਰਿਹਾ ਸੀ, ਅਤੇ ਹੁਣ ਫੈਸਲੇ ਦੀ ਘੜੀ ਸਿਰ ਤੇ ਆਣ ਪਹੁੰਚੀ ਸੀ। ਸਿਖ ਧਰਮ ਦੇ ਆਲੇ-ਦੁਆਲੇ ਚਲ ਰਹੀਆਂ ਧਾਰਮਕ ਤੇ ਸਭਿਆਚਾਰਕ ਲਹਿਰਾਂ ਇਸ ਨੂੰ ਝੰਜੋੜ ਰਹੀਆਂ ਸਨ ਅਤੇ ਇਸੇ ਕਾਰਨ ਇਸ ਨੂੰ ਸਵੈਪੜਚੋਲ ਲਈ ਮਜਬੂਰ ਹੋਣਾ ਪਿਆ। ਰਾਜ ਸਤਾ ਦੀ ਦਰਬਾਰੀ ਸ਼ਾਨ ਸ਼ੌਕਤ ਸਮੇਂ, ਜਿਹੜਾ ਉਪਚਾਰਵਾਦ ਅਤੇ ਜਿਹੜੇ ਹੋਛੇ ਰਵਾਜ

ਉਘੜੇ ਸਨ, ਉਨ੍ਹਾਂ ਬਾਰੇ ਇਹ ਵਿਚਾਰ ਹੋਇਆ ਕਿ ਇਹ ਗੁਰੂ ਮਰਯਾਦਾ ਵਿਰੋਧੀ ਸਨ ਅਤੇ ਐਵੇਂ ਵਿਅਰਥ ਦਾ ਅਡੰਬਰ ਸਨ । ਬਚਾਉ ਕੇਵਲ ਇਸ ਗੱਲ ਵਿਚ ਸੀ ਕਿ ਇਨ੍ਹਾਂ ਕੁਰੀਤੀਆਂ ਨੂੰ ਤਜਿਆ ਜਾਏ ਅਤੇ ਮਰਿਆਦਾ ਦੀ ਪਵਿਤਰਤਾ ਨੂੰ ਮੁੜ ਸੁਰਜੀਤ ਕੀਤਾ ਜਾਏ । ਪੰਜਾਬ ਉਤੇ ਅੰਗ੍ਰੇਜ਼ਾਂ ਦੇ ਕਬਜ਼ੇ ਪਿਛੋਂ ਸਿਖਾਂ ਦੀ ਧਾਰਮਕ ਨਿਸ਼ਠਾ ਵਿਚ ਇਨੀਂ ਗਿਰਾਵਟ ਆ ਗਈ ਸੀ ਕਿ ਕਈ ਬਰਤਾਨਵੀ ਦਰਸ਼ਕਾਂ ਦੀ ਰਾਏ ਵਿਚ ਸਿਖ ਪਤਨਮੁਖੀ ਹੋ ਗਏ ਸਨ । ਕਈਆਂ ਦੀ ਰਾਏ ਸੀ ਕਿ ਸਿਖ ਧਰਮ ਤਾਂ ਮਰ ਹੀ ਚੁਕਾ ਹੈ ਅਤੇ ਦੂਸਰੇ ਇਹ ਸੋਚਦੇ ਸਨ ਕਿ ਇਸਦਾ ਨਾਸ਼ ਅਟਲ ਹੈ ।

ਸਿਖ ਰਾਜ ਸਮੇਂ ਹੀ ਇਸ ਪਤਨ ਮੁਖੀ ਅਵਸਥਾ ਵਿਰੁਧ ਰੋਸ ਪ੍ਰਗਟਾਇਆ ਜਾ ਚੁਕਾ ਸੀ । ਸੰਤ ਸੁਭਾ ਵਾਲੇ ਬਾਬਾ ਦਿਆਲ ਸਿੰਘ ਨੇ ਵਡੇ ਲੋਕਾਂ ਦੇ ਔਗੁਣਾਂ ਨੂੰ ਨਿੰਦਿਆ ਸੀ ਅਤੇ ਉਸ ਰਹੁ ਰੀਤ ਵਿਰੁਧ ਅਵਾਜ਼ ਉਠਾਈ ਸੀ ਜਿਹੜੀ ਕਿ ਸਿਖ ਧਰਮ ਨੂੰ ਢਾਹ ਲਾ ਰਹੀ ਸੀ । ਉਸਨੇ ਮੂਰਤੀ ਪੂਜਾ ਵਿਰੁਧ ਵਿਸ਼ੇਸ਼ ਚੇਤਾਵਨੀ ਦਿਤੀ । ਉਸ ਨੇ ਇਸ ਗੱਲ ਬਾਰੇ ਮੁੜ ਕੇ ਜ਼ੋਰ ਦਿੱਤਾ ਕਿ ਸਿਖਾਂ ਲਈ ਅਮੂਰਤ ਨਿਰੰਕਾਰ ਵਿਚ ਵਿਸ਼ਵਾਸ ਰਖਣਾ ਜ਼ਰੂਰੀ ਹੈ । ਏਸੇ ਕਾਰਨ ਜਿਹੜੀ ਲਹਿਰ ਉਸਨੇ ਪ੍ਰਚਲਿਤ ਕੀਤੀ, ਉਸ ਨੂੰ ਨਿਰੰਕਾਰੀ ਲਹਿਰ ਆਖਿਆ ਜਾਂਦਾ ਹੈ । ਮੁਢਲੇ ਇਸਾਈ ਮਿਸ਼ਨਰੀਆਂ ਲਈ ਇਹ ਲਹਿਰ ਦਿਲਚਸਪੀ ਦਾ ਕਾਰਨ ਬਣੀ । ਇਕ ਰੀਪੋਟ ਵਿਚ ਦਰਜ ਹੈ ! "ਕੁਝ ਸਮਾਂ ਹੋਇਆ ਸਾਨੂੰ ਰਾਵਲਪਿੰਡੀ ਦੇ ਹਿੰਦੂਆਂ ਵਿਚ ਪ੍ਰਚਲਿਤ ਲਹਿਰ ਬਾਰੇ ਖਬਰ ਮਿਲੀ, ਜਿਸ ਤੋਂ ਸਾਨੂੰ ਉਸ ਮਾਨਸਿਕ ਦਸ਼ਾ ਦਾ ਪਤਾ ਲੱਗਦਾ ਹੈ ਜਿਹੜੀ ਕਿ "ਸਤਿ ਪਰਚਾਰ" ਲਈ ਸਹਾਇਕ ਹੋ ਸਕਦੀ ਹੈ । ਇਹ ਯੋਗ ਸਮਝਿਆ ਗਿਆ ਕਿ ਇਸ ਲਹਿਰ ਨੂੰ ਅਪਣਾਉਣ ਵਾਲੇ ਲੋਕਾਂ ਨੂੰ ਮਿਲਿਆ ਜਾਏ,ਸਚਾਈ ਜਾਣੀ ਜਾਏ ਅਤੇ ਜੇਕਰ ਲੋੜ ਹੋਵੇ ਤਾਂ ਉਨ੍ਹਾਂ ਲੋਕਾਂ ਦੀ ਯੋਗ ਅਗਵਾਈ ਕੀਤੀ ਜਾਵੇ । ਪੁੱਛ ਪੜਤਾਲ ਕਰਨ ਤੇ ਪਤਾ ਲਗਾ ਕਿ ਇਹ ਲਹਿਰ ਕੇਵਲ ਇਕ ਵਿਅਕਤੀ ਦੀ ਚਲਾਈ ਹੋਈ ਸੀ । ਉਸਦਾ ਪ੍ਰਯੋਜਨ ਇਹ ਸੀ ਕਿ ਉਹ ਨਵਾਂ ਪੰਥ ਲੋਕਾਂ ਵਿਚ ਚਲਾਏ ਅਤੇ ਆਪ ਹੀ ਇਸਦਾ ਪੱਥ ਪ੍ਰਦਰਸ਼ਕ ਬਣੇ । ਇਸ ਫਿਰਕੇ ਨੂੰ ਹੋਂਦ ਵਿਚ ਆਇਆ ਅੱਠ ਨੌਂ ਸਾਲ ਹੋ ਗਏ ਹਨ ਪਰ ਸਿਖ ਰਾਜ ਸਮੇਂ ਇਹ ਡਰ ਕਾਰਨ ਦਬਿਆ ਰਿਹਾ । ਪ੍ਰੰਤੂ ਕੰਪਨੀ ਦੇ ਰਾਜ ਦੇ ਵਿਸਥਾਰ ਪਿੱਛੋਂ ਇਸਨੇ ਹਿੰਮਤ ਫੜੀ ਅਤੇ ਸਾਡੀਆਂ ਪ੍ਰਕਾਸ਼ਨਾਵਾਂ ਵਿਚੋਂ ਬੁਤ ਪੂਜਾ ਵਿਰੋਧੀ ਗੱਲਾਂ ਲੈ ਕੇ ਹਿੰਦੂ ਮੱਤ ਵਿਰੁਧ ਤਕੜਾ ਹੱਲਾ ਬੋਲ ਦਿਤਾ । ਉਹ ਸਪਸ਼ਟ ਭਾਂਤ ਬੁਤ ਪੂਜਾ ਦਾ ਵਿਰੋਧ ਕਰਦੇ ਹਨ ਅਤੇ ਨਾਨਕ ਤੇ ਉਸ ਦੇ ਗ੍ਰੰਥ ਤੋਂ ਛੁਟ ਕਿਸੇ ਹੋਰ ਹਿੰਦੂ ਜਾਂ ਸਿਖ ਪੂਜਨੀਕ ਦੀ ਅਰਾਧਨਾ ਨਹੀਂ ਕਰਦੇ । ਹਿੰਦੂਆਂ ਦਾ ਗਿਲਾ ਹੈ ਕਿ ਉਹ ਗਊਆਂ ਦਾ ਨਿਰਾਦਰ ਕਰਦੇ ਹਨ । ਉਨ੍ਹਾਂ ਵਲੋਂ ਦਰਸਾਈ ਗਈ ਇਸ ਅਤਿ ਦੀ ਅਪਵਿਤਰਤਾ ਨੂੰ ਬਰਦਾਸ਼ਤ ਕਰਨਾ ਔਖਾ ਸੀ । ਇਸ ਕਾਰਨ ਕੁਝ ਬਾਜ਼ਾਰੂ ਦੰਗੇ ਹੋਏ ਅਤੇ ਵਿਰੋਧੀ ਧੜਿਆਂ ਨੇ ਇਕ ਦੂਸਰੇ ਵਿਰੁਧ ਮੁਕਦਮੇਂ ਕੀਤੇ । ਉਨ੍ਹਾਂ ਨੂੰ ਨਿਰੰਕਾਰੀ ਆਖਿਆ ਜਾਂਦਾ

ਹੈ, ਕਿਉਂਕਿ ਉਹ ਅਸਰੀਰੀ ਆਤਮਾ ਵਿਚ ਯਕੀਨ ਰਖਦੇ ਹਨ। ਉਨ੍ਹਾਂ ਦੀ ਦੂਸਰੀ ਬੁਨਿਆਦੀ ਧਾਰਮਕ ਗੱਲ ਇਹ ਹੈ ਕਿ ਮੁਕਤੀ ਪ੍ਰਾਪਤ ਕਰਨ ਲਈ ਧਿਆਨ ਧਾਰਨ ਦੀ ਲੋੜ ਹੈ। ਉਹ ਗੁਰੂ ਨਾਨਕ ਨੂੰ ਆਪਣਾ ਮੁਕਤੀ ਦਾਤਾ ਸਵੀਕਾਰ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਹੀ ਮੁਕਤੀ ਮਾਰਗ ਦਰਸਾਇਆ ਸੀ। ਉਨ੍ਹਾਂ ਦੀਆਂ ਰਸਮ ਰੀਤਾਂ ਬਾਰੇ ਦੋ ਵਿਸ਼ੇਸ਼ ਗੱਲਾਂ ਦਾ ਪਤਾ ਲੱਗਾ ਹੈ। ਪਹਿਲੀ ਇਹ ਕਿ ਉਹ ਹਰ ਰੋਜ਼ ਸਵੇਰੇ ਸੰਗਤ ਵਿਚ ਰਲ ਬੈਠਦੇ ਹਨ ਅਤੇ ਉਸ ਸਮੇਂ ਗ੍ਰੰਥ (ਸਾਹਿਬ) ਨੂੰ ਮੱਥਾ ਟੇਕਦੇ ਹਨ। ਉਹ ਚੜ੍ਹਾਵੇ ਚੜ੍ਹਾਉਂਦੇ ਹਨ, ਉਨ੍ਹਾਂ ਵਿਚੋਂ ਕੋਈ ਇਕ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ ਅਤੇ ਜੇਕਰ ਉਨ੍ਹਾਂ ਦਾ ਆਗੂ ਹਾਜ਼ਰ ਹੋਵੇ ਤਾਂ ਉਹ ਗ੍ਰੰਥ (ਸਾਹਿਬ) ਦੇ ਬਚਨਾਂ ਦੀ ਵਿਆਖਿਆ ਵੀ ਕਰਦਾ ਹੈ। ਦੂਸਰੀ ਗੱਲ ਇਹ ਹੈ ਕਿ ਉਹ ਮ੍ਰਿਤਕ ਸਰੀਰਾਂ ਦਾ ਦਾਹ ਸੰਸਕਾਰ ਨਹੀਂ ਕਰਦੇ ਕਿਉਂਕਿ ਇਹ ਹਿੰਦੂ ਰਿਵਾਜ ਹੈ ਅਤੇ ਨਾ ਹੀ ਮ੍ਰਿਤਕ ਸਰੀਰਾਂ ਨੂੰ ਦਬਾਉਂਦੇ ਹਨ ਕਿਉਂਕਿ ਅਜਿਹਾ ਕਰਨਾ ਮੁਸਲਮਾਨੀ ਰਿਵਾਜ ਹੈ। ਸਗੋਂ ਉਹ ਮ੍ਰਿਤਕ ਸਰੀਰ ਦਾ ਜਲ ਪਰਵਾਹ ਕਰਦੇ ਹਨ।"[1]

ਨਿਰੰਕਾਰੀ ਲਹਿਰ ਅਤੇ ਵਿਸ਼ੇਸ਼ ਕਰਕੇ ਵਿਦਰੋਹੀ ਨਾਮਧਾਰੀ ਲਹਿਰ ਦਾ ਬਹੁਤ ਅਸਰ ਪਿਆ। ਸਿੰਘ ਸਭਾ ਵਲੋਂ ਚਲਾਈ ਗਈ ਸੁਧਾਰਕ ਲਹਿਰ ਨੇ ਹੀ ਸਿਖ ਮੱਤ ਬਾਰੇ ਵਿਚਾਰਾਂ ਵਿਚ ਮੂਲ ਪਰਿਵਰਤਨ ਲਿਆਂਦਾ। ਉਸ ਸਮੇਂ ਪ੍ਰਚਲਿਤ ਦੂਸਰੀਆਂ ਭਾਰਤੀ ਸੁਧਾਰ ਲਹਿਰਾਂ ਦਾ ਸਰੋਤ ਮਹਾਨ ਵਿਅਕਤੀ ਸਨ ਪਰੰਤੂ ਸਿੰਘ ਸਭਾ ਲਹਿਰ ਇਕ ਲੋਕ ਲਹਿਰ ਸੀ। ਇਸ ਦੇ ਤਿੰਨ ਵਿਸ਼ੇਸ਼ ਕਾਰਨ ਸਨ, ਸਿਖ ਮਤਿ ਜਿਹਾ ਕਿ ਉਸ ਸਮੇਂ ਇਹ ਪ੍ਰਚਲਿਤ ਸੀ ਆਪਣੇ ਮੂਲ ਰੂਪ ਨੂੰ ਗਵਾ ਬੈਠਾ ਸੀ। ਗੁਆਂਢੀ ਧਾਰਮਕ ਮਰਯਾਦਾ ਵਿਚ ਜਿਹੜੀ ਤਬਦੀਲੀ ਆ ਰਹੀ ਸੀ ਉਸ ਦੇ ਪ੍ਰਤਿਕਰਮ ਵਜੋਂ ਅਤੇ ਇਸਾਈ ਮਸ਼ਿਨਰੀਆਂ ਦੇ ਨਵਮਤ ਅਦਲੀ ਤੇ ਹਿੰਦੂ ਆਲੋਚਕਾਂ ਦੇ ਤੇਜ਼ੀ ਪਰਚਾਰ ਦੇ ਕਾਰਨ ਇਸ ਮਤਿ (ਸਿਖ ਮਤਿ) ਨੂੰ ਬਚਾਉ ਲਈ ਸਤਰਕ ਹੋਣਾ ਪਿਆ।

ਜਿਹੜੀ ਮਾਨਸਿਕ ਅਵਸਥਾ ਨੇ ਸਿੰਘ ਸਭਾ ਲਹਿਰ ਨੂੰ ਜਨਮ ਦਿਤਾ ਸੀ, ਉਸ ਦਾ ਅੰਦਾਜ਼ਾ ਇਸ ਵਿਸਤਰਿਤ ਟਿੱਪਣੀ ਤੋਂ ਲਗਾਇਆ ਜਾ ਸਕਦਾ ਹੈ। ਜਿਹੜੀ ਕਿ ਕੁਝ ਵਰ੍ਹੇ ਪਿਛੋਂ ਇਸ ਲਹਿਰ ਦੇ ਮਨੋਰਥ ਬਾਰੇ 'ਖਾਲਸਾ ਅਖਬਾਰ" ਵਿਚ ਛਪੀ। "ਇਕ ਅੰਗਰੇਜ਼ੀ ਪਤਰ ਲਿਖਦਾ ਹੈ ਕਿ ਇਸਾਈ ਦੀਨ ਦੀ ਦਿਨ-ਬ-ਦਿਨ ਉਨਤੀ ਹੈ—ਜਿਸ ਪਰ ਉਹ ਪਸ਼ੀਨਗੋਈ ਕਰਦਾ ਹੈ ਕਿ ਅੱਗੇ ਆਉਣ ਵਾਲੇ ੨੫ ਵਰ੍ਹਿਆਂ ਵਿਚ ਮਾਝੇ ਦਾ ਤੀਸਰਾ ਹਿੱਸਾ ਇਸਾਈ ਹੋ ਜਾਏਗਾ।

ਮਾਲਵਾ ਭੀ—ਜਿਵੇਂ ਬੋਧ ਏਥੇ ਨਹੀਂ ਰਹੇ ਮੂਰਤਾਂ ਹੀ ਹਨ—ਤਿਵੇਂ ਸਰਦਾਰਾਂ ਦੀਆਂ ਸੂਰਤਾਂ ਜੋ ਕੜੇ, ਕ੍ਰਿਪਾਨ ਅਤੇ ਸਿੱਧੀਆਂ ਪਗਾਂ ਵਾਲੀਆਂ ਕਿਤੇ ਕਿਤੇ

---

1. *Annual Report of the Lodiana Mission*, American Presbyterian Mission Press, Ludhiana, 1853, pp. 22-23.

ਦਿਸਦੀਆਂ ਹਨ ਜੋ ਕਦੇ ਬੋਧਾਂ ਵਾਂਗ ਅਜਾਇਬ ਘਰਾਂ ਵਿਚ ਮੂਰਤਾਂ ਹੋ ਕੇ ਦਿਖਾਈ ਦੇਣਗੀਆਂ । ਇਨ੍ਹਾਂ ਦੇ ਹੀ ਪੁੱਤਰ ਪੋਤਰੇ ਜੋ ਇਸਾਈ ਦੀਨ ਵਿਚ ਆ ਕੇ ਕੋਟ ਪਤਲੂਨ ਅਤੇ ਪਦਬਹੇੜੇ ਵਰਗੇ ਟੋਪੀ ਪਹਨੀ ਹੋਈ ਅਜਾਇਬ ਘਰ ਨੂੰ ਦੇਖਣ ਆਇਆ ਕਰਨਗੇ ਤਾਂ ਕਿਹਾ ਕਰਨਗੇ ਕਿ (ਦੇਖੋ ਯਹ ਸੀਖ ਲੋਗ ਦਾ ਤਸਵੀਰ ਹੈ—ਜੋ ਕਬੀ ਇਸ ਦੇਸ ਮੇਂ ਹੋਤਾ ਥਾ) "ਜਿਹੜੇ ਇਸਾਈ ਮਤਿ ਦੇ ਹਮਲੇ ਨੂੰ ਰੋਕਣਾ ਚਾਹੁੰਦੇ ਹਨ ਉਹ ਅਸਫ਼ਲ ਰਹਿਣਗੇ, ਉਸ ਵਿਅਕਤੀ ਵਾਂਗ ਜਿਹੜਾ ਕਿ ਕੋਹੜ ਦੇ ਕਾਰਨ ਹੱਥ ਪੈਰ ਗਵਾ ਬੈਠਾ ਹੈ ਅਤੇ ਕਿਸੇ ਮੁੰਡੇ ਨੂੰ ਕੋਠੇ ਤੋਂ ਡਿਗਣ ਤੋਂ ਬਚਾਉਣ ਦਾ ਅਸਫਲ ਜਤਨ ਕਰ ਰਿਹਾ ਹੈ।"[1]

ਲੋਕ ਜਿਸ ਗਿਣਤੀ ਵਿਚ ਇਸਾਈ ਬਣ ਰਹੇ ਸਨ ਉਹ ਨਿਗੂਣੀ ਸੀ ਅਤੇ ਨਾ ਹੀ ਕੋਈ ਬਹੁਤ ਧੜਕੇ ਵਾਲੀ ਗਲ ਸੀ ਪਰ ਜਿਹੜਾ ਅਖਬਾਰੀ ਟਿਪਣੀ ਦੁਆਰਾ ਠਿੱਠ ਪੇਸ਼ ਕੀਤਾ ਗਿਆ ਸੀ ਉਸ ਦਾ ਭਾਵ ਕੇਵਲ ਇਹ ਦਰਸਾਣਾ ਸੀ ਕਿ ਕਿਸ ਤਰ੍ਹਾਂ ਸਿੱਖ ਆਪਣੀ ਮਰਯਾਦਾ ਅਤੇ ਪਰੰਪਰਾ ਤੋਂ ਬੇ ਮੁਖ ਹੋ ਰਹੇ ਹਨ । ਪਰੰਤੂ ਕਈ ਅਜਿਹੀਆਂ ਗੱਲਾਂ ਹੋਈਆਂ ਜਿਨ੍ਹਾਂ ਤੇ ਸਿਖ ਕੌਮ ਨੂੰ ਚਿੰਤਾ ਹੋਈ ।

੧੮੫੩ ਵਿਚ ਸਿਖਾਂ ਦੇ ਅਖੀਰਲੇ ਮਹਾਰਾਜਾ ਦਲੀਪ ਸਿੰਘ ਨੇ ਜ਼ਿਹੜਾ ਕਿ ਅੱਠ ਸਾਲ ਦੀ ਛੋਟੀ ਉਮਰੇ ਅੰਗਰੇਜ਼ਾਂ ਦੀ ਨਿਗਰਾਨੀ ਹੇਠ ਇੰਗਲੈਂਡ ਭੇਜ ਦਿਤਾ ਗਿਆ ਸੀ ਇਸਾਈ ਧਰਮ ਇਖਤਿਆਰ ਕਰ ਲਿਆ । ਇਹ ਪਹਿਲਾ ਮੌਕਾ ਸੀ ਜਦੋਂ ਕਿ ਰਾਜ ਅਧਿਕਾਰੀਆਂ ਦੇ ਟੱਬਰ ਚੋਂ ਕਿਸੇ ਨੇ ਇਸਾਈ ਮਤਿ ਪ੍ਰਵਾਨ ਕੀਤਾ ਸੀ ।[2] ਦਲੀਪ ਸਿੰਘ ਨੂੰ ਜਿਹੜੇ ਅਲਾਊਂਸ (ਮਹਾਵਾਰੀ ਖਰਚਾ) ਮਿਲਦੇ ਸਨ, ਉਨ੍ਹਾਂ ਵਿਚੋਂ ਉਸ ਨੇ ਇਸਾਈ ਖੈਰਾਇਤ ਖਾਨਿਆਂ ਅਤੇ ਸਕੂਲਾਂ ਨੂੰ ਚੋਖੀ ਰਕਮ ਦਾਨ ਦਿਤੀ । ਕਪੂਰਥੱਲੇ ਦੇ ਰਾਜੇ ਵਲੋਂ ਲੁਧਿਆਣੇ ਦੇ ਮਿਸ਼ਨ ਨੂੰ ਇਹ ਸੱਦਾ ਦਿਤਾ ਗਿਆ, ਕਿ ਉਹ ਉਸ ਦੀ ਰਿਆਸਤ ਦੀ ਰਾਜਧਾਨੀ ਵਿਖੇ ਆਪਣਾ ਕੇਂਦਰ ਕਾਇਮ ਕਰੇ ਅਤੇ ਇਸ ਕੇਂਦਰ ਦੇ ਖਰਚੇ ਦਾ ਪਰਬੰਧ ਉਸ ਨੇ ਕੀਤਾ । ਰਾਜਾ ਕਪੂਰਥਲਾ ਦੇ ਮਿਸ਼ਨ ਦੇ ਬੰਦਿਆਂ ਨੂੰ ਸੱਦਾ ਦੇਣ ਤੋਂ ਪਹਿਲਾਂ ਕੋਈ ਅਜਿਹਾ ਮੌਕਾ ਨਹੀਂ ਸੀ ਆਇਆ ਕਿ ਕਿਸੇ ਰਾਜ ਅਧਿਕਾਰੀ ਨੇ ਬਾਇਬਲ ਦੇ ਪਰਚਾਰ ਵਿਚ ਆਪਣੀ ਰੁਚੀ ਨੂੰ ਪਰਗਟਾਇਆ ਹੋਵੇ ।[3]

ਕੁਝ ਸਾਲਾਂ ਪਿਛੋਂ ਕਪੂਰਥਲੇ ਦੇ ਰਾਜਾ ਦਾ ਭਤੀਜਾ ਕੰਵਰ ਹਰਨਾਮ ਸਿੰਘ ਇਸਾਈ ਬਣ ਗਿਆ । ਹਰਿਮੰਦਰ ਸਾਹਿਬ ਦੇ ਗਵਾਂਢ ਵਿਚ ਬਾਇਬਲ ਦਾ ਪ੍ਰਚਾਰ ਹੋਣ ਲਗ ਪਿਆ ਅਤੇ ਇਸ ਮਨੋਰਥ ਲਈ ਇਕ ਮੁਸਾਫ਼ਰ ਖਾਨਾ ਅਰਥਾਤ ਬੁੰਗੇ ਨੂੰ ਕਰਾਏ ਤੇ ਲਿਆ ਗਿਆ ।

---

1. ਖਾਲਸਾ ਅਖ਼ਬਾਰ, ਲਾਹੌਰ, ਮਈ 25, 1894 ।

2. J. Johnston Walsh : *A Memorial of the Fatehgarh Mission*, p. 113.

3. *Annual Report of the Lodiana Mission*, American Presbyterian Mission Press, Ludhiana, 1862, p. 51.

੧੮੭੩ ਦੇ ਅਰੰਭ ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਇਸ ਗੱਲ ਦਾ ਐਲਾਨ ਕੀਤਾ ਕਿ ਉਹ ਆਪਣਾ ਧਰਮ ਤਿਆਗ ਕੇ ਇਸਾਈ ਮੱਤ ਗ੍ਰਹਿਣ ਕਰ ਲੈਣਗੇ। ਇਸ ਨਾਲ ਸਿੱਖਾਂ ਦੇ ਦਿਲਾਂ ਨੂੰ ਧੱਕਾ ਲੱਗਾ। ਇਸ ਦੇ ਨਾਲ ਹੀ ਅੰਮ੍ਰਿਤਸਰ ਵਿਖ ਸਿੱਖ ਮੱਤ ਵਿਰੋਧੀ ਲੜੀ ਅਰੰਭ ਕੀਤੀ ਗਈ ਅਤੇ ਬਰਤਾਨਵੀ ਸਰਕਾਰ ਵਲੋਂ ਸ਼ਰਧਾ ਰਾਮ ਫਲੌਰੀ ਦੀ ਨਿਯੁਕਤੀ ਇਸ ਉਦੇਸ਼ ਨਾਲ ਕੀਤੀ ਗਈ ਕਿ ਸਿੱਖ ਇਤਿਹਾਸ ਨੂੰ ਕਾਨੀ ਬੱਧ ਕੀਤਾ ਜਾਏ ਅਤੇ ਸ਼ਰਧਾ ਰਾਮ ਫ਼ਲੌਰੀ ਨੇ ਗੁਰੂ ਨਾਨਕ ਦੇ ਜੀਵਨ ਨੂੰ ਪੱਖ ਪਾਤੀ ਦ੍ਰਿਸ਼ਟੀ ਤੋਂ ਪੇਸ਼ ਕੀਤਾ। ਇਨ੍ਹਾਂ ਸਭ ਗੱਲਾਂ ਬਾਰੇ ਵਿਚਾਰ ਕਰਨ ਲਈ ਕੁਝ ਉਘੇ ਸਿੱਖ :—ਠਾਕੁਰ ਸਿੰਘ ਸੰਧਾਵਾਲੀਆ ਗੁਰੂ ਨਾਨਕ ਦੇ ਉਤਰ ਅਧਿਕਾਰੀਆਂ ਵਿਚੋਂ ਪ੍ਰਮੁਖ ਸਰ ਖੇਮ ਸਿੰਘ ਬੇਦੀ ਅਤੇ ਕਪੂਰਥਲਾ ਦੇ ਕੰਵਰ ਬਿਕਰਮ ਸਿੰਘ ਆਦਿ ਵਲੋਂ ੧੮੭੩ ਵਿਚ ਅੰਮ੍ਰਿਤਸਰ ਵਿਖੇ ਇਕ ਇਕਤਰਤਾ ਬੁਲਾਈ ਗਈ। ਵਿਚਾਰ ਵਟਾਂਦਰੇ ਦੇ ਸਿੱਟੇ ਵਜੋਂ ਸਿੰਘ ਸਭਾ ਨਾਂ ਦੀ ਇਕ ਸੰਸਥਾ ਕਾਇਮ ਕੀਤੀ ਗਈ। ਦੂਸਰੀਆਂ ਗੱਲਾਂ ਤੋਂ ਛੁਟ ਇਸ ਸਭਾ ਦੇ ਮੁਖ ਪ੍ਰਯੋਜਨ ਸਨ। (i) ਸਿੱਖ ਮੱਤ ਦੀ ਮੂਲ ਪ੍ਰਤਿਸ਼ਠਾ ਨੂੰ ਸੁਰਜੀਤ ਕਰਨਾ (ii) ਇਤਿਹਾਸਕ ਪੁਸਤਕਾਂ ਨੂੰ ਸੰਪਾਦਿਤ ਕਰਨਾ ਅਤੇ ਉਨ੍ਹਾਂ ਦੇ ਪ੍ਰਕਾਸ਼ਨ ਦਾ ਪ੍ਰਬੰਧ ਕਰਨਾ (iii) ਪ੍ਰਚਲਿਤ ਗਿਆਨ ਦਾ ਪੰਜਾਬੀ ਦੁਆਰਾ ਪ੍ਰਚਾਰ ਕਰਨਾ (iv) ਪਤਿਤ ਲੋਕਾਂ ਦਾ ਸਿੱਖੀ ਵਿਚ ਪੁਨਰ ਪ੍ਰਵੇਸ਼ (v) ਉੱਚੇ ਅੰਗਰੇਜ਼ ਅਧਿਕਾਰੀਆਂ ਨੂੰ ਸਿੱਖਾਂ ਦੇ ਵਿਦਿਅਕ ਪ੍ਰੋਗਰਾਮਾਂ ਵਿਚ ਦਿਲਚਸਪੀ ਲੈਣ ਲਈ ਪ੍ਰੇਰਨਾ ਅਤੇ ਇਸ ਮਨੋਰਥ ਲਈ ਉਨ੍ਹਾਂ ਦਾ ਮਿਲਵਰਤਣ ਪ੍ਰਾਪਤ ਕਰਨਾ।

ਪੜ੍ਹੀ ਲਿਖੀ ਸਿੱਖ ਜਨਤਾ ਵਿਚ ਸਿੰਘ ਸਭਾ ਹਰਮਨ ਪਿਆਰੀ ਹੋ ਗਈ ਅਤੇ ਬਹੁਤ ਸਾਰੇ ਸਿੱਖ ਵਿਦਵਾਨਾਂ ਨੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆ। ਇਕ ਸ਼ਕਤੀ-ਸ਼ਾਲੀ ਮੁਹਿੰਮ ਸ਼ੁਰੂ ਹੋ ਗਈ। ਇਸ ਮੁਹਿੰਮ ਨੇ ਦੋ ਪੱਖੀ ਹੱਲਾ ਬੋਲਿਆ। ਪਹਿਲਾ ਹੱਲਾ ਸੀ ਅਸਿੱਖ ਰਹੁ ਰੀਤਾਂ ਦੇ ਵਿਰੁਧ ਅਤੇ ਦੂਸਰਾ ਸੀ ਪੱਛਮੀ ਵਿਦਿਆ ਦੇ ਪ੍ਰਚਾਰ ਨੂੰ ਉਤਸਾਹਿਤ ਕਰਨਾ। ਪੁਨਰ ਉਥਾਨ ਦੀ ਭਾਵਨਾ ਇੰਨੀ ਹੀ ਪ੍ਰਬਲ ਸੀ ਜਿੰਨੀ ਕਿ ਅਗਾਂਹ ਵਧੂ ਰੁਚੀ। ਸਿੰਘ ਸਭਾ ਦੇ ਹਮਾਇਤੀਆਂ ਦੀ ਕਰੜੀ ਵਿਰੋਧਤਾ ਹੋਈ ਵਿਸ਼ੇਸ਼ ਕਰਕੇ ਪਿੰਡਾਂ ਦੇ ਲੋਕਾਂ ਵਲੋਂ ਉਨ੍ਹਾਂ ਦੇ ਨਵੀਨ ਵਿਚਾਰਾਂ ਲਈ ਉਨ੍ਹਾਂ ਨੂੰ ਭੰਡਿਆ ਗਿਆ। ਪੰਜਾਬ ਦੇ ਲੋਕਾਂ ਵਿਚ ਉਨ੍ਹਾਂ ਬਾਰੇ ਇਹ ਅਖਾਨ ਵਰਗਾ ਟੱਪਾ ਮਿਲਦਾ ਹੈ :

"ਜਦੋਂ ਮੁੱਕ ਗਏ ਘੜੇ 'ਚੋਂ ਦਾਣੇ,
ਬਣ ਗਏ ਸਿੰਘ ਸਭੀਏ।"

ਸਿੱਖਾਂ ਵਿਚ ਸੁਧਾਰ ਲਹਿਰ ਉਨ੍ਹਾਂ ਲੋਕਾਂ ਰਾਹੀਂ ਚਲੀ ਜਿਹੜੇ ਜਾਂ ਤਾਂ ਫ਼ੌਜ ਵਿਚ ਨੌਕਰ ਸਨ ਜਾਂ ਫ਼ੌਜੀ ਨੌਕਰੀ ਤੋਂ ਰੀਟਾਇਰ ਹੋ ਚੁਕੇ ਸਨ। ਕਿਸੇ ਇਕ ਰੇਜਮੇਂਟ

ਵਲੋਂ ਅਜਿਹਾ ਰਾਗੀ ਜੱਥਾ ਤਿਆਰ ਕੀਤਾ ਗਿਆ ਜਿਹੜਾ ਪਿੰਡਾਂ ਦਾ ਚੱਕਰ ਲਾ ਕੇ ਸਿੰਘ ਸਭਾ ਵਲੋਂ ਅਪਣਾਏ ਗਏ ਧਾਰਮਿਕ ਭਜਨ ਗਾਉਂਦਾ ਸੀ। ਇਸ ਤਰ੍ਹਾਂ ਇਹ ਲਹਿਰ ਦਿਨੋਂ ਦਿਨ ਪ੍ਰਬਲ ਹੁੰਦੀ ਗਈ ਅਤੇ ਇਸ ਨੇ ਸਾਰੇ ਪੰਜਾਬ ਨੂੰ ਇਕ ਹਲੂਣਾ ਜਿਹਾ ਦਿੱਤਾ। ਧਾਰਮਿਕ ਅਤੇ ਸਮਾਜਿਕ ਸੁਧਾਰ ਤੋਂ ਛੁੱਟ ਇਸ ਦੁਆਰਾ ਇਸ ਇਲਾਕੇ ਦੇ ਬੌਧਿਕ ਅਤੇ ਸਭਿਆਚਾਰਕ ਜੀਵਨ ਨੂੰ ਵੀ ਹੱਲਾ ਸ਼ੇਰੀ ਮਿਲੀ। ਇਸ ਸਮੇਂ ਜਦੋਂ ਕਿ ਨਵੇਂ ਅੰਕੁਰ ਫੁੱਟ ਰਹੇ ਸਨ ਪੰਜਾਬੀ ਸਾਹਿਤ ਪ੍ਰਾਪਤੀ ਦੇ ਪੰਧ ਤੇ ਪੈ ਗਿਆ।

ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਇਕ ਸਜਨ ਸੀ ਠਾਕੁਰ ਸਿੰਘ ਸੰਧਾਵਾਲੀਆ (੧੮੩੭-੮੮) ਉਸ ਨੇ ਮਹਾਰਾਜਾ ਦਲੀਪ ਸਿੰਘ ਦੇ ਅੰਗਰੇਜ਼ ਵਿਰੋਧੀ ਹੋਣ ਉਪਰੰਤ ਉਸ ਦੇ ਕੰਮ ਕਾਜ ਵਿਚ ਵਧੇਰੇ ਦਿਲਚਸਪੀ ਲੈਣੀ ਸ਼ੁਰੂ ਕੀਤੀ। ਗੱਦੀਓਂ ਲੱਥਾ ਪੰਜਾਬੀ ਮਹਾਰਾਜਾ ਹੁਣ ਇਕਲਾ ਕਾਰਾ ਰਹਿ ਗਿਆ ਸੀ ਤੇ ਇਸ ਤਰ੍ਹਾਂ ਉਹ ਗਵਾਚਿਆ ਫਿਰਦਾ ਸੀ। ਇਸ ਅਵਸਥਾ ਵਿਚ ਉਹ ਬਾਗ਼ੀ ਬਣ ਗਿਆ ਤੇ ਉਸ ਦਾ ਭਰਮ ਟੁੱਟ ਗਿਆ। ੧੮੮੩ ਵਿਚ ਉਸ ਆਪਣੇ ਇਕ ਨਿਕਟੀ ਮਿਤ੍ਰ ਨੂੰ ਦਸਿਆ ਕਿ ਉਹ ਹਿੰਦੁਸਤਾਨ ਪਰਤ ਜਾਣਾ ਚਾਹੁੰਦਾ ਹੈ ਅਤੇ "ਹਮੇਸ਼ਾਂ ਲਈ ਅੰਗਰੇਜ਼ਾਂ ਦੇ ਫਰੇਬ ਦੇ ਜਾਲ ਵਿਚੋਂ ਛੁਟਕਾਰਾ ਪ੍ਰਾਪਤ ਕਰਨਾ ਚਾਹੁੰਦਾ ਹੈ।[1] ਉਸ ਨੇ ਇਸ ਗੱਲ ਦਾ ਨਿਰਣਾ ਕੀਤਾ ਕਿ ਉਹ ਆਪਣੇ ਵੱਡਕਿਆਂ ਦੇ ਧਰਮ ਨੂੰ ਮੁੜ ਕੇ ਗ੍ਰਹਿਣ ਕਰ- ਲਵੇਗਾ ਅਤੇ ਪਜਾਬੋਂ ਆਪਣੇ ਖ਼ਾਨਦਾਨ ਦੇ ਕਿਸੇ ਗ੍ਰੰਥੀ ਨੂੰ ਬੁਲਵਾ ਭੇਜਿਆ ਤਾਂ ਜੋ ਉਹ ਸਿੱਖ ਧਰਮ ਬਾਰੇ ਸਿੱਖਿਆ ਲੈ ਸਕੇ। ਇਸ ਬਾਰੇ ਅਫਵਾਹਾਂ ਫੈਲ ਗਈਆਂ ਅਤੇ ਇੰਗਲਿਸਤਾਨ ਦੀ ਇੰਡੀਆ ਕਲਬ ਵਲੋਂ ਇਕ ਇਕਤਰਤਾ ਵਿਚ ਇਹ ਆਖਿਆ ਗਿਆ ਕਿ ਮਹਾਰਾਜਾ ਦਲੀਪ ਸਿੰਘ ਦੀ ਸਹਾਇਤਾ ਨਾਲ ਰੂਸ ਪੰਜਾਬ ਉਤੇ ਹਮਲਾ ਕਰਨਾ ਚਾਹੁੰਦਾ ਹੈ। ਪੰਜਾਬ ਦੇ ਸਿਖਿਆ ਸ਼ਾਸਤਰੀ ਡਾਕਟਰ ਗੌਟਲੀਬ ਵਿਲ੍ਹੇਹਲਮ ਲੈ ਇਟਨਰ (Doctor Gottlieb Wilhelm Leitner) ਨੇ ਉਨ੍ਹਾਂ ਪੰਜਾਬੀ ਵਿਦਿਆਰਥੀਆਂ ਬਾਰੇ ਜਿਹੜੇ ਇਕਤਰਤਾ ਵਿਚ ਸ਼ਾਮਲ ਹੋਏ ਅਤੇ ਹਿਜ਼ਮੈਜਿਸਟੀ ਮਹਾਰਾਜ ਦਲੀਪ ਸਿੰਘ ਨੂੰ ਮਿਲੇ ਬਾਰੇ ਆਪਣੇ ਮਨ ਵਿਚ ਗੰਢ ਪਾ ਲਈ।[2]

੧੮੮੫ ਵਿਚ ਠਾਕੁਰ ਸਿੰਘ ਸੰਧਾਵਾਲੀਆ ਮਹਾਰਾਜਾ ਨੂੰ ਮਿਲਣ ਲਈ ਵਲਾਇਤ ਗਿਆ। ਉਸ ਤੋਂ ਅਗਲੇ ਸਾਲ ਦਲੀਪ ਸਿੰਘ ਆਪਣੇ ਟੱਬਰ ਸਮੇਤ ਸਮੁੰਦਰੀ ਰਸਤੇ ਹਿੰਦੁਸਤਾਨ ਲਈ ਟੁਰ ਪਿਆ। ਉਸ ਦੀ ਵਾਪਸੀ ਕਾਰਣ ਉਸ ਦੇ ਹਮਾਇਤੀ ਚੜ੍ਹਦੀ ਕਲਾ ਵਿਚ ਸਨ। ਉਸ ਨੂੰ ਅਦੱਨ ਵਿਖੇ ਗ੍ਰਿਫ਼ਤਾਰ ਕਰ ਲਿਆ ਗਿਆ। ਅਦੱਨ

---

1. See Lady Login, *Sir John Login and Duleep Singh*, London, W.H.Allen & Co., 1890, p. 492.

2. Lepel Griffin's article in *Asiatic Quarterly* (1894), as quoted in Fauja Singh Bajwa, *Kuka Movement*, Motilal Banarsidass, Delhi, 1965, p. 204.

ਵਿਖੇ ਇਕ ਸਿੱਖ ਪਲਟਨ ਮੌਜੂਦ ਸੀ ਅਤੇ ਉਨ੍ਹਾਂ ਦੀ ਕ੍ਰਿਪਾਲਤਾ ਸਦਕਾ ਉਸ ਸਿੱਖ ਧਰਮ ਵਿਚ ਮੁੜਕੇ ਪ੍ਰਵੇਸ਼ ਕੀਤਾ।

ਉਸ ਇੰਗਲਿਸਤਾਨ ਵਾਪਸ ਜਾਣ ਤੋਂ ਨਾਂਹ ਕਰ ਦਿੱਤੀ ਤੇ ਪੈਰਿਸ ਪਰਤ ਗਿਆ। ਉਥੋਂ ੭ ਫਰਵਰੀ ੧੮੮੭ ਨੂੰ ਉਸ ਨੇ ਆਪਣੇ ਦੇਸ਼ ਵਾਸੀਆਂ ਦੇ ਨਾਂ ਇਕ ਛਪਿਆ ਹੋਇਆ ਫੁਰਮਾਨ (ਐਲਾਨ) ਜਾਰੀ ਕੀਤਾ। ਜਿਸ ਵਿਚ ਉਸ ਨੇ ਆਪਣੇ ਦੇਸ਼ ਵਾਸੀਆਂ ਨੂੰ ਇਸ ਪ੍ਰਕਾਰ ਸੰਬੋਧਿਤ ਕੀਤਾ, "ਤੁਹਾਡਾ ਆਪਣਾ ਸਾਕ ਸੈਣ ਸਾਥੀ ਤੁਹਾਨੂੰ ਆਖਦਾ ਹੈ ਕਿ ਹੁਣ ਤੁਸੀਂ ਨੀਵੀਂ ਨਾ ਪਾਉ, ਢਾਊ ਬ੍ਰਿਤੀਆਂ ਤਿਆਗੋ ਕਿਉਂਕਿ "ਨਜਾਤ ਦੀ ਘੜੀ ਨੇੜੇ ਹੈ। ਵਾਹਿਗੁਰੂ ਜੀ ਕੀ ਕ੍ਰਿਪਾ ਦੁਆਰਾ ਆਰਯਾ-ਵਰਤ ਮੁੜ ਕੇ ਸੁਤੰਤਰਤਾ ਪ੍ਰਾਪਤ ਕਰੇਗਾ ਅਤੇ ਪੁਨਰ ਜਾਗਰਿਤ ਨੌਜਵਾਨ ਹਿੰਦੁਸਤਾਨ ਦੀ ਆਜ਼ਾਦੀ ਅਤੇ ਸੁਸ਼ਾਸ਼ਿਨ ਰਾਜ ਪ੍ਰਬੰਧ ਪ੍ਰਾਪਤ ਕਰੇਗਾ।" ਫੁਰਮਾਨ (ਐਲਾਨ ਨਾਮਾ) ਦੇ ਅਖ਼ੀਰ ਵਿਚ ਆਖਿਆ ਗਿਆ: "ਖ਼ਾਲਸਾ ਜੀ ਤੁਸੀਂ ਸਾਖੀਆਂ ਵਿਚਾਰੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਦਸਵੇਂ ਪਾਤਸ਼ਾਹ (ਗੁਰੂ ਗੋਬਿੰਦ ਸਿੰਘ) ਨੇ ਤੁਹਾਡੇ ਉਜਲੇ ਭਵਿਖਤ ਬਾਰੇ ਭਵਿਸ਼ ਬਾਣੀ ਕੀਤੀ ਹੋਈ ਹੈ।"

ਰੂਸ ਪੁਜ ਕੇ ਦਲੀਪ ਸਿੰਘ ਨੇ ਆਪਣੇ ਦੇਸ਼ ਵਾਸੀਆਂ ਨੂੰ ਸਪੱਸ਼ਟ ਸ਼ਬਦਾਂ ਵਿਚ ਆਖਿਆ ਕਿ ਅੰਗਰੇਜ਼ਾਂ ਵਿਰੁਧ ਮੁਹਿੰਮ ਵਿਚ ਉਸ ਦੀ ਸਹਾਇਤਾ ਕਰਨ। ਲੰਡਨ ਦੇ ਟਾਇਮਜ਼ ਅਖ਼ਬਾਰ ਨੇ ਮਿੱਤੀ ੫ ਅਗਸਤ ੧੮੮੯ ਵਾਲੇ ਆਪਣੇ ਅੰਕ ਵਿਚ ਇਸ ਬਾਗੀਆਨਾ ਐਲਾਨ ਨੂੰ ਸੰਖੇਪ ਵਿਚ ਇਸ ਤਰ੍ਹਾਂ ਛਾਪਿਆ: "ਪ੍ਰੈਸ ਵਿਚ ਮਹਾਰਾਜਾ ਦਲੀਪ ਸਿੰਘ ਵਲੋਂ ਆਪਣੇ ਦੇਸ਼ ਵਾਸੀਆਂ ਹਿੰਦੁਸਤਾਨੀਆਂ ਪ੍ਰਤੀ ਇਕ ਅਜੀਬ ਐਲਾਨ ਛਾਪਿਆ ਗਿਆ ਹੈ। ਭਵਿਸ਼ ਦੇ ਸੁਪਨੇ ਦੇਖਦਾ ਉਹ ਆਪਣੇ ੨੫ ਕਰੋੜ ਦੇਸ਼ ਵਾਸੀਆ ਕੋਲੋਂ ਇਕ ਪੈਸਾ ਪ੍ਰਤੀ ਜੀਅ ਸਰਕਾਰੀ ਕਰ ਮੰਗਦਾ ਹੈ। ਇਸ ਦਸਤਾਵੇਜ਼ ਵਿਚ ਭਾਰਤ ਦੇ ਲੋਕਾਂ ਨੂੰ ਕਰ ਦੇਣ ਤੋਂ ਮੁਨਕਰ ਹੋਣ ਲਈ ਕਿਹਾ ਗਿਆ ਹੈ, ਟੈਕਸ ਦੇਣ ਦੀ ਮਨਾਹੀ ਕੀਤੀ ਗਈ ਹੈ, ਗਊ ਬੱਧ ਮਨਾਹ ਕੀਤਾ ਗਿਆ ਹੈ, ਕੈਦੀਆਂ ਨੂੰ ਛੱਡੇ ਜਾਣ ਲਈ ਕਿਹਾ ਹੈ ਅਤੇ ਜਿਨ੍ਹਾਂ ਲੋਕਾਂ ਨੂੰ ਬਰਤਾਨਵੀ ਹਾਕਮਾਂ ਨੇ ਨਾ ਹੱਕੇ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਨੂੰ ਉਨ੍ਹਾਂ ਦੇ ਹੱਕ ਮੁੜਕੇ ਦਿਤੇ ਜਾਣ ਦਾ ਇਕਰਾਰ ਕੀਤਾ ਗਿਆ ਹੈ। ਉਸ ਦਾ ਇਰਾਦਾ ਇਹ ਹੈ ਕਿ ਰੂਸ ਦੀ ਪਦਾਰਥਕ ਸਹਾਇਤਾ ਨਾਲ ਇਕ ਯੂਰਪੀ ਫੌਜ ਤਿਆਰ ਕਰ ਕੇ ਹਿੰਦੁਸਤਾਨ ਵਿਚ ਪ੍ਰਵੇਸ਼ ਕਰੇ।"

ਇਨ੍ਹਾਂ ਸਭ ਗੱਲਾ ਨਾਲ ਪੰਜਾਬ ਵਿਚ ਬੜਾ ਰੌਲਾ ਪੈ ਗਿਆ। ਚਾਰੇ ਪਾਸੇ ਅਫਵਾਹਾਂ ਉੱਡ ਰਹੀਆਂ ਸਨ। ਮਹਾਰਾਜ ਦੇ ਹਮਾਇਤੀ ਇਸ ਗਲ ਦੀ ਭਵਿਸ਼ ਬਾਣੀ ਕਰਦੇ ਸਨ ਕਿ ਉਸ ਵਾਪਸ ਆਵੇਗਾ ਤੇ ਅੰਤ ਅਜੇਹਾ ਹੀ ਰਾਜ ਪ੍ਰਾਪਤ ਕਰਨੀ ਹੈ। ਬਾਬਾ ਨਿਹਾਲ ਸਿੰਘ ਨੇ ਉਰਦੂ ਵਿਚ ਲਿਖੀ ਆਪਣੀ ਪੁਸਤਕ "ਖੁਰਸ਼ੀਦ ਖਾਲਸਾ"

ਵਿਚ ਇਸ ਦਾ ਜ਼ਿਕਰ ਕੀਤਾ ।[1] ਸਿੱਖਾਂ ਦੇ ਕੁਝ ਧੜੇ-ਖ਼ਾਲਸਾ ਰਾਜ ਦੀ ਪੁਨਰ-ਸਥਾਪਨਾ ਬਾਰੇ ਸੁਪਨੇ ਲੈਣ ਲਗ ਪਏ । ਕੁਝ ਸਿੱਖ ਰੇਜਮੈਂਟਾਂ ਦੇ ਫ਼ੌਜੀ ਰੈਜਮੈਂਟਾਂ ਛੱਡ ਗਏ । ਸਰਕਾਰ ਨੇ ਇਸ ਅੰਦੋਲਨ ਨੂੰ ਸਖ਼ਤੀ ਨਾਲ ਦਬਾਇਆ । ਠਾਕਰ ਸਿੰਘ ਸੰਧਾਵਾਲੀਆ ਜਿਸ ਨੂੰ ਸਰਕਾਰੀ ਕਾਗ਼ਜ਼ਾਂ ਵਿਚ "ਦਲੀਪ ਸਿੰਘ ਨੂੰ ਉਤੇਜਿਤ ਕਰਨ ਵਾਲਾ ਦੋਸਤ" ਦਸਿਆ ਗਿਆ ਸੀ ਇਸ ਗੱਲ ਲਈ ਮਜਬੂਰ ਹੋ ਗਿਆ ਸੀ ਕਿ ਹਿੰਦੁਸਤਾਨ ਛੱਡ ਕੇ ਪਾਂਡੀਚਰੀ ਦੇ ਫ਼ਰਾਂਸੀਸੀ ਇਲਾਕੇ ਵਿਚ ਪਨਾਹ ਲਏ ਅਤੇ ਉਹ ਆਪਣੇ ਜੀਵਨ ਦੇ ਅੰਤ ਤਕ ਉਥੇ ਹੀ ਰਿਹਾ ।

ਜਿਸ ਵੇਲੇ ਸਿੰਘ ਸਭਾ ਲਹਿਰ ਚਲੀ ਤਾਂ ਇਸ ਤੋਂ ਪਹਿਲਾਂ ਪ੍ਰਚਲਿਤ ਕੂਕਾ ਜਾਂ ਨਾਮਧਾਰੀ ਲਹਿਰ ਆਪਣੇ ਰੱਤ ਭਿੰਨੇ ਸਿਖਰ ਨੂੰ ਜਾ ਅੱਪੜੀ । ਕੂਕਿਆਂ ਦੀ ਸੁਧਾਰਕ ਲਹਿਰ ਦਾ ਪ੍ਰਯੋਜਨ ਇਹ ਸੀ ਕਿ ਜਾਤ ਪਾਤ ਦੇ ਵਿਤਕਰੇ ਦੂਰ ਕੀਤੇ ਜਾਣ । ਬੱਚਾ ਕੁਸ਼ੀ ਨੂੰ ਬੰਦ ਕੀਤਾ ਜਾਏ ਅਤੇ ਸਿੱਖ ਰਹੁ ਰੀਤਾਂ ਦਾ ਸਰਲੀਕਰਨ ਕੀਤਾ ਜਾਏ । ਇਨ੍ਹਾਂ ਨੇ ਗਾਂਧੀ ਦੇ ਦੇਸ਼ ਭਗਤੀ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਸਵੈਦੇਸ਼ੀ ਵਸਤੂਆਂ ਦੀ ਵਰਤੋਂ ਨੂੰ ਅਪਣਾਇਆ ਅਤੇ ਇਸ ਤਰ੍ਹਾਂ ਇਨ੍ਹਾਂ ਦੀ ਲਹਿਰ ਦਾ ਇਕ ਲੁਕਵਾਂ ਪੱਖ ਰਾਜਸੀ ਸੀ । ਇਨ੍ਹਾਂ ਨੇ ਅੰਗਰੇਜ਼ੀ ਵਿਦਿਆ ਮਸ਼ੀਨੀ ਕਪੜੇ ਤੇ ਬਰਆਮਦ ਕੀਤੀਆਂ ਵਸਤੂਆਂ ਦਾ ਬਾਈਕਾਟ ਕੀਤਾ । ਸਰਕਾਰੀ ਨੌਕਰੀਆਂ, ਅਦਾਲਤਾਂ ਅਤੇ ਡਾਕਖ਼ਾਨੇ ਜਿਹੜੇ ਬਰਤਾਨਵੀ ਸਰਕਾਰ ਦਾ ਵਰਦਾਨ ਸਨ, ਸਭ ਨੂੰ ਇਨ੍ਹਾਂ ਨੇ ਤਿਲਾਂਜਲੀ ਦੇ ਦਿੱਤੀ । ੧੮੫੭ ਤੇ ਗਦਰ ਵਿਚ ਅੰਗਰੇਜ਼ਾਂ ਦੀ ਚੰਗੀ ਭੁਤਨੀ ਭੁਲੀ ਅਤੇ ਇਸ ਲਹਿਰ ਦੀ ਉਨ੍ਹਾਂ ਨੂੰ ਬੜੀ ਚਿੰਤਾ ਹੋਈ । ਕੂਕੇ ਗਾਊ ਰਖਿਆ ਦੇ ਬੜੇ ਉਤਸ਼ਾਹੀ ਸਮਰਥਕ ਸਨ । ਅੰਤ ਵਿਚ ਇਸੇ ਕਰਕੇ ਉਨ੍ਹਾਂ ਦੀ ਸਰਕਾਰ ਨਾਲ ਟੱਕਰ ਹੋਈ । ਉਨ੍ਹਾਂ ਵਿਚੋਂ ਬਹੁਤ ਸਾਰੇ ਫੜੇ ਗਏ ਅਤੇ ਫੜੇ ਜਾਣ ਵਾਲਿਆਂ ਨੂੰ ਬੰਗਾਲ ਐਕਟ (੧੮੧੮) ਅਧੀਨ ਜਲਾਵਤਨ ਕਰਕੇ ਬਰਮਾ ਭੇਜ ਦਿਤਾ ਗਿਆ । ਅਖੀਰਲੇ ਮੁਗਲ ਸ਼ਹਿਨਸ਼ਾਹ ਬਹਾਦਰ ਸ਼ਾਹ ਨੂੰ ੧੮੫੭ ਵਿਚ ਦਿੱਲੀ ਤੋਂ ਏਸੇ ਕਾਨੂੰਨ ਅਧੀਨ ਜਲਾਵਤਨ ਕੀਤਾ ਗਿਆ ਸੀ । ਕਿਸੇ ਪਰਕਾਰ ਦਾ ਕਾਨੂੰਨੀ ਪ੍ਰਬੰਧ ਕੀਤੇ ਬਗ਼ੈਰ ੧੮੭੨ ਵਿਚ ੬੫ ਕੂਕਿਆਂ ਨੂੰ ਮਲੇਰ ਕੋਟਲਾ ਵਿਖੇ, ਤੋਪਾਂ ਅੱਗੇ ਬੰਨ੍ਹ ਕੇ ਉੱਡਾ ਦਿਤਾ ਗਿਆ ।

---

1. *Political Suggestions, Information and other Services of Sardar Sir Attar Singh*, published by the family for private circulation.

# ਵਿਰਸਾ ਤੇ ਮੁਢਲੇ ਸਾਲ

ਅਜਿਹੇ ਉੱਥਲ ਪੁੱਥਲ ਦੇ ਜੁੱਗ ਵਿਚ ਭਾਈ ਵੀਹ ਸਿੰਘ ਦਾ ਜਨਮ ੫ ਦਸੰਬਰ ੧੮੭੨ ਨੂੰ ਹੋਇਆ। ਉਸਦੇ ਵੱਡਿਕੇ ਦੋ ਪੀੜ੍ਹੀਆਂ ਤੋਂ ਅੰਮ੍ਰਿਤਸਰ ਦੇ ਪਵਿਤਰ ਵਿਦਿਆਧਾਮ ਵਿਚ ਰਹਿੰਦੇ ਰਹੇ ਸਨ। ਇਸ ਸਮੇਂ ਵਿਚ ਉਹ ਆਪਣੇ ਨਵੇਂ ਆਗਮਨ ਅਸਥਾਨ ਦੇ ਸ਼ਿਸ਼ਟਾਚਾਰਕ ਚੱਜ ਆਚਾਰ ਨੂੰ ਪੂਰੀ ਤਰ੍ਹਾਂ ਆਪਣਾ ਚੁਕੇ ਸਨ। ਉਸਦੇ ਵੱਡਿਕੇ ਮੁਲਤਾਨ ਤੋਂ ਆਏ ਸਨ ਅਤੇ ਮੁਲਤਾਨ ਮੁਗਲ ਕਾਲ ਤੋਂ ਹੀ ਹਫੜਾ ਦਫੜੀ ਦਾ ਗੜ੍ਹ ਰਿਹਾ ਸੀ। ਉਥੇ ਵੀ ਭਾਈ ਵੀਰ ਸਿੰਘ ਦੇ ਵਡਿਕਿਆਂ ਨੇ ਮੁਲਤਾਨ ਦੇ ਇਤਿਹਾਸ ਵਿਚ ਭਲੇ ਬੁਰੇ ਸਮੇਂ ਮਹੱਤਤਾ ਪੂਰਨ ਹਿਸਾ ਪਾਇਆ ਸੀ। ਉਹ ਸਰਕਾਰੇ ਦਰਬਾਰੇ ਅਹੁਦੇਦਾਰ ਰਹੇ ਸਨ ਤੇ ਵਜ਼ੀਰੀਆਂ ਪ੍ਰਾਪਤ ਕੀਤੀਆਂ ਸਨ। ਖ਼ਾਨਦਾਨ ਦਾ ਇਕ ਪ੍ਰਮੁਖ ਵਿਅਕਤੀ ਕੌੜਾ ਮਲ (ਜੋ ੧੭੫੨ ਵਿਚ ਕਾਲਵਾਸ ਹੋਇਆ) ਸੀ ਉਹ ਤਲਵਾਰ ਦਾ ਧਨੀ ਹੋਣ ਦੇ ਨਾਲ ਨਾਲ ਹੀ ਰਾਜ ਨੀਤੀ ਵਿਚ ਵੀ ਨਿਪੁੰਨ ਸੀ। ਉੱਥਲ ਪੁੱਥਲ ਦੇ ਜ਼ਮਾਨੇ ਵਿਚ ਦੋ ਪਰਸਪਰ ਵਿਰੋਧੀ ਧੜਿਆਂ ਦਾ ਸਤਿਕਾਰ ਉਸ ਨੂੰ ਪ੍ਰਾਪਤ ਸੀ ਅਤੇ ਇਹ ਗੱਲ ਲਖਾਇਕ ਹੈ ਉਸ ਦੇ ਨਿੱਜੀ ਗੁਣਾਂ ਅਤੇ ਮਾਨਵੀ ਸਿਫ਼ਤਾਂ ਦੀ। ਕੌੜਾ ਮਲ, ਮੁਲਤਾਨ ਦੇ ਗਵਰਨਰ ਦੇ ਵਜ਼ੀਰ ਵਾਲੂ ਮਲ ਦਾ ਪੁਤਰ ਸੀ ਅਤੇ ਪਹਿਲਾਂ ਪਹਿਲ ਉਹ ਲਾਹੌਰ ਦਰਬਾਰ ਅਧੀਨ ਫੌਜੀ ਸਿਪਾਹੀ ਭਰਤੀ ਹੋਇਆ ਪਰ ਅੰਤ ਨੂੰ ਲਾਹੌਰ ਦਰਬਾਰ ਦਾ ਮੁਖ ਮੰਤਰੀ ਬਣਿਆ। ਉਸ ਸਮੇਂ ਸਿਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਜ਼ਾਰੀ ਸੀ ਅਤੇ ਸਰਕਾਰ ਐਲਾਨੀਆਂ ਤੌਰ ਤੇ ਇਸ ਗਲ ਤੇ ਤੁਲੀ ਹੋਈ ਸੀ।

ਕੌੜਾ ਮਲ ਸਿਖਾਂ ਦਾ ਹਿਤੈਸ਼ੀ ਸੀ, ਉਹ ਸਿਖੀ ਦਾ ਅਨੁਯਾਈ ਸੀ ਭਾਵੇਂ ਉਸ ਨੇ ਬਾਹਰਲੇ ਮਰਿਆਦਿਕ ਖਾਲਸਾਈ ਚਿੰਨ੍ਹ ਨਹੀਂ ਸਨ ਅਪਣਾਏ। ਉਹ ਸਿਖਾਂ ਵਿਚ ਇੰਨਾ ਹਰਮਨ ਪਿਆਰਾ ਹੋ ਗਿਆ ਸੀ ਕਿ ਆਪਣੇ ਜੰਗਲਵਾਸ ਵਿਖੇ ਜਿਥੇ ਕਿ ਉਹ ਆਪਣੀ ਜਾਨ ਬਚਾਉਣ ਲਈ ਰਹਿੰਦੇ ਸਨ, ਸਿੱਖ ਉਸਨੂੰ ਕੌੜਾ ਮਲ ਦੀ ਥਾਂ ਮਿਠਾ ਮਲ ਦੇ ਨਾਂ ਨਾਲ ਯਾਦ ਕਰਦੇ ਸਨ।

ਕੌੜਾ ਮਲ ਨੇ ਵਿਉਂਤ ਬਧ ਢੰਗ ਨਾਲ ਆਪ ਵਿਚ ਪੈ ਕੇ ਸਿਖਾਂ ਨੂੰ ਕੁਝ ਸਮੇਂ ਲਈ ਜਾਬਰਾਂ ਦੇ ਜ਼ੁਲਮਾ ਤੋਂ ਬਚਾਇਆ ਅਤੇ ਨਾਲ ਹੀ ਕੁਝ ਇਲਾਕਿਆਂ ਵਿਚ ਸਰਕਾਰੀ ਵਸੂਲੀ ਦਾ ਹੱਕ ਉਨ੍ਹਾਂ ਨੂੰ ਦਵਾਇਆ। ਇਸ ਹੱਕ ਦਾ ਸਦਕਾ ਹੀ ਪਿਛੋਂ ਜਾ ਕੇ ਸਿਖਾਂ ਨੂੰ ਰਾਜਸੀ ਅਧਿਕਾਰ ਪ੍ਰਾਪਤ ਹੋਇਆ। ਉਸ ਨੇ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੇ ਨਾਂ ਜਾਇਦਾਦ ਲਗਾਈ ਤੇ ਗੁਰੂ ਨਾਨਕ ਦੀ ਯਾਦ ਵਿਚ ਇਕ ਗੁਰਦੁਆਰਾ ਉਨ੍ਹਾਂ ਦੇ ਜਨਮ ਅਸਥਾਨ ਨਾਨਕਾਣਾ ਸਾਹਿਬ ਵਿਖੇ ਸਥਾਪਤ ਕੀਤਾ। ਅਠਾਰਵੀਂ ਸ਼ਤਾਬਦੀ ਵਿਚ ਸਿਖਾਂ ਵਲੋਂ ਚਲਾਏ ਜਾ ਰਹੇ ਵਿਦਰੋਹ ਦਾ ਆਗੂ ਜੱਸਾ ਸਿੰਘ ਆਹਲੂਵਾਲੀਆ ਕੌੜਾ ਮੱਲ ਦਾ ਹਿਤੂ ਸਨੇਹੀ ਸੀ ਅਤੇ ਕੌੜਾ ਮਲ ਨੇ ਮੁਲਤਾਨ ਦੀ ਬਗਾਵਤ ਨੂੰ ਦਬਾਉਣ ਲਈ ਲਾਹੌਰ ਦੇ ਮੁਗਲ ਗਵਰਨਰ ਮੀਰ ਮੰਨੂੰ ਦੀ ਸਹਾਇਤਾ ਲਈ ਆਪਣੇ ਸਨੇਹੀ ਨੂੰ ਰਜ਼ਾਮੰਦ ਕੀਤਾ।

ਕੌੜਾ ਮਲ ਨੇ ਜਿਹੜੀ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ, ਉਸਦਾ ਸਦਕਾ ਉਸ ਨੂੰ ਮੁਲਤਾਨ ਦਾ ਗਵਰਨਰ ਥਾਪਿਆ ਗਿਆ ਅਤੇ ਉਸਨੂੰ ਮਹਾਰਾਜ ਬਹਾਦਰ ਦੀ ਉਪਾਧੀ ਵੀ ਦਿਤੀ ਗਈ। ਜਦੋਂ ਅਹਿਮਦ ਸ਼ਾਹ ਦੁਰਾਨੀ ਨੇ ਹਿੰਦੁਸਤਾਨ ਉਤੇ ਤੀਸਰਾ ਹੱਲਾ ਕੀਤਾ ਤਾਂ ਕੌੜਾ ਮਲ ਲੜਾਈ ਵਿਚ ਮਾਰਿਆ ਗਿਆ[1]।

ਉਸ ਦਾ ਟੱਬਰ ਮੁਲਤਾਨ ਵਿਖੇ ਖਾਨਦਾਨੀ ਜਗੀਰ ਤੇ ਆ ਵਸਿਆ। ਇਹ ਜਗੀਰ ਗੜ੍ਹ ਮਹਾਰਾਜ ਦੇ ਨਾਂ ਨਾਲ ਪ੍ਰਸਿਧ ਸੀ। ਉਥੇ ਇਸ ਪਰਿਵਾਰ ਦੇ ਜੀਆ ਸੁਖ ਆਰਾਮ ਨਾਲ ਪ੍ਰਭਾਵਸ਼ਾਲੀ ਜੀਵਨ ਬਿਤਾਉਂਦੇ ਰਹੇ ਪਰ ਛੇਵੀਂ ਪੀੜ੍ਹੀ ਵੇਲੇ ਟੱਬਰ ਦੇ ਮੁਖੀ ਕਾਹਨ ਸਿੰਘ ਨੇ ਘਰ ਬਾਰ ਤਿਆਗ ਦਿਤਾ। ਉਹ ਬਚਪਣੇ ਤੋਂ ਹੀ ਉਪਰਾਮ ਤਬੀਅਤ ਵਾਲਾ ਸੀ। ਉਸਦਾ ਪਿਤਾ ਕੁਵੇਲੇ ਕਾਲਵਾਸ ਹੋ ਗਿਆ ਅਤੇ ਏਸੇ ਦੁਖ ਦਾ ਗ੍ਰਸਿਆ ਉਹ ਹੋਰ ਵੀ ਉਪਰਾਮ ਹੋ ਗਿਆ। ਉਹ ਚੁਪ ਚੁਪਾਤੇ ਹੀ ਗੜ੍ਹ ਮਹਾਰਾਜ ਤੋਂ ਚਲਿਆ ਗਿਆ। ਅੱਠ ਦਿਨਾਂ ਦਾ ਸਫਰ ਕਰਕੇ ਉਹ ਅੰਮ੍ਰਿਤਸਰ ਪੁਜਾ। ਅੰਮ੍ਰਿਤਸਰ ਵਿਖੇ ਉਸ ਸਮੇਂ ਅਨੇਕ ਡੇਰੇ ਸਨ! ਇਹ ਡੇਰੇ ਪਰੰਪਰਕ ਧਰਮ ਵਿਦਿਆ ਦੇ ਕੇਂਦਰ ਸਨ। ਇਨ੍ਹਾਂ ਵਿਚੋਂ ਸਾਰਿਆਂ ਤੋਂ ਪ੍ਰਸਿਧ ਡੇਰਾ ਸੰਤ ਰਾਮ ਦਿਆਲ ਦਾ ਸੀ ਅਤੇ ਕਾਹਨ ਸਿੰਘ ਉਥੇ ਹੀ ਜਾ ਟਿਕਿਆ।

ਤਿੰਨ ਸਾਲ ਤਕ ਉਹ ਪਵਿਤਰ ਭਾਵਨਾ ਤੇ ਸੰਜਮੀ ਢੰਗ ਨਾਲ ਅਧਿਐਨ ਕਰਦਾ ਰਿਹਾ ਅਤੇ ਫੇਰ ਇਕ ਸਾਧ ਮੰਡਲੀ ਨਾਲ ਹਰਿਦੁਆਰ ਚਲਿਆ ਗਿਆ। ਬਾਰਾਂ ਸਾਲ ਉਹ ਅਧਿਆਤਮਿਕ ਪ੍ਰੇਰਨਾ ਵਸ ਥਾਂ ਥਾਂ ਫਿਰਦਾ ਰਿਹਾ। ਜਦੋਂ ਉਹ ਅੰਮ੍ਰਿਤਸਰ ਮੁੜਿਆ ਤਾਂ ਉਸ ਦੀ ਮਾਤਾ ਉਸਦੀ ਖੋਜ ਕਰਦੀ ਡੇਰੇ ਪੁਜੀ ਅਤੇ ਸੰਤੋਖ ਭਰੇ ਪਿਆਰ ਸਨੇਹ ਦਾ ਸਦਕਾ ਉਸ ਨੂੰ ਦੁਨੀਆਂ ਵਲ ਮੋੜਿਆ। ਉਸ ਨੂੰ ਵਿਆਹ ਕਰਾਉਣ ਲਈ

---

1. ਕੌੜਾ ਮੱਲ ਬਾਰੇ ਅਨੇਕ ਇਤਿਹਾਸਕ ਖੋਜ ਪਤਰਕਾਵਾਂ ਮਿਲਦੀਆਂ ਹਨ। ਡਾ: ਗੰਡਾ ਸਿੰਘ ਨੇ ਵੀ ਇਕ ਅਜਿਹੀ ਖੋਜ ਪਤਰਕਾ ਲਿਖੀ ਹੈ।

ਰਜ਼ਾਮਦ ਕੀਤਾ ਤੇ ਉਹ ਟਬਰ ਟੋਰ ਦੇ ਆਹਰੇ ਲਗ ਗਿਆ । ਸਵਾ ਰੁਪਿਆ ਤੇ ਗੁੜ ਦੀ ਰੋੜੀ ਬਦਲੇ ਕਟੜਾ ਗਰਭਾ ਸਿੰਘ ਜਿਹੜੀ ਜ਼ਮੀਨ ਖਰੀਦੀ ਗਈ ਸੀ, ਉਸ ਥਾਂ ਆਪਣੀ ਰਿਹਾਇਸ਼ ਲਈ ਮਕਾਨ ਉਸਾਰਿਆ । ਵੈਦਗੀ ਦਾ ਕੰਮ ਕਰਨ ਤੋਂ ਛੁਟ ਉਹ ਸੰਸਕ੍ਰਿਤ ਲਿਖਤਾਂ ਦਾ ਉਤਾਰਾ ਕਰਦਾ ਸੀ ਅਤੇ ਬ੍ਰਿਜ ਭਾਸ਼ਾ ਵਿਚ ਕਾਵਿ ਰਚਨਾ ਵੀ ਕਰਦਾ ਸੀ । ਇਸ ਤਰ੍ਹਾਂ ਉਸ ਨੇ ਆਪਣੀ ਖਾਨਦਾਨ ਦੀ ਪੁਰਾਤਨ ਤੇ ਵਿਦਿਅਕ ਪਿਤਾ ਪੁਰਖੀ ਦਾ ਮੁਢ ਬੰਨ੍ਹਿਆ ।

ਬਾਬਾ ਕਾਹਨ ਸਿੰਘ ਭਾਈ ਵੀਰ ਸਿੰਘ ਦਾ ਪੜਦਾਦਾ ਸੀ । ਬਾਬਾ ਕਾਹਨ ਸਿੰਘ ਨੇ ਆਪਣੇ ਇਕਲੌਤੇ ਪੁਤਰ ਚਰਨ ਸਿੰਘ[1] ਦਾ ਪਾਲਨ ਪੋਸਨ ਬੜੇ ਸਨੇਹ ਨਾਲ ਪ੍ਰੰਤੂ ਕਰੜਾਈ ਨਾਲ ਕੀਤਾ । ਚਰਨ ਸਿੰਘ ਦੇ ਲਾਭ ਹਿੱਤ ਗੁਰੂ ਗ੍ਰੰਥ ਸਾਹਿਬ ਦਾ ਇਕ ਵਿਸ਼ੇਸ਼ ਟੀਕਾ ਕੀਤਾ ਗਿਆ । ਚੜ੍ਹਦੀ ਜਵਾਨੀ ਵਿਚ ਪੈਰ ਧਰ ਰਹੇ ਮੁੰਡੇ ਦੀਆਂ ਨਜ਼ਰਾਂ ਅਗੇ ਟੀਕਾ ਖ਼ੂਬਸੂਰਤ ਗੁਰਮੁਖੀ ਖਬਰਾਂ ਵਿਚ ਲਿਖਿਆ ਜਾ ਰਿਹਾ ਸੀ ਤੇ ਉਸਦਾ ਇਕ ਚਾਚਾ ਉਸਦੇ ਲਈ ਸਿਆਹੀ ਘੋਲਦਾ ਹੁੰਦਾ ਸੀ ਅਤੇ ਚਰਨ ਸਿੰਘ ਆਪ ਇਸ ਕੰਮ ਦੇ ਵਿਚ ਉਸਦੀ ਸਹਾਇਤਾ ਕਰਦਾ ਹੁੰਦਾ ਸੀ । ਜਦੋਂ ਇਹ ਕਾਰਜ ਸੰਪੂਰਨ ਹੋਇਆ ਤਾਂ ਖੁਸ਼ੀ ਮਨਾਈ ਗਈ ਪ੍ਰਸ਼ਾਦ ਵੰਡਿਆ ਗਿਆ ਅਤੇ ਦਾਨ ਪੁੰਨ ਕੀਤਾ ਗਿਆ ।

ਚਰਨ ਸਿੰਘ ਨੂੰ ਸੰਸਕ੍ਰਿਤ, ਬ੍ਰਿਜ, ਛੰਦ ਗੁਰਮਤਿ ਸਾਹਿਤ ਅਤੇ ਆਯੁਰਵੈਦਕ ਦਵਾ ਦਾਰੂ ਦੀ ਸਿਖਲਾਈ ਦਿਤੀ ਗਈ ! ਇਸ ਤੋਂ ਛੁੱਟ ਉਸ ਅੰਗਰੇਜ਼ੀ ਫ਼ਾਰਸੀ ਤੇ ਡਾਕਟਰੀ ਵੀ ਪੜ੍ਹੀ । ਉਹ ਸਰਕਾਰੀ ਡਿਸਪੈਂਸਰੀ ਵਿਚ ਨੌਕਰ ਹੋ ਗਿਆ ਪਰ ਜਲਦੀ ਹੀ ਨਿੱਜੀ ਪ੍ਰੈਕਟਿਸ ਕਰਨ ਦਾ ਵਿਚਾਰ ਬਣਾ ਲਿਆ ਤੇ ਸਾਹਿਤ ਸਾਧਨਾ ਵੀ ਸ਼ੁਰੂ ਕਰ ਦਿਤੀ, ਉਹ ਕਲਮ ਦਾ ਧਨੀ ਸੀ ਅਤੇ ਸਾਹਿਤ ਦੇ ਅੱਡ ਅੱਡ ਰੂਪਾਂ ਉਤੇ ਉਸ ਨੇ ਹੱਥ ਅਜ਼ਮਾਇਆ ।

ਕਾਵਿ ਰਚਨਾ ਵਿਚ ਉਸ ਦੀ ਵਿਸ਼ੇਸ਼ ਰੁਚੀ ਸੀ ਤੇ ਆਪ ਕਵੀਸ਼ਰੀ ਕਰਨ ਤੋਂ ਛੁੱਟ ਉਹ ਕਾਵਿ ਮੰਡਲੀਆਂ ਦੀ ਪ੍ਰਧਾਨਗੀ ਵੀ ਕਰਦਾ ਸੀ । ਬ੍ਰਿਜ ਕਾਵਿ ਦਾ ਰਵਾਜ ਉਨ੍ਹਾਂ ਦਿਨਾਂ ਵਿਚ ਆਮ ਸੀ ਅਤੇ ਡਾ: ਚਰਨ ਸਿੰਘ ਨੇ ਬ੍ਰਿਜ ਦੀ ਵਰਤੋਂ ਵਧੇਰੇ ਗੰਭੀਰ ਵਿਸ਼ਿਆਂ ਨੂੰ ਕਾਵਿ ਬ੍ਰਿਤਾਂਤ ਵਜੋਂ ਵਰਤਣ ਲਈ ਕੀਤੀ ਜਿਹਾ ਕਿ ਸ੍ਰੀ ਅਟੱਲ ਪ੍ਰਕਾਸ਼, ਦਸਮ ਗੁਰੂ ਚਰਿਤ੍ਰ ਆਦਿ ਰਚਨਾਵਾਂ ਤੋਂ ਪ੍ਰਗਟ ਹੁੰਦਾ ਹੈ । ਉਸ ਨੇ ਸ਼ਕੁੰਤਲਾ ਨਾਟਕ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਅਤੇ ਮੁਖਬੰਦ ਵਿਚ ਉਨ੍ਹਾਂ ਔਕੜਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਕਾਰਨ ਮੌਲਿਕ ਰਚਨਾ ਦੇ ਸੂਖਮ ਭਾਵੀ ਕਾਵਿ ਬਿੰਬਾਂ ਨੂੰ ਇਕ ਅਜਿਹੀ ਭਾਸ਼ਾ ਵਿਚ ਪ੍ਰਗਟਾਉਣਾ ਅਤਿ ਕਠਨ ਹੈ ਜਿਸ ਭਾਸ਼ਾ ਵਿਚ ਕਿ ਉਸ ਸਮੇਂ ਤਕ ਇਕ ਨਾਟਕ ਵੀ ਨਹੀਂ ਸੀ ਲਿਖਿਆ ਗਿਆ । ਗੁਰੂ ਗ੍ਰੰਥ ਸਾਹਿਬ ਵਿਚਲ਼ੀ

1. ਆਪ ਦੇ ਪੁੱਤਰ ਡਾ: ਬਲਬੀਰ ਸਿੰਘ ਨੇ 'ਸ੍ਰੀ ਚਰਨੁ ਹਰੀ ਵਿਸਥਾਰ' (Vol.I, Part II) Khalsa Samachar, Amritsar, 1945 ਵਿਚ ਇਸ ਬਾਰੇ ਰੌਚਕ ਤੇ ਨਾਟਕੀ ਢੰਗ ਨਾਲ ਲ਼ਿਖ਼ਿਆ ਹੈ ।

ਰਾਗ ਮਾਲਾ ਬਾਰੇ ਉਸਦੀ ਰਚਨਾ, ਗੁਰਮਤਿ ਸੰਗੀਤ ਨਿਰਣਯ, ਛੰਦਾ ਬੰਦੀ ਬਾਰੇ ਲਿਖੀ ਰਚਨਾ ਸ੍ਰੀ ਗ੍ਰੰਥ ਬਿਉਰਾ, ਸਿਖ ਧਾਰਮਕ ਸਾਹਿਤ ਵਿਚਲੇ ਸਵਰਬੋਧ ਬਾਰੇ ਸ਼ਬਦ ਬ੍ਰਿਤੀ ਪ੍ਰਕਾਸ਼ ਅਤੇ ਸਿਖਾਂ ਦੇ ਫ਼ੌਜੀ ਗੜਗਜ ਬੋਲਿਆਂ ਬਾਰੇ ਪੁਸਤਕ ''ਗੜਗਜ ਬੋਲੇ'' ਆਦਿ ਤੋਂ ਉਸਦੀ ਖੋਜ ਤੇ ਬੌਧਿਕ ਲਗਨ ਦਾ ਪਤਾ ਲਗਦਾ ਹੈ । ਇਨ੍ਹਾਂ ਰਚਨਾਵਾ ਵਿਚ ਅਤੇ ਆਪਣੀ ਉਪਦੇਸ਼ਾਤਮਕ ਗੱਦ ਰਚਨਾ, ਤਰਨ ਕੌਰ ਵਿਚ ਜਿਹੜੀ ਸਰਲ ਸ਼ੈਲੀ ਉਸ ਅਪਣਾਈ ਅਤੇ ਚਰਿਤ੍ਰ ਚਿਤ੍ਰਣ ਤੇ ਮੌਕਾ ਮਹੱਲ ਦੀ ਜਿਹੜੀ ਡੂੰਘੀ ਸੂਝ, ਉਸ ਦਰਸਾਈ ਉਨ੍ਹਾਂ ਦੋਹਾਂ ਤੋਂ ਉਸ ਦੇ ਸਪੁੱਤਰ ਭਾਈ ਵੀਰ ਸਿੰਘ ਦੀ ਰਚਨਾ ਤੇ ਉਸ ਦੀ ਪ੍ਰਤਿਭਾ ਦੀ ਅਗਾਊਂ ਸੂਚਨਾ ਮਿਲਦੀ ਹੈ। ਉਸ ਨੇ ਸਿੰਘ ਸਭਾ ਦੀ ਨਵ ਪ੍ਰਚਲਿਤ ਲਹਿਰ ਵਿਚ ਵੀ ਦਿਲਚਸਪੀ ਲੈਣੀ ਸ਼ੁਰੂ ਕਰ ਦਿਤੀ ।

ਵੀਰ ਸਿੰਘ ਡਾ: ਚਰਨ ਸਿੰਘ ਦੇ ਛੇ ਬੱਚਿਆਂ ਵਿਚੋਂ ਸਾਰਿਆਂ ਤੋਂ ਵੱਡਾ ਸੀ । ਉਸ ਦੇ ਜਨਮ ਸਮੇਂ ਉਸ ਦਾ ਦਾਦਾ ਆਪਣੀ ਬ੍ਰਿਧ ਅਵਸਥਾ ਵਿਚ ਹਾਲੇ ਜਿਉਂਦਾ ਸੀ। ਪਿਉ ਦਾਦੇ ਦਾ ਇਕੋ ਇਕ ਨਿਸ਼ਾਨਾ ਇਹ ਸੀ ਕਿ ਬਾਲਕ ਨੂੰ ਸਮੇਂ ਦੇ ਗਿਆਨ ਵਿਗਿਆਨ ਦੀ ਪ੍ਰਚਲਿਤ ਪਰੰਪਰਾ ਤੋਂ ਸਭ ਤੋਂ ਵੱਧ ਲਾਭ ਪ੍ਰਾਪਤ ਹੋਵੇ । ਸਿੱਖਾਂ ਦੀ ਖਾਨਦਾਨੀ ਮਰਿਆਦਾ ਅਨੁਸਾਰ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦਿਤੀ ਗਈ ਅਤੇ ਅੱਠ ਸਾਲ ਦੀ ਉਮਰ ਵਿਚ ਹੀ ਉਸ ਨੇ ਗੁਰੂ ਗ੍ਰੰਥ ਸਾਹਿਬ ਦਾ ਪੂਰਨ ਅਧਿਐਨ ਕਰ ਲਿਆ। ਉਸ ਨੇ ਫਾਰਸੀ ਤੇ ਉਰਦੂ ਦੀ ਪੜ੍ਹਾਈ ਇਕ ਮੌਲਵੀ ਤੋਂ ਅਤੇ ਸਨਾਤਨ ਵਿਦਿਆ ਦੇ ਵਿਦਵਾਨ ਗਿਆਨੀ ਹਰਿਭਜਨ ਸਿੰਘ ਤੋਂ ਗੁਰਮਤਿ ਅਤੇ ਸੰਸਕ੍ਰਿਤ ਪੜ੍ਹੀ। ਇਸ ਪਿੱਛੋਂ ਉਹ ਚਰਚ ਮਿਸ਼ਨ ਸਕੂਲ ਵਿਚ ਪੜ੍ਹਨੇ ਪੈ ਗਿਆ। ਸਤਾਰ੍ਹਾਂ ਸਾਲਾਂ ਦੀ ਉਮਰ ਵਿਚ ਉਸਨੇ ਮਿਡਲ ਦੀ ਪ੍ਰੀਖਿਆ ਪਾਸ ਕਰ ਲਈ । ਦੋ ਸਾਲ ਪਿਛੋਂ ਉਸ ਨੇ ਮੈਟ੍ਰਿਕ ਪਾਸ ਕੀਤਾ ਤੇ ਉਹ ਸਾਰੇ ਜ਼ਿਲ੍ਹੇ ਦੇ ਵਿਦਿਆਰਥੀਆਂ ਵਿਚੋਂ ਅਵੱਲ ਰਿਹਾ ਤੇ ਸੋਨੇ ਦਾ ਤਗਮਾ ਪ੍ਰਾਪਤ ਕੀਤਾ ।

ਸਕੂਲੀ ਪੜ੍ਹਾਈ ਸਮੇਂ ਜਿਹੜੀ ਵਿਹਲ ਭਾਈ ਵੀਰ ਸਿੰਘ ਨੂੰ ਮਿਲੀ ਸੀ, ਉਹ ਆਪਣੇ ਪ੍ਰਸਿਧ ਵਿਦਵਾਨ ਪੜਨਾਨਾ ਗਿਆਨੀ ਹਜ਼ਾਰਾ ਸਿੰਘ ਦੀ ਸੰਗਤ ਵਿਚ ਬਿਤਾਉਂਦਾ ਹੁੰਦਾ ਸੀ। ਗਿਆਨੀ ਹਜ਼ਾਰਾ ਸਿੰਘ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਚਲੀ ਆ ਰਹੀ ਵਿਦਵਾਨ ਸੰਪਰਦਾਇ ਦੇ ਅਨੁਯਾਈਆਂ 'ਚੋਂ ਸੀ। ਉਸ ਨੇ ਭਾਈ ਗੁਰਦਾਸ ਦੀਆਂ ਵਾਰਾਂ ਦਾ ਟੀਕਾ ਲਿਖਿਆ ਤੇ ਇਹ ਟੀਕਾ ਅੱਜ ਵੀ ਇਸ ਵਿਸ਼ੇ ਤੇ ਗਿਆਨ ਭਰਪੂਰ ਟੀਕਾ ਮੰਨਿਆ ਜਾਂਦਾ ਹੈ। ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਰਥਵਲੀ ਤਿਆਰ ਕੀਤੀ ਅਤੇ ਇਸ ਨੂੰ ਪ੍ਰਕਾਸ਼ਿਤ ਕਰਵਾਇਆ । ਪਿਛੋਂ ਭਾਈ ਵੀਰ ਸਿੰਘ ਨੇ ਇਸ ਰਚਨਾ ਦੀ ਦੁਹਰਾਈ ਕੀਤੀ ਅਤੇ ਇਸ ਦਾ ਵਿਸਥਾਰ ਪੂਰਨ ਸੰਕਲਨ ਪ੍ਰਕਾਸ਼ਿਤ ਕੀਤਾ। ਚਰਚ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਸਕੂਲਾਂ ਵਿਚ ਗਿਆਨੀ ਹਜ਼ਾਰਾ ਸਿੰਘ ਇੰਸਪੈਕਟਰ ਸੀ।

ਇਸ ਪਦਵੀ ਤੇ ਰਹਿੰਦਿਆਂ ਉਸ ਨੇ ਕੁਝ ਸਕੂਲੀ ਪੁਸਤਕਾਂ ਨੂੰ ਉਰਦੂ ਵਿਚੋਂ ਪੰਜਾਬੀ ਵਿਚ ਅਨੁਵਾਦਿਆ। ਉਸ ਨੇ ਸ਼ੇਖ ਸਾਦੀ ਦੀਆਂ ਅਮਰ ਰਚਨਾਵਾਂ ਗੁਲਿਸਤਾਨ ਤੇ ਬੋਸਤਾਨ ਨੂੰ ਪੰਜਾਬੀ ਵਿਚ ਉਲਥਾਇਆ। ਭਾਈ ਵੀਰ ਸਿੰਘ ਨੇ ਇਸ ਕੰਮ ਵਿਚ ਗਿਆਨੀ ਹਜ਼ਾਰਾ ਸਿੰਘ ਦੀ ਸਹਾਇਤਾ ਕੀਤੀ। ਇਹ ਕਿਹਾ ਜਾਂਦਾ ਹੈ ਕਿ ਇਕ ਦਿਨ ਭਾਈ ਵੀਰ ਸਿੰਘ ਨੇ ਗਿਆਨੀ ਜੀ ਤੋਂ ਪੁਛਿਆ ਤੁਸੀਂ ਦੂਸਰਿਆਂ ਦੀਆਂ ਰਚਨਾਵਾਂ ਦੇ ਅਨੁਵਾਦ ਕਰਦੇ ਹੋ, ਤੁਸੀਂ ਆਪ ਮੌਲਿਕ ਰਚਨਾ ਕਿਉਂ ਨਹੀਂ ਕਰਦੇ। ਇਹ ਸੁਣ ਕੇ ਗਿਆਨੀ ਹਜ਼ਾਰਾ ਸਿੰਘ ਹੱਸ ਪਿਆ ਤੇ ਕਹਿਣ ਲੱਗਾ, "ਜਿਹੜਾ ਕੰਮ ਮੈਂ ਨਹੀਂ ਕਰ ਸਕਿਆ, ਤੂੰ ਉਹ ਕਰੇਂਗਾ"। ਇਹ ਗੱਲ ਉਸ ਨੇ ਸੁਭਾਵਕ ਆਖੀ ਸੀ ਪਰ ਇਹ ਬੀਜ ਰੂਪੀ ਕਥਨ ਅੰਤ ਨੂੰ ਪ੍ਰਫੁਲਤ ਹੋਇਆ। ਭਾਈ ਵੀਰ ਸਿੰਘ ਹਾਲੇ ਸਕੂਲ ਵਿਚ ਹੀ ਪੜ੍ਹਦਾ ਸੀ ਕਿ ਪੰਦਰਾਂ ਸਾਲ ਦੀ ਉਮਰ ਵਿਚ ਉਸ ਦੀ ਸ਼ਾਦੀ ਅੰਮ੍ਰਿਤਸਰ ਦੇ ਇਕ ਘਰਾਣੇ ਵਿਚ ਹੋ ਗਈ। ਜਿਸ ਬੀਬੀ ਨਾਲ ਉਸ ਦੀ ਸ਼ਾਦੀ ਹੋਈ, ਉਹ ਸਰਦਾਰ ਨਰਾਇਣ ਸਿੰਘ ਦੀ ਸਪੁਤਰੀ ਬੀਬੀ ਛਤਰ ਕੌਰ ਸੀ ਅਤੇ ਉਸ ਨੇ ਆਪਣੇ ਘਰ ਵਾਲੇ ਲਈ ਅੰਤਿਲੇ ਦਮਾਂ ਤੱਕ ਸੁਖਮਈ ਘਰੇਲੂ ਜੀਵਨ ਦਾ ਪ੍ਰਬੰਧ ਕੀਤਾ। ਉਨ੍ਹਾਂ ਦੇ ਘਰ ਦੋ ਲੜਕੀਆਂ ਕਰਤਾਰ ਕੌਰ ਤੇ ਸੁਸ਼ੀਲ ਕੌਰ ਨੇ ਜਨਮ ਲਿਆ।

ਉਨ੍ਹਾਂ ਦਿਨਾਂ ਵਿਚ ਮੈਟ੍ਰਿਕ ਪਾਸ ਹੋਣਾ ਇਕ ਤਰ੍ਹਾਂ ਦੀ ਦੁਨਿਆਵੀ ਸਫ਼ਲਤਾ ਦੀ ਕੁੰਜੀ ਸੀ। ਭਾਈ ਵੀਰ ਸਿੰਘ ਕੋਲ ਮੈਟ੍ਰਿਕ ਪਾਸ ਹੋਣ ਦੀ ਸਨਦ ਦੇ ਨਾਲ, ਸਕੂਲ ਦੇ ਪ੍ਰਿੰਸੀਪਲ ਰੇਵੇਰੇਂਡ ਡੋਨਲੈਡ ਮੈਕੇਨਜ਼ੀ ਦਾ ਪ੍ਰਸ਼ੰਸਾ ਪੱਤਰ ਵੀ ਸੀ। ਉਸ ਇਹ ਲਿਖਿਆ ਸੀ, "ਜਿੰਨੀ ਦੇਰ ਉਹ ਸਾਡੇ ਸਕੂਲ ਵਿਚ ਰਿਹਾ ਉਹ ਆਪਣੀ ਸ਼੍ਰੇਣੀ ਦੇ ਵਿਦਿਆਰਥੀਆਂ ਵਿਚੋਂ ਇਕ ਆਦਰਸ਼ ਵਿਦਿਆਰਥੀ ਸੀਅ ਨੇਕ ਤੇ ਚਰਿਤ੍ਰ ਅਤੇ ਸਿਸ਼ਟਾਚਾਰ ਲਈ ਉਸ ਨੂੰ ਇਹ ਪ੍ਰਸ਼ੰਸਾ ਪੱਤਰ ਦੇ ਕੇ ਮੈਨੂੰ ਹਾਰਦਿਕ ਖੁਸ਼ੀ ਹੋਈ ਹੈ। ਉਹ ਚੰਗੇ ਖਾਨਦਾਨ ਦਾ ਲੜਕਾ ਹੈ ਅਤੇ ਉਸ ਦਾ ਜੀਵਨ ਦੁਨੀਆਂ ਲਈ ਉਪਯੋਗੀ ਸਿਧ ਹੋਵੇਗਾ। ਉਹ ਈਮਾਨਦਾਰ ਤੇ ਨੇਕ ਨੀਯਤ ਲੜਕਾ ਹੈ। ਮੈਨੂੰ ਪੂਰਨ ਆਸ ਹੈ ਕਿ ਉਸ ਦੇ ਹਰ ਇਕ ਕੰਮ ਵਿਚ ਪ੍ਰਭੂ ਉਸ ਦੀ ਸਹਾਇਤਾ ਕਰੇਗਾ।"[1] ਉਸ ਸਮੇਂ ਪੜ੍ਹੇ ਲਿਖੇ ਹਿੰਦੁਸਤਾਨੀਆਂ ਨਾਲੋਂ ਸਰਕਾਰੀ ਨੌਕਰੀਆਂ ਵਧੇਰੇ ਹੁੰਦੀਆਂ ਸਨ। ਭਾਈ ਵੀਰ ਸਿੰਘ ਕਿਆਂ ਦਾ ਸਰਕਾਰੇ ਦਰਬਾਰੇ ਚੰਗਾ ਰਸੂਖ ਸੀ। ਉਸ ਦਾ ਇਕ ਚਾਚਾ ਮਾਲ ਮਹਿਕਮੇਂ ਵਿਚ ਉੱਚੀ ਪਦਵੀ ਤੇ ਸੀ। ਇਨ੍ਹਾਂ ਪ੍ਰਸਿਥਤੀਆਂ ਵਿਚ, ਉਸ ਲਈ ਸਰਕਾਰੀ ਨੌਕਰੀ ਪ੍ਰਾਪਤ ਕਰਨੀ ਕੋਈ ਔਖੀ ਗੱਲ ਨਹੀਂ ਸੀ। ਉਸ ਨੂੰ

---

੧. ਮਹਾਂ ਸਿੰਘ ਗਿਆਨੀ, 'ਗੁਰਮੁਖ ਜੀਵਨ', ਖਾਲਸਾ ਸਮਾਚਾਰ, ਅੰਮ੍ਰਿਤਸਰ, ੧੯੬੯, ਪੰਨਾ ੩੬।

ਮਾਲ ਮਹਿਕਮੇਂ ਵਿਚ ਇਕ ਚੰਗੀ ਨੌਕਰੀ ਦੀ ਪੇਸ਼ਕਸ਼ ਕੀਤੀ ਗਈ। ਪਰ ਉਸ ਨੇ ਇਹ ਕਬੂਲ ਨਾ ਕੀਤੀ। ਇਕੋ ਨੌਕਰੀ ਉਸ ਸਮੇਂ ਉਸ ਦੇ ਦਿਲ ਨੂੰ ਭਾਉਂਦੀ ਸੀ ਤੇ ਉਹ ਸੀ ਸਥਾਨਕ ਖਾਲਸਾ ਸਕੂਲ ਵਿਚ ਧਾਰਮਕ ਅਧਿਆਪਕ ਦੀ ਨੌਕਰੀ ਤੇ ਉਸ ਨੇ ਉਸ ਦੇ ਲਈ ਦਰਖਾਸਤ ਦਿਤੀ ਪਰ ਫਿਰ ਇਹ ਨੌਕਰੀ ਵੀ ਉਸ ਨੂੰ ਪਸੰਦ ਨਾ ਆਈ।

ਆਪਣੇ ਜੀਵਨ ਦੇ ਮੁਢਲੇ ਪੜਾਵਾਂ ਵਿਚ ਹੀ ਭਾਈ ਵੀਰ ਸਿਘ ਨੂੰ ਇਸ ਗੱਲ ਦਾ ਅਨੁਭਵ ਹੋ ਗਿਆ ਕਿ ਉਹ ਕਿਸੇ ਵਡੇਰੇ ਆਦਰਸ਼ ਦੀ ਪੂਰਤੀ ਲਈ ਜਨਮਿਆ ਸੀ। ਉਸ ਦੀ ਧਾਰਮਕ ਨਿਸ਼ਠਾ, ਸਾਹਿਤ ਅਤੇ ਦਰਸ਼ਨ ਬਾਰੇ ਉਸ ਦਾ ਗੂਹੜਾ ਗਿਆਨ ਅਤੇ ਆਪਣੇ ਖਾਨਦਾਨ ਦੀ ਪਰੰਪਰਾ ਵਿਚ, ਉਸ ਦਾ ਅਟੱਲ ਵਿਸ਼ਵਾਸ਼ ਉਸ ਦੇ ਖਾਨਦਾਨ ਦੀ ਲੰਮੀ ਪਰੰਪਰਾ, ਉਸ ਦੇ ਖਾਨਦਾਨ ਦੀ ਸਥਿਰਤਾ ਅਤੇ ਸਮਾਜਕ ਸੁਧਾਰ ਦੀ ਉਤੇਜਨਾ—ਇਹ ਸਭ ਪ੍ਰੇਰਨਾਵਾਂ ਅਜਿਹੀਆਂ ਸਨ, ਜਿਨ੍ਹਾਂ ਸਦਕਾ ਉਸ ਦਾ ਆਤਮ ਵਿਸ਼ਵਾਸ਼ ਵਧਿਆ। ਉਹ ਦ੍ਰਿੜਭਾਵੀ ਹੋ ਕੇ ਆਪਣੇ ਪੱਥ ਤੇ ਅਡਿਗ ਰਿਹਾ। ਆਪਣੀ ਕਰੜੀ ਮੇਹਨਤ ਅਤੇ ਰੱਬੀ ਬਖਸ਼ਸ਼ ਵਾਲੇ ਗੁਣਾਂ ਦੇ ਕਾਰਨ ਉਸ ਨੇ ਜਿਸ ਵਸਤੂ ਨੂੰ ਹੱਥ ਲਾਇਆ ਉਹ ਸੋਨੇ ਵਿਚ ਵਟ ਗਈ। ਜਿਹੜੀਆਂ ਮੁਢਲੀਆਂ ਸਫਲਤਾਵਾਂ ਉਸ ਨੂੰ ਮਿਲੀਆਂ, ਉਹਨਾਂ ਦਾ ਸਦਕਾ ਉਸ ਦਾ ਆਤਮਬਲ ਵਧਿਆ। ਆਪਣੀ ਮਾਨਸਿਕ ਚਾਰ ਦੀਵਾਰੀ ਵਿਚ ਉਸ ਦਾ ਸਵੈ-ਭਰੋਸਾ ਵਧਿਆ ਅਤੇ ਉਸ ਨੇ ਇਸ ਹਿਫ਼ਾਜ਼ਤੀ ਚੌਗਿਰਦੇ ਦੀ ਕਿਲ੍ਹਾਬੰਦੀ ਕੀਤੀ। ਇਸ ਤੋਂ ਬਾਹਰ ਉਸ ਨੇ ਕੋਈ ਲਾਲਸਾ ਨਾ ਰੱਖੀ। ਛੁਪੇ ਰਹਿਣ ਦੀ ਚਾਹ ਉਸ ਦਾ ਇਵਜ਼ਾਨਾ ਸੀ। ਇਹੋ ਉਸ ਦਾ ਆਨੰਦ ਸੀ।

ਫੇਰ ਵੀ ਉਸ ਨੇ ਨਿਸ਼ਠਾਪੂਰਨ ਆਪਣੇ ਉੱਤਰ ਦਾਇਤਵ ਪ੍ਰਤੀ ਆਪਣੇ ਆਪ ਨੂੰ ਅਰਪਨ ਕੀਤਾ। ਉਸ ਨੂੰ ਆਪਣੇ ਮੁਢਲੇ ਜਤਨਾਂ ਵਿਚ ਪਦਾਰਥਕ ਦ੍ਰਿਸ਼ਟੀ ਤੋਂ ਸਫਲਤਾ ਪ੍ਰਾਪਤ ਹੋਈ ਅਤੇ ਸਮਾਂ ਬੀਤਣ ਨਾਨ ਉਸ ਦੀ ਮਾਨਸਿਕ ਰੁਚੀ ਵਧੇਰੇ ਰਹੱਸਵਾਦੀ ਹੋ ਗਈ। ਉਸ ਦਾ ਮੁੱਖ ਨਿਸ਼ਾਨਾ ਸਿੰਘ ਸਭਾ ਦੇ ਗਿਆਨਮਈ ਆਦਰਸ਼ਾਂ ਦਾ ਪ੍ਰਚਾਰ ਕਰਨਾ ਸੀ। ਉਸ ਨੇ ਆਪਣੀ ਪ੍ਰਤਿਭਾ ਇਸ ਆਦਰਸ਼ ਦੀ ਪੂਰਤੀ ਲਈ ਭੇਟ ਕਰ ਦਿੱਤੀ। ਇਹ ਹੀ ਉਸ ਦੀ ਮੂਲ ਪ੍ਰੇਰਣਾ ਸੀ ਅਤੇ ਉਸ ਦਾ ਸਾਰਾ ਜੀਵਨ ਇਸੇ ਲਗਨ ਵਿਚ ਬੀਤਿਆ। ਉਸ ਨੇ ਸਿੱਖ ਮਰਿਯਾਦਾ ਦੀ ਮਹੱਤਤਾ ਨੂੰ ਠੀਕ ਠਾਕ ਸਮਝਿਆ ਅਤੇ ਆਪਣੀ ਸੁਯੋਗ ਪੀੜੀ ਦੇ ਲੋਕਾਂ ਨੂੰ ਅਜਿਹੇ ਢੰਗ ਨਾਲ ਇਸ ਬਾਰੇ ਸਮਝਾਇਆ ਕਿ ਸਿੱਖ ਮਤਿ ਦਾ ਪੁਨਰ ਉਥਾਨ ਹੋ ਗਿਆ। ਭਾਈ ਵੀਰ ਸਿੰਘ ਕ੍ਰਿਆਤਮਕ ਰੂਪ ਵਿਚ ਇਸ ਲਹਿਰ ਨੂੰ ਪ੍ਰਗਤੀ ਪੱਥ ਤੇ ਤੋਰਨ ਵਿਚ ਸਹਾਈ ਹੋ ਗਿਆ। ਉਸ ਦੀ ਸਾਰੀ ਸਦਾਚਾਰਕ ਤੇ ਸ੍ਰਿਜਨਾਤਮਕ ਸ਼ਕਤੀ ਇਸ ਆਸ਼ੇ ਦੀ ਪੂਰਤੀ ਵਿਚ ਲੱਗੀ।

ਪੁਨਰ ਸੋਚ ਵਿਚਾਰ, ਆਤਮ ਚਿੰਤਨ ਅਤੇ ਆਤਮਕ ਪ੍ਰੀਵਰਤਨ ਦੇ ਇਸ ਸਮੇਂ ਵਿਚ ਆਸ ਪਾਸ ਵਾਪਰ ਰਹੀਆਂ ਘਟਨਾਵਾਂ ਤੋਂ ਉਸ ਨੂੰ ਅਜਿਹਾ ਕਰਨ ਦੀ ਪ੍ਰੇਰਨਾ ਮਿਲੀ। ਇਸ ਜਾਗ੍ਰਤੀ ਦੇ ਅਮਲ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਸ ਦੀ ਕਾਵਿਮਈ ਅਤੇ ਸਭਯ ਬ੍ਰਿਤੀ ਨੂੰ ਮਿਲੀ ਚਣੌਂਤੀ ਅਤੇ ਆਪਣੇ ਖਾਨਦਾਨ ਦੇ ਉਦਾਹਰਣ ਨੂੰ ਮੁੱਖ ਰੱਖ ਕੇ ਉਹ ਇਸ ਉਦੇਸ਼ ਪ੍ਰਾਪਤੀ ਵੱਲ ਖਿਚਿਆ ਗਿਆ। ਜਿਸ ਮਾਨਵੀ ਭਾਵਨਾ ਨਾਲ ਮਿਸ਼ਨਰੀ ਬਾਇਬਲ ਦਾ ਪ੍ਰਚਾਰ ਅਤੇ ਲੋਕ ਭਲਾਈ ਦਾ ਕੰਮ ਕਰਦੇ ਸਨ ਅਤੇ ਜਿਸ ਨਿੱਜੀ ਸੁਹਿਰਦਤਾ ਨਾਲ ਉਸ ਦੇ ਪ੍ਰਿੰਸੀਪਲ ਨੌਰਮਨ ਅਤੇ ਮੈਕੇਨਜ਼ੀ ਨੇ ਉਪਰਥਲੀ ਉਸ ਨੂੰ ਪ੍ਰਭਾਵਿਤ ਕੀਤਾ, ਉਸ ਸਭ ਕੁਝ ਨੇ ਉਸ ਦੀ ਸੋਚਨੀ ਤੇ ਕਥਨੀ ਕਰਨੀ ਨੂੰ ਨਵੀਂ ਨੁਹਾਰ ਦਿਤੀ। ਜਦੋਂ ਉਸ ਦੇ ਸਕੂਲੀ ਸਾਥੀ ਰੁਲੀਆ ਰਾਮ ਨੇ ਇਸਾਈ ਮਤਿ ਗ੍ਰਹਿਣ ਕੀਤਾ ਜਾਂ ਰੇਵੇਰੇਂਡ ਨੌਰਮਨ ਸਮੇਂ ਮਖਨ ਸਿੰਘ ਸੋਢੀ ਇਸਾਈ ਬਣਿਆ ਤਾਂ ਇਹ ਸਪਸ਼ਟ ਹੀ ਹੈ ਕਿ ਉਸ ਦਾ ਪ੍ਰਤਿਕਰਮ ਬੜਾ ਤਿਖਾ ਹੋਇਆ। ਜਿਹਾ ਕਿ ਉਸ ਦੀ ਲਿਖਤ ਤੋਂ ਸਿੱਧ ਹੁੰਦਾ ਹੈ ਕਿਸੇ ਹਿੰਦੁਸਤਾਨੀ ਦੇ ਅੰਗਰੇਜ਼ ਨੁਮਾ ਇਸਾਈ ਬਣਨ ਨੇ ਹਮੇਸ਼ਾਂ ਉਸ ਦੇ ਵਿਅੰਗ ਵਿਨੋਦ ਨੂੰ ਟੁੰਬਿਆ ਹੋਵੇਗਾ।

ਭਾਈ ਵੀਰ ਸਿੰਘ ਨੇ ਨਿਸਚੇ ਹੀ ਸੋਚ ਸਮਝ ਕੇ ਸਿੰਘ ਸਭਾ ਦੀ ਸੇਵਾ ਕਰਨ ਦਾ ਫ਼ੈਸਲਾ ਕੀਤਾ ਅਤੇ ਉਸ ਦੀ ਸਾਹਿਤ ਸੇਵਾ ਦੀ ਮੂਲ ਪ੍ਰੇਰਣਾ ਵੀ ਇਹੋ ਹੀ ਸੀ। ਉਸ ਨੂੰ ਇਸ ਲਹਿਰ ਦੇ ਸਭਿਆਚਾਰਕ ਤੇ ਭਾਸ਼ਾਈ ਪੱਖ ਦੀ ਆਪਸੀ ਸਾਂਝ ਦਾ ਪੂਰਾ ਪੂਰਾ ਗਿਆਨ ਸੀ ਅਤੇ ਇਹ ਉਹ ਵੀ ਜਾਣਦਾ ਸੀ ਕਿ ਕੇਵਲ ਲੋਕਾਂ ਦੀ ਭਾਸ਼ਾ ਦੁਆਰਾ ਹੀ ਲੋਕਾਂ ਦਾ ਪੁਨਰ ਜਾਗਰਨ ਸੰਭਵ ਹੈ ਅਤੇ ਕੇਵਲ ਏਸ ਦੁਆਰਾ ਹੀ ਕਿਸੇ ਲੋਕ ਲਹਿਰ ਨੂੰ ਉਦੇਸ਼ ਤੇ ਦਸ਼ਾ ਪ੍ਰਦਾਨ ਕੀਤੀ ਜਾ ਸਕਦੀ ਹੈ ਅਤੇ ਉਸ ਨੂੰ ਵਿਆਪਕ ਬਣਾਇਆ ਜਾ ਸਕਦਾ ਹੈ। ਇਸ ਲਈ ਉਸ ਦਾ ਮੁੱਖ ਉਦੇਸ਼ ਇਹ ਸੀ ਕਿ ਪੰਜਾਬੀ ਭਾਸ਼ਾ ਨੂੰ ਸਮਰੱਥ ਬਣਾਇਆ ਜਾਵੇ ਅਤੇ ਇਸ ਨੂੰ ਪ੍ਰਫੁਲਤ ਕੀਤਾ ਜਾਏ।

ਭਾਈ ਵੀਰ ਸਿੰਘ ਨੇ ਇਹ ਵੀ ਜਾਣ ਲਿਆ ਕਿ ਸਭਿਆਚਾਰਕ ਉੱਨਤੀ ਲਈ ਇਤਿਹਾਸਕ ਚੇਤਨਾ ਨੂੰ ਜਾਗ੍ਰਿਤ ਕਰਨਾ ਜ਼ਰੂਰੀ ਹੈ। ਇਸ ਲਈ ਅਤੀਤ ਦੀਆਂ ਪਰੰਪਰਾਵਾਂ ਨੂੰ ਸੁੰਦਰ ਤੇ ਤੇਜਸਵੀ ਢੰਗ ਨਾਲ ਪੇਸ਼ ਕਰਨਾ ਉਸ ਦਾ ਪ੍ਰਿਯ ਵਿਸ਼ਾ ਸੀ। ਇਸ ਤਰ੍ਹਾਂ ਭਾਈ ਵੀਰ ਸਿੰਘ ਨੇ ਇਸ ਲਹਿਰ ਲਈ ਮੂਲ ਪ੍ਰੇਰਣਾ ਪ੍ਰਦਾਨ ਕੀਤੀ। ਇਨ੍ਹਾਂ ਅਰਥਾਂ ਵਿਚ ਹੀ ਪੰਜਾਬ ਦੇ ਇਤਿਹਾਸ ਦੇ ਉਸ ਸਾਰੇ ਪੜਾਅ ਦੇ ਨਾਲ ਉਸ ਦਾ ਬੜਾ ਸੂਖਮ ਨਾਤਾ ਸਿੱਧ ਹੁੰਦਾ ਹੈ। ਉਹ ਖੁਦ ਨਵੀਂ ਚੇਤਨਾ ਦੀ ਉਪਜ ਸੀ ਪਰ ਉਸ ਦੀ ਪ੍ਰਤਿਭਾ ਨੇ ਹੀ ਇਸ ਚੇਤਨਾ ਨੂੰ ਦਿਸ਼ਾ ਤੇ ਨੁਹਾਰ ਦਿਤੀ। ਉਸ ਦੀਆਂ ਸਾਹਿਤਕ ਕ੍ਰਿਤਾਂ ਇਸ ਸਥਿਤੀ ਦੀ ਜਾਣਕਾਰੀ ਲਈ ਜ਼ਰੂਰੀ ਹਨ। ਇਹ ਰਚਨਾਵਾਂ ਇਸ ਕਾਲ ਖੰਡ ਦੀ ਵਿਆਖਿਆ ਕਰਦੀਆਂ ਹਨ ਅਤੇ ਇਸ ਦੀ ਨੁਹਾਰ ਦੀਆਂ ਵੀ ਸੂਚਕ ਹਨ।

ਇਕ ਬ੍ਰਿਤਾਂਤ ਵਿਚ ਦੱਸਿਆ ਗਿਆ ਹੈ ਕਿ ਪਾਰਸਾਈ ਅਤੇ ਵਿਦਿਆ ਦੀ

ਮੂਰਤੀ ਬਾਬਾ ਸੁਮੇਰ ਸਿੰਘ ਇਕ ਵਾਰ ਅੰਮ੍ਰਿਤਸਰ ਗਏ। ਉਹ ਆਪਣੇ ਪੁਰਾਣੇ ਮਿਤ੍ਰ ਭਾਈ ਵੀਰ ਸਿੰਘ ਦੇ ਪਿਤਾ ਡਾਕਟਰ ਚਰਨ ਸਿੰਘ ਨੂੰ ਮਿਲਣ ਗਏ। ਬਾਬਾ ਸੁਮੇਰ ਸਿੰਘ ਨੇ ਆਪਣੇ ਮਿਤ੍ਰ ਨੂੰ ਇਸ ਗੱਲ ਦੀ ਵਧਾਈ ਦਿਤੀ ਕਿ ਉਨ੍ਹਾਂ ਦਾ ਪੁੱਤਰ ਸਾਹਿਤਕ ਪਿੜ ਵਿਚ ਮੱਲਾਂ ਮਾਰ ਰਿਹਾ ਸੀ ਪਰ ਉਨ੍ਹਾਂ ਇਸ ਗੱਲ ਨੂੰ ਚਿੰਤਾਜਨਕ ਦੱਸਿਆ ਕਿ ਉਸ ਨੇ ਪੰਜਾਬੀ ਨੂੰ ਆਪਣਾ ਸਾਹਿਤਕ ਮਾਧਿਅਮ ਬਣਾਇਆ ਸੀ। ਬਾਬਾ ਜੀ ਆਪ ਬ੍ਰਿਜ ਭਾਸ਼ਾ ਦੇ ਚੰਗੇ ਵਿਦਵਾਨ ਤੇ ਸਾਹਿਤ ਰਚਨਹਾਰੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਉਹ ਸਹਿਜੇ ਹੀ ਨੌਜਵਾਨ ਸਾਹਿਤਕਾਰ ਨੂੰ ਇਸ ਗੱਲ ਲਈ ਰਾਜ਼ੀ ਕਰ ਲੈਣਗੇ ਕਿ ਉਹ ਪੰਜਾਬੀ ਨੂੰ ਤਿਆਗ ਕੇ ਬ੍ਰਿਜ ਵਿਚ ਸਾਹਿਤ ਰਚਨਾ ਕਰੇ।

ਜਦੋਂ ਭਾਈ ਵੀਰ ਸਿੰਘ ਉਨ੍ਹਾਂ ਨੂੰ ਮਿਲਣ ਆਇਆ ਤਾਂ ਬਾਬਾ ਜੀ ਨੇ ਆਪਣੇ ਮਿਤ੍ਰ ਦੇ ਲੜਕੇ ਵਜੋਂ ਉਸ ਨੂੰ ਪ੍ਰੇਮ ਪੂਰਨ ਜੀਅ ਆਇਆਂ ਨੂੰ ਆਖਿਆ ਅਤੇ ਉਸ ਨੂੰ ਆਪਣੀਆਂ ਕੁਝ ਕਵਿਤਾਵਾਂ ਪੜ ਕੇ ਸੁਣਾਉਣ ਲਈ ਆਖਿਆ। ਕਵਿਤਾਵਾਂ ਸੁਣ ਕੇ ਬਾਬਾ ਸੁਮੇਰ ਸਿੰਘ ਇੰਨਾਂ ਪ੍ਰਭਾਵਿਤ ਹੋਏ ਕਿ ਉਨ੍ਹਾਂ ਬ੍ਰਿਜ ਦੀ ਕੋਈ ਗੱਲ ਹੀ ਨਾ ਕੀਤੀ। ਫੇਰ ਭਾਈ ਵੀਰ ਸਿੰਘ ਦੂਜੇ ਦਿਨ ਬਾਬਾ ਜੀ ਨੂੰ ਮਿਲਣ ਵਾਸਤੇ ਗਿਆ ਤਾਂ ਬਾਬਾ ਜੀ ਉਸ ਦੇ ਵਾਸਤੇ ਇਕ ਖੁਸ਼ੀ ਭਰੀ ਹੈਰਾਨੀ ਲਈ ਬੈਠੇ-ਸਨ। ਬਾਬਾ ਸੁਮੇਰ ਸਿੰਘ ਨੇ ਪਿਛਲੀ ਰਾਤੇ ਰਚੇ ਕੁਝ ਪੰਜਾਬੀ ਛੰਦ ਭਾਈ ਵੀਰ ਸਿੰਘ ਨੂੰ ਸੁਣਾਏ। ਇਹ ਪੰਜਾਬੀ ਵਿਚ ਉਨ੍ਹਾਂ ਦੀ ਪਹਿਲੀ ਰਚਨਾ ਸੀ ਅਤੇ ਜੇ ਭਾਗ ਵਸ ਉਹ ਜਲਦੀ ਹੀ ਕਾਲਵਸ ਨਾ ਹੋ ਜਾਂਦੇ ਤਾਂ ਪੰਜਾਬੀ ਵੱਲ ਉਨ੍ਹਾਂ ਦੇ ਮੋੜੇ ਦਾ ਸਦਕਾ ਪੰਜਾਬੀ ਵਿਚ ਅਮੁੱਲਾ ਸਾਹਿਤ ਰਚਿਆ ਜਾਣਾ ਸੀ।

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦਾ ਸਦਕਾ ਜਿਹੜੀ ਨਵੀਂ ਜਾਗ੍ਰਤੀ ਆ ਰਹੀ ਸੀ, ਉਸ ਦੀ ਸਮਾਜਿਕ ਮਹੱਤਤਾ ਤੋਂ ਬਰਤਾਨਵੀ ਸਰਕਾਰ ਭਲੀ ਪ੍ਰਕਾਰ ਜਾਣੂ ਸੀ ਅਤੇ ਉਸ ਨੂੰ ਇਹ ਵੀ ਪਤਾ ਸੀ ਕਿ ਇਨ੍ਹਾਂ ਦੇ ਪ੍ਰਭਾਵ ਤੋਂ ਬਰਤਾਨਵੀ ਸਰਕਾਰ ਦਾ ਸਿਘਾਸਨ ਡੋਲ ਸਕਦਾ ਹੈ। ਸੀ. ਆਈ. ਡੀ. ਦੀ ਇਕ ਰਿਪੋਰਟ ਵਿਚ ਦਰਜ ਹੈ:-

"ਭਾਈ ਵੀਰ ਸਿੰਘ ਉਸ ਚਰਨ ਸਿੰਘ ਦਾ ਪੁੱਤ੍ਰ ਹੈ ਜਿਹੜਾ ਬਿਨਾਂ ਕਿਸੇ ਡਿਗਰੀ ਦੇ ਡਾਕਟਰ ਦਾ ਕਿੱਤਾ ਕਰਦਾ ਸੀ। ਪਹਿਲਾਂ-੨ ਉਸ ਨੇ ਟ੍ਰੈਕਟ ਸੁਸਾਇਟੀ ਦੀ ਨੌਕਰੀ ਕੀਤੀ ਅਤੇ ਪਿਛੋਂ ਵਜ਼ੀਰ ਹਿੰਦ ਪ੍ਰੈਸ ਵਿਚ ਭਾਈਵਾਲ ਬਣ ਗਿਆ। ਹੁਣ ਉਹ ਇਸ ਪ੍ਰੈਸ ਦਾ ਮਾਲਕ ਹੈ। ਉਹ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਣ ਵਾਲੇ ਗੁਰਮੁਖੀ ਰਸਾਲੇ "ਖਾਲਸਾ ਸਮਾਚਾਰ" ਦਾ ਸੰਪਾਦਕ ਅਤੇ ਮੈਨੇਜਰ ਵੀ ਹੈ। ਵੀਰ ਸਿੰਘ, ਬਹੁਤ ਸਾਰੇ ਸੋਮਿਆਂ ਤੋਂ ਪਤਾ ਲੱਗਦਾ ਹੈ, ਸਿੱਖ ਪੁਨਰ ਜਾਗ੍ਰਤੀ ਲਹਿਰ ਦੇ ਮੋਢੀਆਂ ਵਿਚੋਂ ਹੈ ਅਤੇ ਪਕਾ ਰਾਜ ਧ੍ਰੋਹੀ ਹੈ। ਮੁਕਾਮੀ ਅਫਸਰਾਂ ਦਾ ਵੀ ਉਸ ਬਾਰੇ ਇਹ ਹੀ ਵਿਚਾਰ ਹੈ। ਵੀਰ ਸਿੰਘ ਨੇ ਸਰਦਾਰ ਸੁੰਦਰ ਸਿੰਘ ਨੂੰ ਆਪਣੇ ਰਸੂਖ ਵਿਚ ਰਖਿਆਂ

ਹੋਇਆ ਹੈ ਅਤੇ ਉਹ ਤ੍ਰਿਲੋਚਨ ਸਿੰਘ ਦਾ ਨਿਕਟੀ ਹੈ। ਉਹ ਇੰਡੀਆ ਹਾਊਸ ਦੀ ਪ੍ਰਸਿਧੀ ਵਾਲੇ ਵਕੀਲ ਹਰਨਾਮ ਸਿੰਘ ਦਾ ਵੀ ਭਰਾ ਲੱਗਦਾ ਹੈ। ਇਹ ਵੀ ਖਬਰ ਮਿਲੀ ਹੈ ਉਸ ਨੇ ਦਰਬਾਰ ਸਾਹਿਬ ਦੇ ਮੁਖੀ ਗ੍ਰੰਥੀ ਤਕ ਰਸਾਈ ਹਾਸਲ ਕੀਤੀ ਹੈ ਤਾਂ ਜੋ ਉਸ ਅਦਾਰੇ ਨੂੰ ਨਵੀਂ ਪਾਰਟੀ ਦੇ ਅਧੀਨ ਲਿਆਂਦਾ ਜਾਵੇ। ਇਸ ਤਰ੍ਹਾਂ ਦੇ ਦੂਜੇ ਲੋਕਾਂ ਹਰਨਾਮ ਸਿੰਘ, ਜੋਧ ਸਿੰਘ ਐਮ. ਏ. ਆਦਿ ਨਾਲ ਵੀ ਉਸ ਨੇ ਸੰਬੰਧ ਕਾਇਮ ਕੀਤੇ ਹੋਏ ਹਨ। ਇਸ ਸਮੇਂ ਖਾਲਸਾ ਕਾਲਜ ਦੀ ਕੌਂਸਲ ਦਾ ਵੀ ਮੈਂਬਰ ਹੈ। . ... ਭਾਵੇਂ ਸ਼ੁਰੂ ਸ਼ੁਰੂ ਵਿਚ ਭਾਈ ਵੀਰ ਸਿੰਘ ਦੀ ਕੋਈ ਪੁੱਛ ਪ੍ਰਤੀਤ ਨਹੀਂ ਸੀ ਹੁੰਦੀ ਪਰ ਹੁਣ ਤਾਂ ਲੋਕ ਉਸ ਨੂੰ ਗੁਰੂ ਵਾਂਗ ਮੰਨਦੇ ਹਨ ਅਤੇ ਸਰਦਾਰ ਸੁੰਦਰ ਸਿੰਘ ਦੇ ਵੀ ਉਸ ਬਾਰੇ ਸ਼ਰਧਾਪੂਰਨ ਵਿਚਾਰ ਹਨ। ਇਹ ਗੱਲ ਸਹਿਜੇ ਹੀ ਆਖ ਸਕਦੇ ਹਾਂ ਕਿ ਵੀਰ ਸਿੰਘ ਨਵੇਂ ਸਿੰਘ ਸਭੀਆਂ ਵਿਚੋਂ ਉਘਾ ਹੈ ਅਤੇ ਪਕਾ ਸਰਕਾਰ (ਬਰਤਾਨੀਆਂ) ਵਿਰੋਧੀ ਹੈ।"[1]

1. D. Petrie. Assistant Director, Criminal Intelligence, Government of India, *Secret Memorandum on Recent Developments in Sikh Politics*, 1911, quoted in *Panjab Past and Present*, October 1970, pp. 354-55.

## ਕਾਂਡ ੩

# ਪੰਜਾਬੀ ਟ੍ਰੈਕਟ ਲਹਿਰ

ਭਾਈ ਵੀਰ ਸਿੰਘ ਦੀ ਮਨਸ਼ਾ ਸੀ ਕਿ ਉਹ ਕੋਈ ਬਿਉਪਾਰ ਕਰੇ ਅਤੇ ਜਦੋਂ ਸਰਕਾਰੀ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਤਾਂ ਉਸ ਨੇ ਕੋਈ ਦਿਲਚਸਪੀ ਨਾ ਦਿਖਾਈ ! ਅੰਤ ਵਿਚ ਉਸ ਨੇ ਫੈਸਲਾ ਕੀਤਾ ਕਿ ਛਾਪਾਖਾਨਾ ਲਾਇਆ ਜਾਏ, ਕਿਉਂਕਿ ਇਸ ਤਰ੍ਹਾਂ ਨਾਲ ਉਹ ਆਪਣੇ ਉਚੇਰੇ ਆਦਰਸ਼ ਨੂੰ ਵੀ ਪ੍ਰਾਪਤ ਕਰ ਸਕਦਾ ਸੀ । ਆਪਣੇ ਮਿਤ੍ਰ ਵਜ਼ੀਰ ਸਿਘ ਦੀ ਸਹਾਇਤਾ ਨਾਲ ਉਸ ਨੇ ਅੰਮ੍ਰਿਤਸਰ ਵਿਖੇ ਇਕ ਲਿਥੋ ਪ੍ਰੈਸ ਸੰਨ ੧੮੯੨ ਵਿਚ ਚਾਲੂ ਕਰ ਦਿਤਾ। ਇਸ ਦਾ ਨਾਂ ਉਸ ਦੇ ਮਿਤ੍ਰ ਦੇ ਨਾਂ ਤੇ ਵਜ਼ੀਰ ਹਿੰਦ ਪ੍ਰੈਸ ਰੱਖਿਆ ਗਿਆ । ਅਤੇ ਉਸਨੇ ਆਪਣੇ ਆਪ ਨੂੰ ਉਹਲੇ ਵਿਚ ਹੀ ਰਖਣਾ ਯੋਗ ਸਮਝਿਆ । ਇਹ ਪ੍ਰੈਸ ਖੂਬ ਚਲ ਨਿਕਲਿਆ ਅਤੇ ਸ਼ਹਿਰ ਭਰ ਵਿਚ ਇਹ ਨਵੇਕਲੀ ਸੰਸਥਾ ਬਣ ਗਿਆ । ਭਾਈ ਵੀਰ ਸਿੰਘ ਦੀਆਂ ਸਾਰੀਆਂ ਰਚਨਾਵਾਂ ਏਸੇ ਪ੍ਰੈਸ ਵਿਚ ਹੀ ਛਪੀਆਂ !

ਅਗਲੇ ਸਾਲ ਉਸ ਨੇ ਖਾਲਸਾ ਟ੍ਰੈਕਟ ਸੋਸਾਇਟੀ ਦੀ ਨੀਂਹ ਰੱਖੀ। ਸੰਭਵ ਹੈ ਇਸ ਤਰ੍ਹਾਂ ਦੀ ਸੰਸਥਾ ਕਾਇਮ ਕਰਨ ਦਾ ਫੁਰਨਾ ਉਸ ਨੂੰ ਉਸ ਸਮੇਂ ਦੇਸ਼ ਵਿਚ ਬਾਇਬਲ ਦਾ ਪਰਚਾਰ ਕਰ ਰਹੀਆਂ ਅਨੇਕ ਸੰਸਥਾਵਾਂ ਤੋਂ ਫੁਰਿਆ। ੧੮੪੮ ਵਿਖੇ ਕ੍ਰਿਸ਼ਚੀਅਨ ਟ੍ਰੈਕਟ ਐਂਡ ਬੁਕ ਸੋਸਾਇਟੀ ਦੀ ਸਥਾਪਨਾ ਆਗਰਾ ਵਿਚ ਕੀਤੀ ਗਈ। ਇਹ ਲੰਡਨ ਦੀ ਧਾਰਮਿਕ ਟ੍ਰੈਕਟ ਸੋਸਾਇਟੀ ਵਾਂਗ ਸੀ ਅਤੇ ਇਸਦਾ ਸੰਸਥਾਪਕ ਸੀ ਡਾਕਟਰ ਕਾਰਲ ਗੋਟਲੀਬ ਪੀਫਾਂਡਰ (Doctor Karl Gottlieb Pifander) ਜਿਹੜਾ ਕਿ ਮੁਸਲਿਮ ਜਗਤ ਵਿਚ ਇਸਾਈ ਮਤਿ ਦਾ ਪ੍ਰਚਾਰਕ ਸੀ। ਇਸ ਨੇ ਹੀ ਮੀਜ਼ਾਨ ਉਲ ਹਕ (ਹੱਕੀ ਤਕੜੀ) ਨਾਂ ਦੀ ਕਿਤਾਬ ਇਸਾਈ ਮਤਿ ਦੇ ਮੁਸਲਮਾਨਾਂ ਵਲੋਂ ਕੀਤੇ ਖੰਡਨ ਦੇ ਉੱਤਰ ਵਿਚ ਲਿਖੀ ਸੀ ।[1]

---

1. See J. J. Lucas, *History of the North India Christian Tract and Book Society*, Allahabad, pp. 1-8.

ਇਕ ਅਮਰੀਕਨ ਟ੍ਰੈਕਟ ਸੋਸਾਇਟੀ ਅਤੇ ਇਕ ਬ੍ਰਿਟਿਸ਼ ਟ੍ਰੈਕਟ ਸੋਸਾਇਟੀ ਪਹਿਲਾਂ ਹੀ ਹੋਂਦ ਵਿਚ ਆ ਚੁਕੀਆਂ ਸਨ ਅਤੇ ਇਨ੍ਹਾਂ ਦੁਆਰਾ ਪ੍ਰਕਾਸ਼ਿਤ ਸਾਹਿਤ ਲੁਧਿਆਣੇ ਪ੍ਰੈਸ ਵਲੋਂ ਛਾਪਿਆ ਜਾਂਦਾ ਸੀ । ੧੮੬੩ ਵਿਚ ਪੰਜਾਬ ਲਈ ਇਕ ਨਵੇਕਲੀ ਬਾਇਬਲ ਤੇ ਟ੍ਰੈਕਟ ਸੋਸਾਇਟੀ ਦੀ ਸਥਾਪਨਾ ਕੀਤੀ ਗਈ । ਇਸ ਪ੍ਰਕਾਰ ਟ੍ਰੈਕਟਾਂ ਦੁਆਰਾ ਪਰਚਾਰ ਦਾ ਆਮ ਰਿਵਾਜ ਹੋ ਗਿਆ ਸੀ ਅਤੇ ਇਹ ਅੱਡ ਅੱਡ ਪਰੰਪਰਾਵਾਂ ਦੇ ਅਨੁਯਾਈਆਂ ਲਈ ਸੁਧਾਰ ਦਾ ਵੱਡਾ ਸਾਧਨ ਬਣ ਗਿਆ। ਉਹ ਇਨ੍ਹਾਂ ਦੀ ਵਰਤੋਂ ਆਪਣੇ ਪ੍ਰਚਾਰ ਤੇ ਖੰਡਨ ਮੰਡਨ ਲਈ ਕਰਦੇ ਸਨ । ਭਾਈ ਵੀਰ ਸਿੰਘ ਇਨ੍ਹਾਂ ਦੀਆਂ ਸੰਭਾਵਨਾਵਾਂ ਤੋਂ ਭਲੀ ਪ੍ਰਕਾਰ ਜਾਣੂ ਸੀ ਅਤੇ ਉਸ ਨੇ ਇਸ ਯਤਨ ਨੂੰ ਇਕ ਪਰਬਲ ਲਹਿਰ ਦਾ ਰੂਪ ਦੇ ਦਿਤਾ। ਭਾਵੇਂ ਆਪਣੇ ਮਿਤ੍ਰ ਕੌਰ ਸਿੰਘ ਦੀ ਸਹਾਇਤਾ ਨਾਲ ਉਸ ਨੇ ਸੰਸਥਾ ਸਥਾਪਤ ਕਰ ਦਿਤੀ ਸੀ ਪ੍ਰੰਤੂ ਉਸ ਨੇ ਆਪ ਇਨ੍ਹਾਂ ਕਿਤਾਬੜੀਆਂ ਦੀ ਲੜੀ ਨੂੰ ਹਮੇਸ਼ਾ ਚਾਲੂ ਰਖਿਆ ਅਤੇ ਅਨੇਕ ਵਿਸ਼ਿਆਂ ਤੇ ਕਈ ਕਿਤਾਬੜੀਆਂ ਲਿਖੀਆਂ। ਇਸ ਤਰ੍ਹਾਂ ਪਾਠਕਾਂ ਦਾ ਇਕ ਵਿਸ਼ਾਲ ਘੇਰਾ ਕਾਇਮ ਹੋ ਗਿਆ ਅਤੇ ਉਹ ਨਵੀਂ ਪ੍ਰਕਾਸ਼ਿਤ ਹੋਣ ਵਾਲੀ ਕਿਤਾਬੜੀ ਲਈ ਤਾਂਘਦੇ ਰਹਿੰਦੇ ਸਨ । ਭਾਈ ਵੀਰ ਸਿੰਘ ਵਲੋਂ ਸਥਾਪਤ ਦੂਜੀਆਂ ਸੰਸਥਾਵਾਂ ਵਾਂਗ ਇਹ ਸੰਸਥਾ ਹਾਲੇ ਵੀ ਕਾਰਜਸ਼ੀਲ ਹੈ ਅਤੇ ਇਸ ਤੋਂ ਭਾਈ ਵੀਰ ਸਿੰਘ ਦੇ ਉੱਦਮ ਅਤੇ ਕਾਰਜ ਪਰਪਕ ਹੋਣ ਦਾ ਪਤਾ ਲਗਦਾ ਹੈ। ਇਸ ਸੰਸਥਾ ਵਲੋਂ ੧੪੦੦ ਤੋਂ ਵੱਧ ਕਿਤਾਬੜੀਆਂ ਛਾਪੀਆਂ ਗਈਆਂ ਹਨ ਅਤੇ ਅਨੇਕ ਅਜਿਹੀਆਂ ਹਨ ਜਿਨ੍ਹਾਂ ਨੂੰ ਬਾਰ ਬਾਰ ਛਾਪਿਆ ਗਿਆ ਹੈ ਤੇ ਜੋ ਲਖਾਂ ਦੀ ਗਿਣਤੀ ਵਿਚ ਛਪੀਆਂ ਹਨ ।

ਇਸ ਸੰਸਥਾ ਦਾ ਮਨੋਰਥ ਇਹ ਸੀ ਕਿ ਦੇਸ਼ ਦੀ ਤੇ ਪੰਥ ਦੀ ਸੇਵਾ ਕੀਤੀ ਜਾਏ। ਇਸ ਵਲੋਂ ਬਾਰ ਬਾਰ ਹੋਕਾ ਦਿਤਾ ਗਿਆ ਕਿ "ਧਰਮ ਸਭ ਤੋਂ ਉਤਮ ਹੈ ਅਤੇ ਧਾਰਮਿਕ ਪ੍ਰਚਾਰ ਸਰਬੋਤਮ ਹੈ ।" ਇਸ ਤਰ੍ਹਾਂ ਸਿੰਘ ਸਭਾ ਲਹਿਰ ਵਲੋਂ ਅਪਣਾਏ ਗਏ ਸੁਧਾਰਕ ਆਦਰਸ਼ਾਂ ਦਾ ਪ੍ਰਚਾਰ ਹੀ ਇਸ ਦਾ ਮੁਖ ਮਨੋਰਥ ਸੀ। ਸਿੱਖ ਮਤਿ ਦੇ ਅਸੂਲਾਂ ਅਤੇ ਸਿੱਖ ਇਤਿਹਾਸ ਦੇ ਪ੍ਰਮੁੱਖ ਸਾਕਿਆਂ ਨੂੰ ਸਾਫ਼ ਸਪਸ਼ਟ ਤੇ ਸਰਲ ਢੰਗ ਨਾਲ ਕਿੱਸਾ ਕਹਾਣੀ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਸੀ। ਪ੍ਰਚਲਿਤ ਸਮਾਜਿਕ ਬੁਰਾਈਆਂ ਅੰਧ ਵਿਸਵਾਸ਼ਾਂ ਅਤੇ ਤਰਕਹੀਨ ਰਹੁ ਰੀਤਾਂ ਦਾ ਖੰਡਨ ਕੀਤਾ ਜਾਂਦਾ ਸੀ। ਸੁਧਾਰਕ ਸਦਾਚਾਰਕ ਨਿਯਮਾਂ ਨੂੰ ਕਥਾ ਕਹਾਣੀ ਵਾਰਤਾ ਦੇ ਪਹਿਰਾਵੇ ਵਿਚ ਪੇਸ਼ ਕੀਤਾ ਜਾਂਦਾ ਸੀ। ਪੰਜਾਬੀ ਪਾਠ ਪੁਸਤਕਾਂ, ਸਕੂਲੀ ਬਚਿਆਂ ਲਈ ਕਿਤਾਬਾਂ, ਰਸੋਈ ਸਿਖਿਆਂ ਬਾਰੇ ਕਿਤਾਬਾਂ ਅਤੇ ਪੱਛਮੀ ਰਿਵਾਜ ਦੇ ਕ੍ਰਿਸਮਿਸ ਕਾਰਡਾਂ ਵਾਂਗ ਗੁਰਪੁਰਬ ਕਾਰਡਾਂ ਨੂੰ ਵੀ ਏਸੇ ਲੜੀ ਵਿਚ ਛਾਪਿਆ ਗਿਆ। ਸਮਾਂ ਪਾ ਕੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਅਤੇ ਉਨ੍ਹਾਂ ਦੇ ਧਾਰਮਿਕ ਉਪਦੇਸ਼ਾਂ ਬਾਰੇ ਖੋਜ ਭਰੇ ਪੱਤਰ ਲਿਖੇ ਗਏ। ਆਪਣੇ ਆਪ ਉਤੇ ਬੰਦਸ਼ ਇਹ ਲਗਾਈ ਗਈ ਕਿ ਦੂਸਰੇ ਧਰਮਾਂ ਦਾ ਖੰਡਨ ਨਾ

ਕੀਤਾ ਜਾਏ ਅਤੇ ਅਜਿਹਾ ਕਰਨ ਦੀ ਪ੍ਰੇਰਨਾ ਗੁਰਮਤਿ ਦੀ ਸਰਬ ਵਿਆਪਕਤਾ ਅਤੇ ਰਵਾਦਾਰੀ ਦੀ ਭਾਵਨਾ ਤੋਂ ਮਿਲੀ ਸੀ ! ਉਨ੍ਹਾਂ ਦਿਨਾਂ ਵਿਚ ਝਗੜਾਲੂ ਖੰਡਨ ਮੰਡਨ ਦਾ ਰਿਵਾਜ ਸੀ ਅਤੇ ਇਸ ਪ੍ਰਿਤ ਨੂੰ ਅਪਨਾਉਣਾ ਕੋਈ ਆਸਾਨ ਕੰਮ ਨਹੀਂ ਸੀ ਪਰ ਖਾਲਸਾ ਟ੍ਰੈਕਟ ਸੋਸਾਇਟੀ ਵਲੋਂ ਇਸ ਤੇ ਈਮਾਨਦਾਰੀ ਨਾਲ ਅਮਲ ਕੀਤਾ ਗਿਆ । ਬਹੁਤ ਸਾਰੀਆਂ ਕਿਤਾਬੜੀਆਂ—ਤਕਰੀਬਨ ਨੱਬੇ ਪ੍ਰਤੀਸ਼ਤ ਭਾਈ ਵੀਰ ਸਿੰਘ ਨੇ ਲਿਖੀਆਂ ਸਨ । ਭਾਈ ਵੀਰ ਸਿੰਘ ਦੇ ਪਿਤਾ ਡਾਕਟਰ ਚਰਨ ਸਿੰਘ ਰਚਿਤ "ਬਸੰਤ ਪ੍ਰਕਾਸ਼" ਉਸ ਦੇ ਮਿਤ੍ਰ ਤ੍ਰਿਲੋਚਨ ਸਿੰਘ ਰਚਿਤ "ਸੁਖਵਤੀ ਤੇ ਚਿੰਤਾਵਤੀ" ਅਤੇ ਸਾਧੂ ਸਿੰਘ ਰਚਿਤ "ਚੀਨ ਦੀ ਅਮੀਰਜ਼ਾਦੀ" ਦੇ ਨਾਂ ਗੁਪਤ ਰਖੇ, ਗਏ[1] । ਇਨ੍ਹਾਂ ਕਿਤਾਬੜੀਆਂ ਦੀ ਇਕ ਪ੍ਰਤਿ ਦੀ ਕੀਮਤ ਸੀ ਇਕ ਪੈਸਾ ਅਤੇ ਮਹੀਨੇ ਦੀ ਮੈਂਬਰੀ ਫੀਸ ਸੀ ਇਕ ਰੁਪਿਆ ।

ਪਹਿਲੀ ਕਿਤਾਬੜੀ ਜਿਹੜੀ ਛਾਪੀ ਗਈ, ਉਹ ਪ੍ਰਾਰਥਨਾ ਦੀ ਸਾਰਥਕਤਾ ਬਾਰੇ ਸੀ ਅਤੇ ਇਸ ਸਾਰਥਕਤਾ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਤ ਇਕ ਕਹਾਣੀ ਰਾਹੀਂ ਦਰਸਾਇਆ ਗਿਆ ਸੀ ਅਤੇ ਇਸ ਦੇ ਅੰਤ ਵਿਚ ਗੁਰੂ ਗ੍ਰੰਥ ਬਾਣੀ ਵਿਚੋਂ ਉਦਾਹਰਣ ਦਿਤੇ ਗਏ ਸਨ । ਦੂਜੀ ਕਿਤਾਬੜੀ ਵਿਚ ਸਿੱਖਾਂ ਦੇ ਪਤਨ ਅਤੇ ਉਸਦੇ ਕਾਰਨਾਂ ਦਾ ਵਰਨਣ ਸੀ । ਇਸਨੂੰ ਵੀ ਇਕ ਕਹਾਣੀ ਦੀ ਵਿਉਂਤ ਦੁਆਰਾ ਪੇਸ਼ ਕੀਤਾ ਗਿਆ ਸੀ । ਪੰਥ ਦੀ ਮੂਲ ਸਚਾਈ ਅਤੇ ਰਹੁ ਰੀਤਾਂ ਤੋਂ ਅਣਗਹਿਲੀ ਦਾ ਸਦਕਾ ਹੀ ਪੰਥ ਢਹਿੰਦੀਆਂ ਕਲਾਂ ਵਿਚ ਜਾ ਰਿਹਾ ਸੀ । ਬਚਾਉ ਦਾ ਰਾਹ ਇਹ ਸੀ ਕਿ ਇਸ ਦੀਆਂ ਗਵਾਚੀਆਂ ਕਦਰਾਂ ਕੀਮਤਾਂ ਨੂੰ ਅਪਣਾਇਆ ਜਾਂਦਾ। ਇਕ ਹੋਰ ਕਿਤਾਬੜੀ ਵਿਚ ਔਰਤਾਂ ਦੇ ਪਹਿਰਾਵੇ ਦੇ ਫ਼ੈਸ਼ਨਾਂ ਤੇ ਵਿਅੰਗ ਕੀਤਾ ਗਿਆ ਹੈ। ਜਿਨ੍ਹਾਂ ਚੀਜ਼ਾਂ ਨੂੰ ਲੇਖਕ ਨੇ ਅਤਿ ਆਧੁਨਿਕ ਤੇ ਅਸਮਾਜਕ ਕਹਿ ਕੇ ਨਿੰਦਿਆ ਉਹ ਚੀਜ਼ਾਂ ਅੱਜ ਦੇ ਪ੍ਰਤੀਗਾਮੀਆਂ ਤੋਂ ਪ੍ਰਤੀਗਾਮੀ ਤੇ ਸਾਊ ਤੋਂ ਸਾਊ ਪੁਰਸ਼ ਦੀ ਪ੍ਰਸੰਨਤਾ ਦਾ ਕਾਰਣ ਬਣ ਸਕਦੀਆਂ ਸਨ ।

ਭਾਈ ਵੀਰ ਸਿੰਘ ਦੇ ਤਿੱਖੇ ਵਿਅੰਗ ਦਾ ਨਿਸ਼ਾਨਾਂ ਦੋ ਤਰ੍ਹਾਂ ਦੇ ਬੰਦੇ ਸਨ, ਇਕ ਤਾ ਉਹ ਜਿਹੜੇ ਯੂਰਪੀ ਕੋਟ ਪੈਂਟ ਪਾ ਕੇ ਗੁੱਡੇ ਵਾਂਗ ਇਕ ਚਾਲੇ ਤੁਰਦੇ ਸਨ ਅਤੇ

---

1. ਜਿਹੜੀਆਂ ਕਿਤਾਬੜੀਆਂ ਗੁੰਮਨਾਮ ਰਚਨਾਵਾਂ ਵਜੋਂ ਪ੍ਰਕਾਸ਼ਿਤ ਹੋਈਆਂ,ਉਨ੍ਹਾਂ ਦੇ ਰਚਨਹਾਰਿਆਂ ਦਾ ਵੇਰਵਾ ਭਾਈ ਵੀਰ ਸਿੰਘ ਦੇ ਹੱਥੀਂ ਲਿਖੀਆਂ ਟਿਪਣੀਆਂ ਤੋਂ ਲਗਦਾ ਹੈ । ਅਜਿਹੀਆਂ ਟਿਪਣੀਆਂ ਉਨ੍ਹਾਂ ਕਿਤਾਬੜੀਆਂ ਦੀਆਂ ਅਜਿਹੀਆਂ ਪ੍ਰਤੀਆਂ ਤੇ ਹਨ ਜਿਹੜੀਆਂ ਕਿ ਡਾ: ਬਲਬੀਰ ਸਿੰਘ ਦੇ ਪੁਸਤਕਾਲਯ 'ਚ ਹਨ । ਇਕ ਕਿਤਾਬੜੀ (ਨੰ: ੩੯) ਜਿਹੜੀ ਕਿ ਕਿਸੇ ਬਾਹਰੋਂ ਭੇਜੀ ਸੀ, ਅਤੇ ਰਚਨਹਾਰੇ ਦਾ ਨਾ ਪਤਾ ਨਹੀਂ, ਵਿਚ ਤਜਵੀਜ਼ ਸੀ ਕਿ ਮਲਕਾ ਵਿਕਟੋਰੀਆ ਦੀ ਡਾਇਮੰਡ ਜੁਬਲੀ ਸਮੇਂ ਫੰਡ ਇਕਠੇ ਕਰਕੇ ਅਨਾਥਾਲਯ ਤੇ ਹਸਪਤਾਲ ਕਾਇਮ ਕੀਤੇ ਜਾਣ !

ਦੂਜੇ ਉਹ ਧਾਰਮਕ ਢੋਂਗੀ ਜਿਹੜੇ ਕਿ ਕਿਸੇ "ਵਿਚਾਰ ਸਾਗਰ" ਵਰਗੇ ਸਨਾਤਨੀ ਗ੍ਰੰਥ ਦਾ ਪਾਠ ਕਰਨ ਪਿਛੋਂ ਤੇ ਰੱਜ ਕੇ ਪੇਟ ਪੂਜਾ ਕਰਨ ਪਿਛੋਂ ਸਾਰਾ ਦਿਨ ਉਬਾਸੀਆਂ ਲੈਂਦੇ ਰਹਿੰਦੇ ਸਨ । ਭਾਈ ਵੀਰ ਸਿੰਘ ਨੂੰ ਈਸਾਈ ਪਾਦਰੀਆਂ ਦੀ ਪ੍ਰਚਾਰ ਵਿਧੀ ਦੀ ਪੂਰੀ ਪੂਰੀ ਜਾਣਕਾਰੀ ਸੀ ਅਤੇ ਉਸਨੂੰ ਇਸ ਗੱਲ ਦੀ ਵੀ ਪੂਰੀ ਸੋਝੀ ਸੀ ਕਿ ਕਿਹੜੇ ਕਿਹੜੇ ਆਰਥਿਕ ਤੇ ਰਾਜਨੀਤਕ ਤੱਤ ਈਸਾਈ ਮਤ ਦੇ ਪ੍ਰਚਾਰ ਲਈ ਸਹਾਇਕ ਸਨ—(ਹਾਏ ਹਾਏ ਖੱਚੀ ਤੂੰ ਕਿਥੋਂ) ਏਸੇ ਤਰ੍ਹਾਂ ਜਿਹੜੀ ਚਣੌਤੀ ਦਾ ਸਾਹਮਣਾ ਹਿੰਦੁਸਤਾਨੀ ਸਮਾਜ ਕਰ ਰਿਹਾ ਸੀ, ਉਸ ਤੋਂ ਵੀ ਉਹ ਜਾਣੂੰ ਸੀ। (ਜੇ ਇਹੋ ਹਾਲ ਰਿਹਾ)

ਇਸ ਕਿਤਾਬੜੀ ਲਹਿਰ ਦੇ ਸਭਿਆਚਾਰਕ ਪ੍ਰਭਾਵ ਦੂਰਗਾਮੀ ਸਨ। ਇਸ ਨਾਲ ਪੰਜਾਬੀ ਚਿੰਤਨ ਨੂੰ ਵਿਸ਼ਾਲਤਾ ਮਿਲੀ ਅਤੇ ਜਿਹੜੀ ਸੁਧਾਰਕ ਲਹਿਰ ਚਲੀ ਉਸ ਦੇ ਸਿਧਾਂਤਕ ਤੇ ਧਾਰਮਕ ਪਖ ਨੂੰ ਇਸ ਨੇ ਉਜਾਗਰ ਕੀਤਾ। ਪੰਜਾਬੀ ਵਾਰਤਕ ਇਸ ਦੇ ਸਿੱਟੇ ਵਜੋਂ ਪ੍ਰੌੜ ਅਵਸਥਾ ਨੂੰ ਪੁਜੀ ਅਤੇ ਜਾਦੂਮਈ ਢੰਗ ਨਾਲ ਇਸਨੇ ਪੰਜਾਬੀ ਪਾਠਕਾਂ ਦੇ ਘੇਰੇ ਨੂੰ ਚੌਰੇੜਾ ਕੀਤਾ। ਇਸ ਦੁਆਰਾ ਪੜ੍ਹਨ ਵਿਚ ਵਾਧਾ ਹੋਇਆ ਅਤੇ ਗੁਰਪੁਰਬ ਮਨਾਉਣ ਦੀ ਪਿਰਤ ਪੈ ਗਈ । ਇਸ ਰਾਹੀਂ ਭਾਈ ਵੀਰ ਸਿੰਘ ਦੀ ਪ੍ਰਤਿਭਾ ਨੂੰ ਸਿਰਜਨਾਤਮਕ ਅਭਿਵਿਅਕਤੀ ਮਿਲੀ । ਉਸ ਦੀਆਂ ਤ੍ਰੈਮੁਖੀ ਰਚਨਾਵਾਂ, ਦੋਵੇਂ ਜੀਵਨੀਆਂ, ਗੁਰੂ ਨਾਨਕ ਚਮਤਕਾਰ, ਗੁਰੂ ਕਲਗੀਧਰ ਚਮਤਕਾਰ (ਜਿਹੜੀਆਂ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਹਨ) ਅਤੇ ਉਪਨਿਆਸ ਬਾਬਾ ਨੌਧ ਸਿੰਘ ਇਸੇ ਲਹਿਰ ਨੇ ਉਪਜਾਈਆਂ । ਇਨ੍ਹਾਂ ਤਿੰਨਾਂ ਰਚਨਾਵਾਂ ਨੂੰ ਪੰਜਾਬੀ ਸਾਹਿਤ ਵਿਚ ਸਨਾਤਨੀ ਸਾਹਿਤ ਹੋਣ ਦਾ ਮਾਣ ਪ੍ਰਾਪਤ ਹੈ।

ਇਸ ਆਸਥਾ ਨੇ ਕਿਤਾਬੜੀ ਲਹਿਰ ਨੂੰ ਉਪਜਾਇਆ, ਉਸੇ ਤੋਂ ਪ੍ਰੇਰਨਾ ਲੈ ਕੇ ਭਾਈ ਵੀਰ ਸਿੰਘ ਨੇ ਆਪਣਾ ਸਪਤਾਹਿਕ ਪਰਚਾ (ਖਾਲਸਾ ਸਮਾਚਾਰ) ਚਾਲੂ ਕੀਤਾ। ਇਹ ਪੰਜਾਬੀ ਪੱਤਰਕਾਰੀ ਲਈ ਵਰਦਾਨ ਸਿਧ ਹੋਇਆ। ਇਸ ਤੋਂ ਪਹਿਲਾਂ ਪੰਜਾਬੀ ਅਖਬਾਰ ਚਾਲੂ ਕਰਨ ਦੀ ਅਨੇਕ ਵਾਰ ਕੋਸ਼ਿਸ਼ ਕੀਤੀ ਗਈ। ਸਭ ਤੋਂ ਪਹਿਲਾ ਅਖਬਾਰ ਸੀ "ਅਖਬਾਰ ਸ੍ਰੀ ਦਰਬਾਰ ਸਾਹਿਬ", ਜਿਹੜਾ ਅੰਮ੍ਰਿਤਸਰ ਤੋਂ ੧੮੬੭ ਵਿਚ ਚਾਲੂ ਕੀਤਾ ਗਿਆ। ਭਾਵੇਂ ਇਹ ਗੁਰਮੁਖੀ ਲਿਪੀ ਵਿਚ ਸੀ ਪ੍ਰੰਤੂ ਇਸ ਦੀ ਭਾਸ਼ਾ ਬ੍ਰਿਜੀ ਸੀ। ਅੰਮ੍ਰਿਤਸਰ ਵਿਖੇ ਉਸ ਸਮੇਂ ਗੁਰਮੁਖੀ ਟਾਈਪ ਨਹੀਂ ਸੀ ਮਿਲਦਾ। ਇਸ ਕਾਰਨ ਅਖਬਾਰ ਹੱਥ ਲਿਖਤ ਲਿਥੋ ਕਾਪੀ ਰਾਹੀਂ ਛਾਪਿਆ ਜਾਂਦਾ ਸੀ। ਪ੍ਰੰਤੂ ਇਹ ਬਹੁਤ ਦੇਰ ਨਾ ਚਲਿਆ ਅਤੇ ਦੂਸਰੇ ਅਖਬਾਰਾਂ ਦਾ ਹਸ਼ਰ ਵੀ ਇੰਜ ਹੀ ਹੋਇਆ। ਇਕ ਪੰਜਾਬੀ ਅਖਬਾਰ ਜਿਹੜਾ ਕਿ ਪ੍ਰਚਲਿਤ ਰਿਹਾ ਉਹ ਸੀ ਲਾਹੌਰੋਂ ਛਪਣ ਵਾਲਾ "ਖਾਲਸਾ ਅਖਬਾਰ।" ਇਸ ਦਾ ਸੰਪਾਦਕ ਸੀ ਗੁਰਮੁਖ ਸਿੰਘ ਜਿਹੜਾ ਕਿ ਓਰੀਐਂਟਲ ਕਾਲਜ 'ਚ ਪ੍ਰੋਫੈਸਰ ਸੀ ਅਤੇ ਸਿੰਘ ਸਭਾ ਦੇ ਮੁਖੀਆਂ ਵਿਚੋਂ ਇਕ

ਸੀ। ਜਦੋਂ ਗਿਆਨੀ ਦਿੱਤ ਸਿੰਘ ਇਸ ਅਖਬਾਰ ਦਾ ਸੰਪਾਦਕ ਬਣਿਆਂ ਤਾਂ ਇਹ ਅਖਬਾਰ ਲੋਕਾਂ ਦੀਆਂ ਰੁਚੀਆਂ ਦਾ ਕੇਂਦਰ ਬਣ ਗਿਆ। ਗਿਆਨੀ ਦਿੱਤ ਸਿੰਘ ਪੜ੍ਹਿਆ ਲਿਖਿਆ ਸੀ ਅਤੇ ਆਪਣੀਆਂ ਤਰਕਸ਼ੀਲ ਯੁਕਤੀਆਂ ਕਾਰਨ ਉਸਨੇ ਕਦੇ ਕਿਸੇ ਤੋਂ ਵਾਦ ਵਿਵਾਦ ਵਿਚ ਹਾਰ ਨਹੀਂ ਸੀ ਮੰਨੀ। ਉਹ ਕਵਿਤਾ ਵੀ ਲਿਖਦਾ ਹੁੰਦਾ ਸੀ ਅਤੇ ਕਦੇ ਕਦੇ ਆਪਣੀਆਂ ਸੰਪਾਦਕੀ ਟਿਪਣੀਆਂ ਅਤੇ ਮੁਖ ਸੰਪਾਦਕੀ ਲੇਖ ਨੂੰ ਵੀ ਕਵਿਤਾ ਵਿਚ ਪੇਸ਼ ਕਰਦਾ ਹੁੰਦਾ ਸੀ। ਉਸਦੇ ਕਾਲਵਸ ਹੋਣ ਪਿੱਛੋਂ ਜਿਸ ਅਖਬਾਰ ਨੂੰ ਇਸਨੇ ਇੰਨੀ ਘਾਲਣਾ ਘਾਲ ਕੇ ਸ਼ਾਨਦਾਰ ਢੰਗ ਨਾਲ ਚਲਾਇਆ ਸੀ, ਉਹ ਅਖਬਾਰ ਅੰਤ ਨੂੰ ਦਮ ਤੋੜ ਗਿਆ। ਭਾਈ ਵੀਰ ਸਿੰਘ ਦੁਆਰਾ ਚਲਾਇਆ "ਖਾਲਸਾ ਸਮਾਚਾਰ" ਬਾਕੀ ਅਖਬਾਰਾਂ ਤੋਂ ਵਧੇਰੇ ਸਮੇਂ ਜੀਵਿਆ ਹੈ ਅਤੇ ਇਸਨੇ ਸਾਹਿਤ ਸ਼ੈਲੀ ਦੇ ਨਵੇਂ ਪੂਰਣੇ ਪਾਏ ਅਤੇ ਲੋਕਾਂ ਨੂੰ ਅਨੇਕ ਤਰ੍ਹਾਂ ਦੀ ਪ੍ਰੇਰਨਾ ਦਿਤੀ। ਇਸਅਖਬਾਰਾਂ ਨੂੰ ੧੮੯੯ ਵਿਚ ਜਾਰੀ ਕੀਤਾ ਗਿਆ ਅਤੇ ਪਹਿਲੀ ਪ੍ਰਤਿ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਵਾਲੇ ਦਿਨ ੧੭ ਨਵੰਬਰ ਨੂੰ ਪ੍ਰਕਾਸ਼ਤ ਹੋਈ। ਇਸ ਵਿਸ਼ੇਸ਼ ਅੰਕ ਦੀ ਸਮੱਗਰੀ ਪਹਿਲਾਂ ਵਾਂਗ ਹੀ ਵਧੇਰੇ ਕਰ ਕੇ ਭਾਈ ਵੀਰ ਸਿੰਘ ਦੁਆਰਾ ਰਚਿਤ ਸੀ ਅਤੇ ਇਸ ਪਿਛੋਂ ਛਪਣ ਵਾਲੇ ਬਹੁਤ ਸਾਰੇ ਪਰਚਿਆਂ ਵਿਚ ਵੀ ਵਧੇਰੇ ਭਾਈ ਵੀਰ ਸਿੰਘ ਹੀ ਲਿਖਦਾ ਰਿਹਾ। ਪ੍ਰੰਤੂ ਕਿਸੇ ਵੀ ਪਰਚੇ ਵਿਚ ਸੰਪਾਦਕ ਜਾਂ ਲੇਖਕ ਵਜੋਂ ਭਾਈ ਵੀਰ ਸਿੰਘ ਦਾ ਨਾਂ ਕਿਤੇ ਵੀ ਦਰਜ ਨਾ ਕੀਤਾ ਗਿਆ। ਰਸਾਲੇ ਦੇ ਉਦੇਸ਼ ਬਾਰੇ ਇਸ ਪ੍ਰਕਾਰ ਦਸਿਆ ਗਿਆ :—

"ਹੁਣ ਕਿਉਂਕਿ ਵਿਦਿਆ ਦਾ ਸਮਾਂ ਹੈ, ਅਰ ਵਿਦਿਆ ਹੀ ਕੌਮ ਨੂੰ ਉੱਚਿਆਂ ਕਰ ਸਕਦੀ ਹੈ ਅਰ ਵਿਦਿਆ ਦੇ ਪ੍ਰਚਾਰਕ ਢੰਗਾਂ ਵਿਚੋਂ ਅਖਬਾਰ ਇਕ ਭਾਰੀ ਨਮਿਤ ਕੌਮੀ ਤੇ ਧਾਰਮਕ ਤਰਕੀ ਦਾ ਹੈ, ਇਸ ਲਈ ਆਪਣੀ ਕੌਮ ਤੇ ਧਰਮ ਦੀ ਇਜ਼ਤ ਵਧਾਉਣ ਲਈ ਅਰ ਕੌਮ ਦੀ ਸੱਚੀ ਸੇਵਾ ਕਰਨ ਲਈ ਇਸ ਸ਼ਹਿਰ ਵਿਚੋਂ ਅਖਬਾਰ ਨਿਕਲਣ ਦੀ ਲੋੜ ਪ੍ਰਤੀਤ ਹੋ ਰਹੀ ਸੀ। ਉਸ ਲੋੜ ਨੂੰ ਪੂਰਾ ਕਰਨੇ ਲਈ ਇਹ ਅਖਬਾਰ ਨਿਕਲਿਆ ਹੈ।

ਅਖਬਾਰ ਨੇ ਜੋ ਕੁਝ ਹੇਰ ਫੇਰ ਵਾਧੇ ਤੇ ਬ੍ਰਿਧੀਆਂ ਸੰਸਾਰ ਵਿਚ ਕੀਤੀਆਂ ਹਨ ਸਭ ਕੋਈ ਜਾਣਦਾ ਹੈ। ਯੂਰਪ ਦੀ ਸਾਰੀ ਤਰਕੀ ਅਖਬਾਰਾਂ ਦੇ ਸਿਰ ਪਰ ਹੈ ਅਰ ਉਥੇ ਅਕਸਹ ਲੋਕ ਭਾਵੇਂ ਕਿਸੇ ਸਰੀਰਕ ਲੋੜ ਤੋਂ ਵਿਰਵੇ ਰਹਿ ਜਾਣ ਪਰ ਅਖਬਾਰ ਪੜ੍ਹੇ ਬਿਨਾਂ ਨਹੀਂ ਰਹਿ ਸਕਦੇ। ਪਰ ਸਾਡੀ ਕੌਮ ਵਿਚ ਅਜੇ ਇਹ ਸ਼ੌਕ ਨਹੀਂ ਵਧਿਆ, ਇਸੇ ਕਰਕੇ ਅਸੀਂ ਦੂਸਰੀਆਂ ਕੌਮਾਂ ਨਾਲੋਂ ਪਿਛੇ ਰਹਿ ਜਾਂਦੇ ਹਾਂ......ਸੋ ਆਪਣੀ ਬੋਲੀ ਅਰ ਅਖਰਾਂ ਦੀ ਬ੍ਰਿਧੀ ਤਦੇ ਹੋ ਸਕਦੀ ਹੈ ਜੇ ਅਖਬਾਰ ਚੰਗਾ ਨਿਕਲਦਾ ਕਿਉਂਕਿ ਹਰ ਬੋਲੀ ਅਖਬਾਰ ਦੇ ਕਾਲਮਾਂ ਵਿਚ ਆ ਕੇ ਹੀ ਮੰਝੀ ਹੈ।"[1] ਅਖਬਾਰ ਨੂੰ ਜਾਰੀ ਕਰਨ

1. ਖਾਲਸਾ ਸਮਾਚਾਰ, ਜਿਲਦ I, ਅੰਕ I, ਨਵੰਬਰ 17, 1899, ਪੰਨਾ 1।

ਬਾਰੇ ਇਹ ਸੂਚਨਾ ਅਖਬਾਰ ਦੇ ਖਬਰਾਂ ਵਾਲੇ ਕਾਲਮਾਂ ਵਿਚ ਛਾਪੀ ਗਈ ਅਤੇ ਇਸ ਪਿਛੋਂ ਦੂਜੇ ਪੰਨਿਆਂ ਤੇ ਅੰਮ੍ਰਿਤਸਰ ਦੀ ਦੀਵਾਲੀ ਦੇ ਪੁਰਬ ਅਤੇ ਆਰੀਆ ਸਮਾਜ ਦੀਆਂ ਇਕਤਰਤਾਵਾਂ ਬਾਰੇ ਖਬਰਾਂ ਛਪੀਆ। ਅਖਬਾਰ ਦੇ ਅੱਠ ਪੰਨਿਆਂ ਦੇ ਕਾਲਮਾਂ ਵਿਚ ਇਸਤ੍ਰੀ ਵਿਦਿਆ ਬਾਰੇ ਇਕ ਲੇਖ ਅਤੇ ਇਕੋ ਇਕ ਇਸ਼ਤਿਹਾਰ ਵੀ ਸੀ । ਛਪਾਈ ਦਾ ਇਹ ਢੰਗ ਪਹਿਲੇ ਅੰਕ ਤੋਂ ਲੈ ਕੇ ਹੁਣ ਤੱਕ ਪ੍ਰਚਲਿਤ ਰਿਹਾ ਹੈ। ਇਸ ਆਕਾਰ ਪ੍ਰਕਾਰ ਵਿਚ ਪਿੱਛੋਂ ਜਾ ਕੇ ਇਹ ਵੀ ਵਾਧਾ ਕੀਤਾ ਗਿਆ ਕਿ ਕਦੇ ਕਦੇ ਕਵਿਤਾ ਛਾਪ ਦਿੱਤੀ ਜਾਂਦੀ ਸੀ ਅਤੇ ਚਿੱਠੀ ਪੱਤ੍ਰ ਲਈ ਇਕ ਕਾਲਮ ਅਡਰਾ ਰਖਿਆ ਗਿਆ । ਕਾਲਮ ਵਿਚ ਦੇਸ਼ ਬਦੇਸ਼ ਦੀਆਂ ਅੱਡ-ਅੱਡ ਥਾਵਾਂ ਦੀਆਂ ਸਿੰਘ ਸਭਾਵਾਂ ਬਾਰੇ ਰੀਪੋਰਟਾਂ ਛਾਪੀਆਂ ਜਾਂਦੀਆਂ ਸਨ ਅਤੇ ਸੁਧਾਰਕ ਲਹਿਰ ਅਨੁਸਾਰ ਹੋਈਆਂ ਵਿਆਹ ਸ਼ਾਦੀਆਂ ਅਤੇ ਮਰਣੇ ਪਰਣੇ ਬਾਰੇ ਬਿਉਰਾ ਪ੍ਰਕਾਸ਼ਤ ਹੁੰਦਾ ਸੀ। ਭਾਈ ਵੀਰ ਸਿੰਘ ਨੂੰ ਖਾਲਸਾ ਸਮਾਚਾਰ ਨਾਲ ਬੜਾ ਹਿੱਤ ਸੀ ਅਤੇ ਕਈ ਵਰ੍ਹੇ ਮਾਇਕ ਹਾਨੀ ਉਠਾ ਕੇ ਵੀ ਉਸਨੇ ਇਸ ਨੂੰ ਜਾਰੀ ਰਖਿਆ। ਉਨ੍ਹਾਂ ਦਿਨਾਂ ਵਿਚ ਪੰਜਾਬੀ ਅਖਬਾਰਾਂ ਦਾ ਬਜਟ ਕਿੰਨਾ ਕੁ ਹੁੰਦਾ ਸੀ ਇਸਦਾ ਕੁਝ ਅੰਦਾਜ਼ਾ ਪਹਿਲੇ ਸਾਲ ਦੀ ਤਸਦੀਕ ਹੋਈ ਹਿਸਾਬ ਕਿਤਾਬ ਦੀ ਰੀਪੋਰਟ ਤੋਂ ਲੱਗ ਸਕਦਾ ਹੈ। ਕੁਲ ਚੰਦਿਆਂ ਦੀ ਵਸੂਲੀ ੩੯੧ ਰੁਪਏ, ਦਾਨ ਪਾਤਰ ੧੨੩ ਰੁਪਏ, ਇਸ਼ਤਿਹਾਰਾਂ ਤੋਂ ਆਮਦਨੀ ੧੨੦ ਰੁਪਏ, ਛਪਾਈ ਕਾਗਜ਼ ਸਮੇਤ ਕੁਲ ਖਰਚਾ ਪ੩੯ ਰੁਪਏ। ਕੁਲ ਖਰਚਾ ੧੦੬੯ ਰੁਪਏ ਹੋਇਆ ਅਤੇ ਦਾਨ ਪਾਤਰ ਸਮੇਤ ਕੁਲ ਆਮਦਨੀ ੭੨੪ ਰੁਪਏ ਹੋਈ। ਇਸ ਤਰ੍ਹਾਂ ੩੪੫ ਰੁਪਏ ਦਾ ਘਾਟਾ ਰਿਹਾ। ਭਾਈ ਵੀਰ ਸਿੰਘ ਨੇ ਖਾਲਸਾ ਸਮਾਚਾਰ ਨੂੰ ਸਮਾਜਿਕ ਅਤੇ ਧਾਰਮਕ ਸੁਧਾਰ ਦਾ ਇਕ ਤਕੜਾ ਸਾਧਨ ਬਣਾ ਲਿਆ। ਦੇਸੀ ਬੋਲੀਆਂ ਵਿਚ ਸਮਾਚਾਰ ਪੱਤਰ ਦਾ ਵਿਕਾਸ ਸੁਧਾਰਕ ਲਹਿਰਾਂ ਅਤੇ ਪੁਨਰ ਜਾਗ੍ਰਤੀ ਦੇ ਉਥਾਨ ਨਾਲ ਹੋਇਆ ਅਤੇ ਇਨ੍ਹਾਂ ਸਮਾਚਾਰ ਪੱਤਰਾਂ ਦਾ ਉਦੇਸ਼ ਨਿਰੋਲ ਇਨ੍ਹਾਂ ਲਹਿਰਾਂ ਦੇ ਆਸ਼ਿਆਂ ਦਾ ਪਰਚਾਰ ਕਰਨਾ ਸੀ। ਖਬਰਾਂ ਨੂੰ ਇਕੱਤਰ ਕਰਕੇ ਉਨ੍ਹਾਂ ਦਾ ਸੰਪਾਦਨ ਕੇਵਲ ਦੂਜੇ ਦਰਜੇ ਦਾ ਆਸ਼ਾ ਸੀ। ਖਾਲਸਾ ਸਮਾਚਾਰ ਦੇ ਕੇਵਲ ਇਕ ਦੋ ਕਾਲਮਾਂ ਵਿਚ ਹੀ ਖਬਰਾਂ ਛਪਦੀਆਂ ਸਨ ਅਤੇ ਇਨ੍ਹਾਂ ਨੂੰ ਵੀ ਅੰਗਰੇਜ਼ੀ ਅਖਬਾਰਾਂ ਤੋਂ ਨਕਲ ਕੀਤਾ ਜਾਂਦਾ ਸੀ। ਇਹ ਬੜੀਆ ਸੰਖੇਪ ਤੇ ਫੁਟਕਲ ਹੁੰਦੀਆਂ ਸਨ। ਅਖਬਾਰ ਦੀ ਬਾਕੀ ਦੀ ਲਿਖਤ ਵਿਚ ਸੁਧਾਰਕ ਲਹਿਰ ਦਾ ਉਥਾਨ ਝਲਕਦਾ ਸੀ ਅਤੇ ਇਹ ਗੱਲ ਲੇਖਕ ਦੀ ਸਿਰਜਨਾਤਮਕ ਭਾਵਨਾ ਦੀ ਸੂਚਕ ਸੀ। ਸਹਿਜੇ ਸਹਿਜੇ ਇਸਨੇ ਪੰਜਾਬੀ ਪਾਠਕਾਂ ਨੂੰ ਕੀਲ ਲਿਆ। ਇਸ ਦੁਆਰਾ ਭਾਈ ਵੀਰ ਸਿੰਘ ਦੇ ਵਿਚਾਰ ਲੋਕਾਂ ਦੇ ਵਡੇਰੇ ਭਾਗ ਵਿਚ ਫ਼ੈਲ ਗਏ। ਏਥੇ ਅਸੀਂ ਭਾਈ ਵੀਰ ਸਿੰਘ ਨੂੰ ਇਕ ਦ੍ਰਿੜ ਭਾਵੀ ਅੰਦੋਲਨਕਾਰੀ, ਤਬਦੀਲੀ ਲਈ ਨਿਸ਼ਠਾ ਧਾਰੀ ਅਤੇ ਪੁਨਰ ਨਿਰਮਾਣ ਲਈ ਉਤਸ਼ਾਹੀ ਦੇ ਰੂਪ ਵਿਚ ਦੇਖਦੇ ਹਾਂ।

ਭਾਈ ਵੀਰ ਸਿੰਘ ਨੇ ਜਿਹੜੇ ਮਸਲੇ ਉਠਾਏ, ਉਨ੍ਹਾਂ ਵਿਚੋਂ ਪ੍ਰਥਮ ਸਨ ਵਿਦਿਆਲਾ ਪਸਾਰ, ਇਸਤ੍ਰੀਆਂ ਦੇ ਅਧਿਕਾਰ, ਪੰਜਾਬੀ ਭਾਸ਼ਾ ਦੀ ਉੱਨਤੀ ਅਤੇ ਇਸਦੇ ਪ੍ਰਯੋਗ ਅਤੇ ਇਸਨੂੰ ਅਕਾਦਮਿਕ ਸਰਕਾਰੀ ਅਤੇ ਸਭਿਆਚਾਰਕ ਖੇਤਰਾਂ ਵਿਚ ਯੋਗ ਸਥਾਨ ਦੇਣ ਦੀ ਪ੍ਰੇਰਣਾ, ਸਿੱਖ ਧਰਮ ਦਾ ਸੁਧਾਰ ਅਤੇ ਉਨ੍ਹਾਂ ਕੁਰੀਤੀਆਂ ਦਾ ਤਿਆਗ ਜਿਹੜੀਆਂ ਕਿ ਇਸਨੂੰ ਢਾਹ ਲਗਾ ਰਹੀਆਂ ਸਨ ਜਿਹਾ ਕਿ ਜਾਤ-ਪਾਤ ਦੇ ਵਿਤਕਰਿਆਂ ਨੂੰ ਦੂਰ ਕਰਨਾ ਅਤੇ ਮੂਰਤੀ ਪੂਜ਼ਾ ਨੂੰ ਤਿਆਗਣਾ ਆਦਿ। ਉਸਨੇ ਇਸ ਬਾਰੇ ਖੇਦ ਪ੍ਰਗਟ ਕੀਤਾ ਕਿ ਉਹ ਲੋਕ ਜਿਨ੍ਹਾਂ ਨੇ ਕਿ ਪੰਜਾਬੀ ਭਾਸ਼ਾ ਆਪਣੀ ਮਾਂ ਦੀ ਗੋਦ ਵਿਚ ਪਲਦਿਆਂ ਸਿੱਖੀ ਸੀ, ਆਪਣੀ ਮਾਤ ਭਾਸ਼ਾ ਤੋਂ ਬੇਮੁਖ ਹੋ ਰਹੇ ਸਨ । ਉਹ ''ਉਰਦੂ ਦੇ ਸ਼ੇਅਰ ਗਾਉਂਦੇ ਸਨ, ਗਜ਼ਲਾਂ ਨੂੰ ਪਸੰਦ ਕਰਦੇ ਹਨ। ਖਤ ਪਤਰ ਉਰਦੂ ਜਾਂ ਅੰਗ-ਰੇਜ਼ੀ ਵਿਚ ਲਿਖਦੇ ਹਨ। ਬੋਲਚਾਲ ਜਾਂ ਤਾਂ ਕਚਘਰੜ ਉਰਦੂ ਬੋਲਦੇ ਹਨ ਜਾਂ ਉਹ ਟੁਟੀ ਫੁਟੀ ਹਿੰਦੀ ਬੋਲਦੇ ਹਨ—ਫੇਰ ਪੰਜਾਬੀ ਵੱਲ ਨਹੀਂ ਪੈਂਦੇ......ਸ੍ਰੀ ਦਰਬਾਰ ਸਾਹਿਬ ਦਾ ਦਫ਼ਤਰ, ਸਿਖ ਰਿਆਸਤਾਂ ਦੇ ਆਮ ਦਫ਼ਤਰ ਸਭ ਉਰਦੂ ਵਿਚ ਰਖੇ ਜਾਂਦੇ ਹਨ[1] ।''

ਆਪਣੇ ਗਿਆਨ ਪੂਰਨ ਸੰਪਾਦਕੀ ਨੋਟਾਂ ਵਿਚ ਉਸਨੇ ਪਿਛਾਂ ਖਿੱਚੂਆਂ ਦਾ ਪਾਜ ਉਘੇੜਿਆ (ਪਿਤਾ ਪੁਰਖੀ)[2] ਬੇਇਤਫ਼ਾਕੀ (ਹੱਣੇ ਹੱਣੇ ਮੀਰ)[3] ਅਤੇ ਰਿਸ਼ਵਤਖ਼ੋਰੀ (ਜਿਸ ਬ੍ਰਿਛ ਪੁਰ ਬਹਿਣਾ ਉਸੇ ਨੂੰ ਕੱਟਣਾ)[4]—ਕੁਝ ਕੁ ਉਦਾਹਰਣਾਂ ਹਨ । ਸਿੱਖ ਗੁਰਦੁਆਰਿਆਂ ਅਤੇ ਪਵਿਤਰ ਅਸਥਾਨਾਂ ਵਿਚ ਜਿਹੜੀਆਂ ਕੁਰੀਤੀਆਂ ਪ੍ਰਚਲਿਤ ਸਨ, ਉਨ੍ਹਾਂ ਵੱਲ ਪਾਠਕਾਂ ਦਾ ਧਿਆਨ ਦੁਆ ਕੇ ਭਾਈ ਸਾਹਿਬ ਨੇ ਚਾਲੂ ਸਦੀ ਦੇ ਦੂਸਰੇ ਦਹਾਕੇ ਵਿਚ ਚਲੀ ਗੁਰਦੁਆਰਾ ਸੁਧਾਰ ਲਹਿਰ ਦੀ ਇਕ ਪਰਕਾਰ ਨਾਲ ਅਗੇਤਰੀ ਸੂਚਨਾ ਦਿਤੀ। ਉਸਨੂੰ ਅਪਣੇ ਹਥਲੇ ਸ਼ਕਤੀਸ਼ਾਲੀ ਮਾਧਿਅਮ ਦੀ ਤਾਕਤ ਦਾ ਪਤਾ ਸੀ ਅਤੇ ਛੋਹੀ ਮਸਲਿਆਂ ਨੂੰ ਲੋੜ ਅਨੁਸਾਰ ਉਸ ਨੇ ਲੋਕਾਂ ਦੇ ਮਸਲੇ ਬਣਾ ਲਿਆ। ਉਸਦੀ ਲੇਖਨੀ ਦਿਆਨਤ੍ਦਾਰੀ ਦੀ ਸੂਚਕ ਅਤੇ ਭਾਵ ਪੂਰਨ ਸੀ ਅਤੇ ਉਸਨੇ ਆਪਣੀਆਂ ਦਲੀਲਾਂ ਦੀ ਪ੍ਰੋੜ੍ਹਤਾ ਲਈ ਧਰਮ, ਇਤਿਹਾਸ ਮਿਥਿਹਾਸ ਅਤੇ ਲੋਕ ਕਥਾਵਾਂ ਦੇ ਅਥਾਹ ਗਿਆਨ ਭੰਡਾਰੇ ਵਿਚੋਂ ਉਦਾਹਰਣ ਦਿਤੇ ।

ਭਾਈ ਵੀਰ ਸਿੰਘ ਨੂੰ ਗੁਰਮਤਿ ਸਿੱਖ ਧਰਮ ਅਤੇ ਸਿੱਖ ਇਤਿਹਾਸ ਬਾਰੇ ਭਰਪੂਰ ਵਾਕਫੀ ਸੀ ਤੇ ਇਸਤੋਂ ਛੁਟ ਉਸਨੇ ਹਿੰਦੂ ਧਰਮ, ਬੁਧ ਮਤਿ, ਇਸਾਈ ਧਰਮ ਅਤੇ

---

1. ਪਹਿਲੇ ਵਾਲਾ ਹਵਾਲਾ Vol. I, No. 7, January 1,1900, pp.3-4.
2. ਪਹਿਲੇ ਵਾਲਾ ਹਵਾਲਾ Vol.II, No. 4, November 26, 1900,p.3.
3. ਪਹਿਲੇ ਵਾਲਾ ਹਵਾਲਾ Vol. I, No. 13, February 12, 1900,p.3.
4. ਪਹਿਲੇ ਵਾਲਾ ਹਵਾਲਾ Vol. I, No. 37, July 30, 1900, p. 3.

ਇਸਲਾਮ ਦਾ ਵੀ ਡੂੰਘਾ ਅਧਿਐਨ ਕੀਤਾ ਸੀ । ਧਰਮ ਦੇ ਤੁਲਨਾਤਮਕ ਅਧਿਐਨ ਬਾਰੇ ਉਨ੍ਹਾਂ ਦਾ ਨਿਸ਼ਚਿਤ ਦ੍ਰਿਸ਼ਟੀਕੋਣ ਸੀ । "ਹਰ ਇਕ ਧਰਮ ਨੂੰ ਸਮਝਣ ਵਾਸਤੇ ਮਿਲਾਪ ਵੱਲ ਉਤਨੀ ਨਹੀਂ ਨਜ਼ਰ ਮਾਰੀ ਜਾਂਦੀ, ਜਿਤਨੀ ਫਰਕ ਵਲ ਮਾਹੀ ਜਾਂਦੀ ਹੈ। ਗਊ ਤੇ ਭੈਂਸ ਇਕ ਨਹੀਂ ਹੁੰਦੀਆਂ ਜੇ। ਜੋ ਸੂਖਮ ਫਰਕ ਗਊ ਭੈਂਸ ਵਿਚ ਹੁੰਦੇ ਹਨ ਸੋ ਹੀ ਉਨ੍ਹਾਂ ਦੀ ਅੱਡ ਅੱਡ ਨਾਮ ਰਖਣ ਦੇ ਕਾਰਨ ਹੁੰਦੇ ਹਨ[1]। ਆਪਣੇ ਧਰਮ ਪ੍ਰਤਿ ਉਸਦਾ ਦ੍ਰਿਸ਼ਟੀਕੋਣ ਸਤਿਕਾਰ ਪੂਰਨ ਅਤੇ ਸਹਿਜ-ਭਾਵੀ ਸੀ । ਹੁਣ ਉਸਦੀ ਸਾਹਿਤ ਸ਼ੈਲੀ ਸਰਲ ਅਤੇ ਸਪਸ਼ਟ ਸੀ। ਇਹ ਗੁਣ ਮੁੱਢਲੇ ਟ੍ਰੈਕਟਾਂ ਦੀ ਸਾਹਿਤ ਸ਼ੈਲੀ ਦੇ ਟਾਕਰੇ ਵਿਚ ਵਧੇਰੇ ਉਘੜਵੇਂ ਸਨ । ਇਸ ਸਾਹਿਤ ਸ਼ੈਲੀ ਦੁਆਰਾ ਪੰਜਾਬੀ ਵਾਰਤਕ ਨੇ ਰੂੜ੍ਹੀਗਤ ਵਿਧੀਆਂ ਨੂੰ ਤਿਆਗ ਦਿਤਾ ਅਤੇ ਇਹ ਸੂਖਮ ਭਾਵਾਂ ਨੂੰ ਦਰਸਾਣ ਦਾ ਵਧੇਰੇ ਚੰਗੇਰਾ ਵਸੀਲਾ ਬਣ ਗਈ ।

---

1. ਪਹਿਲੇ ਵਾਲਾ ਹਵਾਲਾ Vol. IV, No. 38, August 5, 1903, p. 3.

## ਕਾਂਡ ੪

# ਸੁੰਦਰੀ ਅਤੇ ਦੂਸਰੇ ਨਾਵਲ

ਸੁੰਦਰੀ ਪੰਜਾਬੀ ਭਾਸ਼ਾ ਦਾ ਪਹਿਲਾ ਨਾਵਲ ਹੈ। ਇਸ ਨਾਵਲ ਦੀ ਕਹਾਣੀ ਬਾਰੇ ਭਾਈ ਵੀਰ ਸਿੰਘ ਨੇ ਆਪਣੇ ਸਕੂਲੀ ਜੀਵਨ ਵਿਚ ਹੀ ਸੋਚਿਆ ਸੀ ਅਤੇ ਉਸ ਸਮੇਂ ਹੀ ਇਸਦਾ ਕੁਝ ਭਾਗ ਲਿਖਿਆ ਵੀ ਸੀ। ਪਰੰਤੂ ਇਹ ਨਾਵਲ ੧੮੯੮ ਤੋਂ ਪਹਿਲਾਂ—'ਖ਼ਾਲਸਾ ਸਮਾਚਾਰ' ਪ੍ਰਕਾਸ਼ਿਤ ਹੋਣ ਤੋਂ ਇਕ ਸਾਲ ਪਹਿਲਾਂ, ਪ੍ਰਕਾਸ਼ਿਤ ਨਾ ਹੋ ਸਕਿਆ। ਉਸਨੇ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਰਚਿਤ ਕਾਵਿ ਦਾ ਡੂੰਘਾ ਅਧਿਐਨ ਕੀਤਾ ਸੀ। ਅਠਾਰਵੀਂ ਸ਼ਤਾਬਦੀ ਦਾ ਸਮਾਂ ਦਲੇਰ ਯੋਧਿਆਂ ਦੀਆਂ ਕੁਰਬਾਨੀਆਂ ਦਾ ਸਮਾਂ ਸੀ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਰੌਚਿਕ ਗਾਥਾ ਦਾ ਉਸਦੇ ਜਵਾਨ ਮਨ ਤੇ ਬੜਾ ਪ੍ਰਭਾਵ ਪਿਆ। ਉਹ ਲੋਕਾਂ ਵਿਚ ਸ੍ਵੈਚੇਤਨਾ ਜਗਾਉਣ ਅਤੇ ਉਨ੍ਹਾਂ ਦੇ ਮਨ ਨੂੰ ਟੁੰਬਣ ਲਈ ਉਨ੍ਹਾਂ ਨੂੰ ਇਸ ਮਹਾਨ ਵਿਰਸੇ ਤੋਂ ਜਾਣੂ ਕਰਵਾਉਣਾ ਚਾਹੁੰਦਾ ਸੀ। ਸਕੂਲੀ ਜੀਵਨ ਦਾ ਸਭਿਆਚਾਰਕ ਵਾਤਾਵਰਨ ਹੀ ਅਜਿਹਾ ਸੀ ਕਿ ਭਾਈ ਸਾਹਿਬ ਦਾ ਅਜਿਹਾ ਸੋਚਣਾ ਸੁਭਾਵਕ ਸੀ। ਜਿਥੋਂ ਤਕ ਨਾਵਲ ਦੇ ਬਣਤ ਗੁਣਾਂ ਦਾ ਸੰਬੰਧ ਹੈ, ਉਸਨੇ ਸਕੂਲੀ ਜੀਵਨ ਸਮੇਂ ਸਰ ਵਾਲਟਰ ਸਕਾਟ ਦੇ ਇਤਿਹਾਸਕ ਨਾਵਲਾਂ ਦਾ ਅਧਿਐਨ ਕੀਤਾ। ਉਸ ਸਮੇਂ ਕੁਝ ਅੰਗਰੇਜ਼ੀ ਨਾਵਲਾਂ ਬਨੀਅਨ ਰਚਿਤ The Pilgrim's Progress ਮਸੀਹ ਦੀ ਯਾਤਰਾ ਡੀਫ਼ੋ ਰਚਿਤ Robinson Crusoe ਅਤੇ ਜੌਨਸਨ ਰਚਿਤ Rasselas ਦੇ ਉਰਦੂ ਅਨੁਵਾਦ ਤਾਂ ਮਿਲਦੇ ਹੀ ਸਨ।

ਨਾਵਲ ਦੀ ਕਹਾਣੀ ਉਸ ਨੂੰ ਪੀੜ੍ਹੀ ਦਰ ਪੀੜ੍ਹੀ ਪ੍ਰਚਲਿਤ ਇਕ ਲੋਕ ਗੀਤ ਤੋਂ ਸੁਝੀ। ਇਹ ਗੀਤ ਕੁੜੀਆਂ ਵਿਚ ਆਮ ਪ੍ਰਚਲਿਤ ਸੀ। ਇਸ ਗੀਤ ਵਿਚ ਕਰੁਣਾਮਈ ਢੰਗ ਨਾਲ ਉਨ੍ਹਾਂ ਮਾਸੂਮ ਕੁੜੀਆਂ ਦੇ ਉਧਾਲੇ ਦਾ ਵਰਨਣ ਸੀ ਜਿਨ੍ਹਾਂ ਨੂੰ ਪਿਛਲੇਰੀ ਸ਼ਤਾਬਦੀ (ਅਠਾਰਵੀਂ) ਵਿਚ ਲੁਟੇਰੇ ਮੁਗਲ ਸਿਪਾਹੀ ਉਧਾਲ ਕੇ ਲੈ ਜਾਂਦੇ ਸਨ। ਭਾਈ ਵੀਰ ਸਿੰਘ ਦੇ ਨਾਵਲ ਵਿਚ ਅਜੇਹੀ ਇਕ ਕੁੜੀ ਆਪਣੇ ਵਿਆਹ ਪਿਛੋਂ

ਲਾੜੇ ਨਾਲ ਆਪਣੇ ਸਹੁਰੇ ਘਰ ਜਾਣ ਦੀ ਉਡੀਕ ਵਿਚ ਸੀ। ਉਸਦੇ ਘਰ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਅਤੇ ਉਹ ਉਮੰਗਾਂ ਭਰੇ ਦਿਲ ਨਾਲ ਆਪਣੀਆਂ ਸਹੇਲੀਆਂ ਦੀ ਸੰਗਤ ਵਿਚ ਹੱਸਣ ਖੇਡਣ ਅਤੇ ਗੀਤ ਗਾਉਣ ਵਿਚ ਮਗਨ ਸੀ। ਇਸ ਖੁਸ਼ੀ ਸਮੇਂ ਇਕ ਦੁਰਘਟਨਾ ਵਾਪਰੀ। ਹਾਸਾ ਰੋਣੇ ਵਿਚ ਬਦਲ ਗਿਆ ਅਤੇ ਉਸ ਨੂੰ-ਗ਼ਮ ਨੇ ਆ ਘੇਰਿਆ। ਮੁਗ਼ਲ ਸੂਬੇਦਾਰ ਜਿਹੜਾ ਲਾਗਲੇ ਜੰਗਲ ਵਿਚ ਆਣ ਵੜਿਆ, ਉਥੇ ਸ਼ਿਕਾਰ ਖੇਡ ਰਿਹਾ ਸੀ। ਇਥੇ ਜਾਣੋ ਸਰਵੋਤਮ ਪੁਰਸਕਾਰ ਉਸੇ ਦੀ ਉਡੀਕ ਵਿਚ ਸੀ। ਉਸਨੇ ਦੁਲਹਨ ਨੂੰ ਹਸਦਿਆਂ ਖੇਡਦਿਆਂ ਸਹੇਲੀਆਂ ਦੇ ਝੁੰਡ 'ਚੋਂ ਚੁਕ ਲਿਆ। ਇਹ ਕੁੜੀਆਂ ਘਰ ਦੀ ਘੁਟਣ ਤੋਂ ਬਾਹਰ ਹਵਾ ਹਾਰੇ ਅਈਆਂ ਸਨ। ਜਿਸ ਤਰ੍ਹਾਂ ਅਚਾਨਕ ਉਹ ਆਇਆ ਸੀ, ਉਸੇ ਫੁਰਤੀ ਨਾਲ ਉਹ ਅਲੋਪ ਹੋ ਗਿਆ। ਹਿੰਦੂ ਖਤਰੀ ਸ਼ਾਮੇਂ ਦਾ ਟੱਬਰ ਨਾ ਉਮੀਦੀ ਅਤੇ ਤ੍ਰਾਸ ਦੇ ਸਮੁੰਦਰ ਵਿਚ ਡੁੱਬ ਗਿਆ। ਉਸੇ ਆਥਣ ਉਸਦਾ ਪੁੱਤਰ ਬਲਵੰਤ ਸਿੰਘ ਘਰ ਆਇਆ। ਉਹ ਆਪਣੇ ਸਾਥੀਆਂ ਨਾਲ ਘਰ ਤੋਂ ਦੂਰ ਜੰਗਲ ਵਿਚ ਰਹਿ ਕੇ ਜ਼ਾਲਮਾਂ ਵਿਰੁਧ ਬੇਜੋੜ ਪ੍ਰਤੂ ਦਲੇਰੀ ਭਰਪੂਰ ਯੁੱਧ ਵਿਚ ਜੁਟਿਆ ਸੀ। ਜਦੋਂ ਉਸਨੂੰ ਆਪਣੀ ਭੈਣ ਨਾਲ ਵਾਪਰੀ ਦੁਰਘਟਨਾ ਦਾ ਪਤਾ ਲੱਗਾ ਤਾਂ ਉਸ ਆਪਣੇ ਘੋੜੇ ਦੀਆਂ ਵਾਗਾਂ ਉਸੇ ਪਾਸੇ ਮੋੜ ਲਈਆਂ ਜਿਧਰ ਕਿ ਜਾਬਰ ਹਤਿਆਰਾ ਗਿਆ ਸੀ। ਜਦੋਂ ਉਹ ਜ਼ਾਲਮ ਦੇ ਫ਼ੌਜੀ ਕੈਂਪ ਕੋਲ ਪੁਜਾ ਤਾਂ ਉਸ ਲਕੜਾਂ ਦਾ ਇੱਕ ਢੇਰ ਡਿੱਠਾ। ਇਸ ਢੇਰ ਦੀ ਇੱਕ ਨੁਕਰੋਂ ਅੱਗ ਦੇ ਸ਼ੁਲੇ ਉਠ ਰਹੇ ਸਨ। ਉਸਦੇ ਕੰਨਾਂ ਵਿਚ ਜਾਣੀ ਪਛਾਣੀ ਅਵਾਜ ਆਈ। ਉਸਦੀ ਭੈਣ ਜਪੁਜੀ ਦਾ ਪਾਠ ਕਰ ਰਹੀ ਸੀ। ਉਹ ਦੌੜ ਕੇ ਮੌਕੇ ਤੇ ਪਹੁੰਚਿਆ ਅਤੇ ਹਤਿਆਰੇ ਤੋਂ ਭੱਜ ਕੇ ਆਤਮਘਾਤ ਕਰਨ ਲਗੀ ਆਪਣੀ ਭੈਣ ਨੂੰ ਬਚਾ ਲਿਆ। ਜਿਸ ਤਰ੍ਹਾਂ ਬਚਾਏ ਜਾਣ ਪਿਛੋਂ ਕੁੜੀ ਨੇ ਇਹ ਫੈਸਲਾ ਕੀਤਾ ਕਿ ਉਹ ਘਰ ਮੁੜਨ ਦੀ ਥਾਂ ਆਪਣੇ ਭਰਾ ਨਾਲ ਜੰਗਲ ਵਿਚ ਰਹਿਣਾ ਪਸੰਦ ਕਰੇਗੀ।

ਪਰ ਸਿੱਖ ਯੋਧਿਆਂ ਦਾ ਇਕ ਜਥਾ ਜਿਸ ਦਾ ਮੁਖੀ ਸਰਦਾਰ ਸ਼ਾਮ ਸਿੰਘ ਸੀ ਆਪਣੇ ਗੁਪਤਵਾਸ ਤੋਂ ਬਾਹਰ ਮੁਗ਼ਲ ਫੌਜੀਆਂ ਨਾਲ ਲੜ ਰਿਹਾ ਸੀ। ਦੋਵੇਂ ਭੈਣ ਭਰਾ ਬਹਾਦਰਾਂ ਵਾਂਗ ਲੜਦੇ ਹੋਏ ਉਥੇ ਹੀ ਕੈਦੀ ਹੋ ਗਏ!

ਉਨ੍ਹਾਂ ਨੂੰ ਬੰਦੀ ਬਨਾਉਣ ਵਾਲਾ ਇਕ ਬਾਰਸੂਖ਼ ਨਵਾਬ ਸੀ ਤੇ ਉਹ ਚਾਹੁੰਦਾ ਸੀ ਕਿ ਬਲਵੰਤ ਸਿੰਘ ਨੂੰ ਮੁਸਲਮਾਨ ਬਣਾ ਲਵੇ ਅਤੇ ਉਸ ਦੀ ਭੈਣ ਸੁਰਸਤੀ ਨੂੰ ਆਪਣੀ ਬੇਗਮ ਬਣਾ ਕੇ ਹਰਮਸਰਾਂ ਵਿਚ ਦਾਖਲ ਕਰ ਲਵੇ। ਬਲਵੰਤ ਸਿੰਘ ਅਤੇ ਸੁਰਸਤੀ ਨੂੰ ਫੌਜੀ ਪਹਿਰੇ ਵਿਚ ਮਸੀਤੇ ਪਹੁੰਚਾਇਆ ਗਿਆ। ਇਕ ਦਾ ਆਪਣਾ ਧਾਰਮਿਕ ਬਾਣਾ ਲਾਹੁਣ ਲਈ ਅਤੇ ਦੂਜੀ ਨੂੰ ਉਸਦੀ ਮਰਜ਼ੀ ਦੇ ਵਿਰੁਧ ਅਕਦ ਪੜ੍ਹਾ ਕੇ ਬੇਗਮ ਬਣਾਉਣ ਲਈ।

ਸਰਦਾਰ ਸ਼ਾਮ ਸਿੰਘ ਨੂੰ ਆਪਣੇ ਕਿਸੇ ਜਾਸੂਸ ਤੋਂ ਸੂਹ ਲੱਗ ਗਈ ਅਤੇ ਉਸਨੇ

ਅਚਨਚੇਤ ਹਮਲਾ ਕਰ ਦਿਤਾ । ਬਲਵੰਤ ਸਿੰਘ ਤੇ ਸੁਰਸਤੀ ਨੂੰ ਛੁਟਕਾਰਾ ਮਿਲ ਗਿਆ । ਜੰਗਲ ਵਿਚ ਪਹੁੰਚ ਕੇ ਸੁਰਸਤੀ ਨੇ ਸਿੱਖ ਮੱਤ ਗ੍ਰਹਿਣ ਕਰ ਲਿਆ ਅਤੇ ਅੰਮ੍ਰਿਤ ਛਕ ਲਿਆ । ਉਸ ਦਾ ਨਾਂ ਸੁੰਦਰ ਕੌਰ ਰਖਿਆ ਗਿਆ ਤੇ ਲਾਡ ਨਾਲ ਉਸਨੂੰ ਸੁੰਦਰੀ ਆਖਿਆ ਜਾਣ ਲਗਾ । ਉਸ ਨੇ ਇਹ ਪ੍ਰਣ ਕੀਤਾ ਕਿ ਆਪਣੀ ਜਾਨ ਹੂਲ ਕੇ ਵੀ ਉਹ ਜੱਥੇ ਦੀ ਸੇਵਾ ਕਰੇਗੀ । ਉਸ ਦਾ ਬਹੁਤ ਸਮਾਂ ਲੰਗਰ ਦੀ ਸੇਵਾ ਅਤੇ ਨਾਮ ਜਪਣ ਵਿਚ ਬਤੀਤ ਹੁੰਦਾ ਸੀ ।

ਇਕ ਦਿਨ ਜਦੋਂ ਲੰਗਰ ਦੀ ਰਸਦ ਖ਼ਤਮ ਹੋ ਗਈ ਤਾਂ ਉਹ ਇਸ ਇਰਾਦੇ ਨਾਲ ਸ਼ਹਿਰ ਗਈ ਕਿ ਉਹ ਆਪਣੀ ਮੁੰਦਰੀ ਵੇਚ ਕੇ ਰਸਦ ਖਰੀਦੇ । ਉਥੇ ਉਸਨੂੰ ਇਕ ਖੱਤਰੀ ਬਿਉਪਾਰੀ ਮਿਲਿਆ ਜਿਸ ਦਾ ਧਨ ਲੁਟਿਆ ਗਿਆ ਸੀ ਤੇ ਘਰ ਵਾਲੀ ਖੋਹੀ ਗਈ ਸੀ । ਸੁੰਦਰੀ ਉਸ ਦੀਆਂ ਅੱਖਾਂ ਤੇ ਪੱਟੀ ਬੰਨ੍ਹ ਕੇ ਉਸਨੂੰ ਜੰਗਲ ਵਿਚ ਆਪਣੇ ਠਿਕਾਣੇ ਤੇ ਲੈ ਆਈ । ਇਹ ਇਹਤਿਆਤ ਉਸ ਨੂੰ ਇਸ ਲਈ ਰਖਣੀ ਪਈ ਕਿ ਕਿਤੇ ਕੋਈ ਜਸੂਸ ਨਾ ਹੋਵੇ ਤੇ ਉਸ ਦੀ ਮੁਖਬਰੀ ਨਾ ਕਰ ਦੇਵੇ । ਜਦੋਂ ਜਥੇ ਵਾਲਿਆਂ ਉਸਦੀ ਦੁਰਗਤੀ ਦੀ ਕਹਾਣੀ ਸੁਣੀ ਤਾਂ ਹਮਦਰਦੀ ਵਜੋਂ ਉਨ੍ਹਾਂ ਇਹ ਫੈਸਲਾ ਕੀਤਾ ਕਿ ਮੁਗਲਾਂ ਦੇ ਮੁਖ ਠਕਾਣੇ ਦੇ ਉਤੇ ਹੱਲਾ ਬੋਲਿਆ ਜਾਵੇ ਅਤੇ ਦੁਰਭਾਗਣ ਇਸਤ੍ਰੀ ਨੂੰ ਮੁਕਤ ਕਰਾਇਆ ਜਾਵੇ ।

ਜੱਥੇ ਦਾ ਹੱਲਾ ਸਫਲ ਰਿਹਾ । ਮੁਗਲਾਂ ਦੀ ਹਾਰ ਹੋਈ ਅਤੇ ਕੈਦੀ ਇਸਤ੍ਰੀਆਂ ਛੁਡਾ ਲਈਆਂ । ਇਸ ਤੋਂ ਛੁਟ ਲੁੱਟ ਦਾ ਅਥਾਹ ਧਨ ਜਥੇ ਦੇ ਹੱਥ ਆਇਆ । ਇਸ ਵਿਚੋਂ ਕੁਝ ਲੋੜਵੰਦ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਬਿਨਾ ਕਿਸੇ ਵਿਤਕਰੇ ਦੇ ਵੰਡ ਦਿਤਾ ਗਿਆ । ਉਸ ਸਮੇਂ ਜਥੇਦਾਰ ਸ਼ਾਮ ਸਿੰਘ ਨੇ ਆਖਿਆ, "ਇਹ ਸਾਡਾ ਘਰ ਪਖ ਪਾਤੀ ਨਹੀਂ ਹੈ, ਨਾ ਸਾਨੂੰ ਕਿਸੇ ਨਾਲ ਵੈਰ ਹੈ, ਹਿੰਦੂ ਮੁਸਲਮਾਨ ਕੀ, ਸਾਡੇ ਸਤਿਗੁਰਾਂ ਨੂੰ ਕਿਸੇ ਨਾਲ ਵੀ ਵੈਰ ਨਹੀਂ ਸੀ । ਸਾਰੀ ਸ੍ਰਿਸ਼ਟੀ ਸਾਨੂੰ ਇਕ ਸਮਾਨ ਹੈ । ਅਸਾਂ ਤਾਂ ਅਨਯਾਇ ਨਾਸ਼ ਕਰਨਾ ਹੈ ਤੇ ਪੂਰਾ ਤੋਲਣਾ ਹੈ ।"[1] ਔਰਤ ਨੂੰ ਉਸ ਦੇ ਘਰ ਵਾਲੇ ਦੇ ਹਵਾਲੇ ਕਰ ਦਿਤਾ ਗਿਆ । ਦੋਹਾਂ ਨੇ ਅੰਮ੍ਰਿਤ ਛਕਿਆ ਤੇ ਖਾਲਸੇ ਸੂਰਮਿਆਂ 'ਚ ਸ਼ਾਮਲ ਹੋ ਗਏ ।

ਇਕ ਹੋਰ ਮੌਕੇ ਤੇ, ਜਦੋਂ ਸੁੰਦਰੀ ਸ਼ਹਿਰੋਂ ਮੁੜ ਰਹੀ ਸੀ ਤਾਂ ਉਹ ਮੁਗਲਾਂ ਦੇ ਕਾਬੂ ਆ ਗਈ ਅਤੇ ਉਸੇ ਅਫਸਰ ਦੇ ਹੱਥੀਂ ਆ ਗਈ, ਜਿਸ ਦੇ ਹਥੋਂ ਉਸ ਨੂੰ ਤੇ ਉਸ ਦੇ ਭਰਾ ਬਲਵੰਤ ਸਿੰਘ ਨੂੰ ਛੁਡਾਇਆ ਗਿਆ ਸੀ । ਇਸ ਵਾਰ ਉਸ ਨੂੰ ਪਕੜਨ ਵਾਲਾ ਮੁਗਲ ਫੌਜੀ, ਉਹ ਹੀ ਸੀ ਜਿਸ ਦੀ ਉਸ ਨੇ ਜ਼ਖਮੀ ਹਾਲਤ ਵਿਚ ਜਾਨ ਬਚਾਈ ਸੀ ਤੇ ਪਿਛੋਂ ਜੰਗਲ ਵਿਚ ਆਪਣੇ ਠਿਕਾਣੇ ਲਿਜਾ ਕੇ ਸੇਵਾ ਕੀਤੀ ਸੀ ਅਤੇ ਇਸ ਪ੍ਰਕਾਰ ਨਰੋਇਆ ਹੋਣ ਤਕ ਉਸ ਦੀ ਸਹਾਇਤਾ ਕੀਤੀ ਸੀ ।

1 ਸੁੰਦਰੀ, ੩੨ਵਾਂ ਐਡੀਸ਼ਨ, ਪੰਨਾ ੪੩ ।

ਜੱਥੇ ਨੇ ਆਪਣੇ ਸਾਰਿਆਂ ਤੋਂ ਚੰਗੇ ਜਾਸੂਸ ਬਿਜਲਾ ਸਿੰਘ ਨੂੰ ਸੁੰਦਰੀ ਦੀ ਭਾਲ ਕਰਨ ਲਈ ਭੇਜਿਆ। ਬਿਜਲਾ ਸਿੰਘ ਨੇ ਮੁਸਲਮਾਨੀ ਫਕੀਰ ਦਾ ਭੇਸ ਧਾਰਨ ਕਰ ਲਿਆ ਅਤੇ ਮਾੜੂਏ ਜਿਹੇ ਟੱਟੂ ਤੇ ਚੜ੍ਹ ਕੇ ਇਕ ਨਦੀ ਦੇ ਕਿਨਾਰੇ ਆਣ ਪਹੁੰਚਿਆ। ਉਥੇ ਉਸ ਨੂੰ ਇਕ ਮੁਸਲਮਾਨ ਮਿਲਿਆ ਜਿਹੜਾ ਕਹਿਣ ਲਗਾ "ਪਾਕ ਸੀਰਤ ਬੰਦੇ ਤੂੰ ਏਸ ਪਾਸੇ ਨਾ ਜਾ। ਨਦੀ ਦੇ ਚੌਹਾਂ ਕੰਢਿਆਂ ਤੇ ਸਿੱਖ ਫੌਜ ਖੜੀ ਹੈ ਅਤੇ ਉਹ ਨਦੀ ਪਾਰ ਕਰ ਰਹੇ ਹਨ। ਤੂੰ ਉਸ ਪਾਸੇ ਨਾ ਜਾ। ਉਸ ਨੇ ਉਸ ਨੂੰ ਨਦੀ ਵਿਚਾਲੇ ਇਕ ਅਜਿਹੇ ਲਾਂਘੇ ਦਾ ਪਤਾ ਦਿਤਾ ਜਿਥੇ ਕਿ ਮੁਸਲਮਾਨ ਬੇੜੀਆਂ ਵਾਲੇ ਲੁਕੇ ਸਨ। ਉਥੇ ਪਹੁੰਚ ਕੇ ਬਿਜਲਾ ਸਿੰਘ ਆਪਣੇ ਟੁੱਟੇ ਜਿਹੇ ਟੱਟੂ ਸਮੇਤ ਇਕ ਬੇੜੀ ਵਿਚ ਸਵਾਰ ਹੋ ਗਿਆ। ਉਸੇ ਬੇੜੀ ਵਿਚ ਇਕ ਮੁਸਲਮਾਨ ਅਫਸਰ ਵੀ ਸੀ ਅਤੇ ਨਾਲ ਹੀ ਇਕ ਡੋਲੀ ਵਿਚ ਕੋਈ ਔਰਤ ਵੀ ਸੀ। ਬਿਜਲਾ ਸਿੰਘ ਨੇ ਉਸ ਦੀ ਚੀਖ ਪੁਕਾਰ ਸੁਣੀ ਅਤੇ ਉਸ ਨੇ ਆਪਣੀਆਂ ਅੱਖੀਆਂ ਇਸ ਤਰ੍ਹਾਂ ਬੰਦ ਕਰ ਲਿੱਤੀਆਂ ਜਿਵੇਂ ਉਹ ਵਜੱਦ ਦੀ ਹਾਲਤ ਵਿਚ ਹੋਵੇ। ਉਸ ਮੁਗਲ ਨੂੰ ਇਹ ਦਸਿਆ ਕਿ ਡੋਲੀ ਵਾਲੀ ਔਰਤ ਉਸ ਦੀ ਬੀਵੀ ਨਹੀਂ ਅਤੇ ਉਸ ਔਰਤ ਨੂੰ ਜੰਜੀਰਾਂ ਨਾਲ ਜਕੜ ਕੇ ਰਖਿਆ ਗਿਆ ਹੈ। ਮੁਗਲ ਇਹ ਸੁਣ ਕੇ ਬੜਾ ਹੈਰਾਨ ਹੋਇਆ ਅਤੇ ਉਹ ਸੋਚਣ ਲਗ ਪਿਆ ਕਿ ਫਕੀਰ ਗੁੱਝੇ ਭੇਦਾਂ ਤੋਂ ਵਾਕਫ ਹੈ ਅਤੇ ਉਹ ਕਰਾਮਾਤਾਂ ਦਿਖਾ ਸਕਦਾ ਹੈ।

ਇਸੇ ਸਮੇਂ ਝਖੜ ਝੁਲਿਆ। ਨਦੀ ਵਿਚ ਤੂਫਾਨ ਆਇਆ ਅਤੇ ਬੇੜੀ ਡਾਵਾਂ ਡੋਲ ਹੋਣ ਲਗੀ। ਫਕੀਰ ਨੇ ਮੁਗਲ ਨੂੰ ਆਖਿਆ ਕਿ ਫਾਲਤੂ ਸਮਾਨ ਬੇੜੀ ਤੋਂ ਬਾਹਰ ਸੁਟ ਦੇਵੇ ਅਤੇ ਔਰਤ ਨੂੰ ਜੰਜੀਰਾਂ ਤੋਂ ਮੁਕਤ ਕਰ ਦੇਵੇ। ਜਿਉਂ ਹੀ ਸੁੰਦਰੀ ਮੁਕਤ ਹੋਈ ਉਸ ਨੇ ਸ਼ੇਰਨੀ ਵਾਂਗ ਮੁਗਲ ਉਤੇ ਤੂੰਦ ਹਮਲਾ ਕੀਤਾ ਅਤੇ ਉਸ ਦੀ ਤਲਵਾਰ ਖੋਹ ਕੇ ਉਸ ਨੂੰ ਪਾਰ ਬੁਲਾ ਦਿਤਾ।

ਨਦੀ ਦੇ ਦੂਸਰੇ ਕੰਢੇ ਪਹੁੰਚ ਕੇ ਸੁੰਦਰੀ ਮੁਗਲ ਦੇ ਘੋੜੇ ਤੇ ਸਵਾਰ ਹੋਈ ਅਤੇ ਦੁੜਕੀ ਲਾਉਂਦੀ ਹੋਈ ਅਲੋਪ ਹੋ ਗਈ। ਬਿਜਲਾ ਸਿੰਘ ਨੇ ਫਕੀਰੀ ਭੇਸ ਉਤਾਰ ਦਿਤਾ ਤੇ ਖਾਲਸਈ ਦਸਤਾਰਾ ਸਜਾ ਲਿਆ। ਆਪਣੇ ਮਰੀਅਲ ਟੱਟੂ ਤੇ ਸਵਾਰ ਉਹ ਸੁੰਦਰੀ ਦੇ ਪਿਛੇ ਪਿਛੇ ਹੋ ਤੁਰਿਆ, ਪਰੰਤੂ ਸੁੰਦਰੀ ਆਪਣੇ ਰਾਹ ਤੋਂ ਭਟਕ ਗਈ ਤੇ ਉਹ ਮੁੜ ਕੇ ਮੁਗਲਾਂ ਦੇ ਕਾਬੂ ਆਉਣ ਲਗੀ ਸੀ ਕਿ ਦੇਵਨੇਤ ਨਾਲ ਉਸ ਦਾ ਭਰਾ ਬਲਵੰਤ ਸਿੰਘ ਆਪਣੇ ਜਥੇ ਨਾਲ ਉਥੇ ਪਹੁੰਚ ਗਿਆ ਤੇ ਉਸ ਨੂੰ ਬਚਾ ਲਿਆ।

ਸੁੰਦਰੀ ਮੁੜ ਆਪਣੇ ਜੰਗਲ ਵਾਸ ਵਿਚ ਪਹੁੰਚ ਗਈ ਪਰ ਅਜੇ ਥੋੜਾ ਸਮਾਂ ਹੀ ਹੋਇਆ ਸੀ ਕਿ ਲਾਹੌਰ ਦੇ ਵਜ਼ੀਰ ਨੇ ਆਪਣੀ ਸਿੱਖ ਵਿਰੋਧੀ ਮੁਹਿੰਮ ਤੇਜ਼ ਕਰ ਦਿਤੀ ਅਤੇ ਉਹਨਾਂ ਨੂੰ ਇਕਤਰ ਹੋ ਕੇ ਘਲੂਕਾਰੇ ਦਾ ਸਾਹਮਣਾ ਕਰਨਾ ਪਿਆ।

ਹਜ਼ਾਰਾਂ ਸਿਖ ਇਸ ਘਲੂਕਾਰੇ ਵਿਚ ਮਾਰੇ ਗਏ ।

ਇਸ ਸਾਕੇ ਨੂੰ ਇਤਿਹਾਸ ਵਿਚ ਛੋਟੇ ਘਲੂਕਾਰੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ । ਟਾਕਰੇ ਵਜੋਂ ਵੱਡਾ ਘਲੂਕਾਰਾ ਵੀ ਇਕ ਇਤਿਹਾਸਕ ਸਾਕਾ ਹੈ ਜਿਸ ਵਿਚ ਕਿ ਪਹਿਲੇ ਸਾਕੇ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਵਧੇਰੇ ਸਿਖ ਸ਼ਹੀਦ ਹੋਏ ਸਨ । ਸੁੰਦਰੀ ਨੇ ਛੋਟੇ ਘਲੂਕਾਰੇ ਵਿਚ ਭਾਗ ਲਿਆ ਸੀ ਅਤੇ ਪ੍ਰਸਿਧ ਇਤਿਹਾਸਕ ਵਿਅਕਤੀ ਮੁਗਲ ਜਰਨੈਲ ਫੈਜ਼ ਉਲ੍ਹਾ ਖਾਂ ਨੂੰ ਜ਼ਖਮੀ ਕੀਤਾ ਸੀ । ਉਸ ਨੇ ਅਹਿਮਦ ਸ਼ਾਹ ਦੁਰਾਨੀ ਵਿਰੁਧ ਲੜੀ ਗਈ ਜੰਗ ਵਿਚ ਵੀ ਭਾਗ ਲਿਆ ਸੀ । ਜਦੋਂ ਉਹ ਕਿਸੇ ਬੇਹੋਸ਼ ਮੁਸਲਮਾਨ ਫੌਜੀ ਦੀ ਸਹਾਇਤਾ ਕਰ ਰਹੀ ਸੀ ਤਾਂ ਉਸ ਫੌਜੀ ਨੇ ਹੋਸ਼ ਪ੍ਰਤਣ ਤੇ ਤਲਵਾਰ ਨਾਲ ਸੁੰਦਰੀ ਨੂੰ ਜ਼ਖਮੀ ਕਰ ਦਿਤਾ ।

ਸੁੰਦਰੀ ਨੂੰ ਮੁਗਲ ਆਪਣੇ ਪਿੰਡ ਲੈ ਗਿਆ । ਉਸ ਦੇ ਜ਼ਖਮ ਠੀਕ ਹੋ ਗਏ ਸਨ ਪ੍ਰੰਤੂ ਉਸਨੂੰ ਹਾਲੇ ਬੁਖਾਰ ਦੀ ਕਸਰ ਰਹਿੰਦੀ ਸੀ । ਉਸ ਦਾ ਰੰਗ ਪੀਲਾ ਪੈ ਚੁਕਾ ਸੀ ਅਤੇ ਉਹ ਸੁਸਤ ਰਹਿੰਦੀ ਸੀ । ਦਿਲ ਦੀ ਪੀੜ, ਭਰਾਵਾਂ ਦੇ ਵਿਛੋੜੇ ਅਤੇ ਵੈਰੀਆਂ ਦੀ ਬੰਦੀਵਾਨ ਹੋਣ ਦੇ ਤੌਖਲੇ ਨੇ ਉਸ ਦੀ ਬੀਮਾਰੀ ਨੂੰ ਹੋਰ ਵੀ ਵਿਗਾੜ ਦਿਤਾ ਸੀ ।

ਜਦੋਂ ਦੂਸਰੇ ਵੈਦਾਂ ਅਤੇ ਹਕੀਮਾਂ ਤੋਂ ਕੋਈ ਚਾਰਾ ਨਾ ਹੋਇਆ ਤਾਂ ਸੁੰਦਰੀ ਦੀ ਟਹਿਲਣ ਰਾਧਾ ਦੇ ਸੁਝਾਉ ਤੇ ਇਕ ਉਪਰੇ ਲੰਮੇ ਕੇਸਾਂ ਵਾਲੇ ਤਬੀਬ ਨੂੰ ਬੁਲਾਇਆ ਗਿਆ । ਉਸ ਦੀ ਸਲਾਹ ਨਾਲ ਬਿਆਸ ਕੰਢੇ ਖੁੱਲੀ ਥਾਵੇਂ ਸੁੰਦਰੀ ਲਈ ਨਵੇਕਲਾ ਖੇਮਾਂ ਲਾਇਆ ਗਿਆ । ਕੁਝ ਦਿਨਾਂ ਪਿਛੋਂ ਖੈਮੇ ਨੂੰ ਹੋਰ ਪਰੇ ਜੰਗਲ ਵੰਨੀ ਖਿਸਕਾ ਦਿਤਾ ਗਿਆ । ਸੁੰਦਰੀ ਦਾ ਤਾਪ ਲਹਿਣ ਲਗਾ । ਮੁਗਲ ਅਫਸਰ ਜਿਹੜਾ ਕਿ ਚਿਰਾਂ ਤੋਂ ਉਡੀਕ ਵਿਚ ਸੀ ਉਸ ਨੇ ਸ਼ਾਦੀ ਦਾ ਪੈਗਾਮ ਭੇਜਿਆ । ਇਕ ਦਿਨ ਜਦੋਂ ਉਹ ਬੈਠਾ ਸ਼ਤਰੰਜ ਖੇਡ ਰਿਹਾ ਸੀ ਤਾਂ ਸਿੱਖ ਘੋੜ ਸਵਾਰ ਇਕ ਦਮ ਕਿਧਰੋਂ ਆ ਗਏ ਤੇ ਉਨ੍ਹਾਂ ਨੇ ਸੁੰਦਰੀ ਦੇ ਖੈਮੇ ਨੂੰ ਘਰ ਲਿਆ । ਉਹਨਾਂ ਦੇ ਸਰਦਾਰ ਬਲੰਵਤ ਸਿੰਘ ਨੇ ਮੁਗਲ ਅਫਸਰ ਨੂੰ ਲਲਕਾਰਿਆ । ਉਸ ਆਪਣੀ ਭੈਣ ਨੂੰ ਬਚਾਇਆ । ਪਰ ਲੜਾਈ ਵਿਚ ਸੁੰਦਰੀ ਦੀ ਲੱਤ ਨੂੰ ਗਹਿਰਾ ਜ਼ਖਮ ਆਇਆ ।

ਟਹਿਲਣ ਰਾਧਾ, ਖਤਰੀ ਦੀ ਘਰ ਵਾਲੀ ਧਰਮ ਕੌਰ ਸੀ, ਜਿਹੜੀ ਕਿ ਮੁਗਲਾਂ ਤੋਂ ਮੁਕਤੀ ਪ੍ਰਾਪਤ ਕਰਨ ਪਿਛੋਂ ਖਾਲਸਾ ਦਲ ਵਿਚ ਸ਼ਾਮਲ ਹੋ ਗਈ ਸੀ । ਲੰਮੇ ਕੇਸਾਂ ਵਾਲਾ ਅਗਿਆਤ ਤਬੀਬ ਬਿਜਲਾ ਸਿੰਘ ਸੀ ।

ਸੁੰਦਰੀ ਦੇ ਜ਼ਖਮਾਂ ਨੇ ਉਸ ਦੀ ਜਾਨ ਲੈ ਲਈ ਅਤੇ ਉਹ ਪ੍ਰਲੋਕ ਸਿਧਾਰ ਗਈ । ਭਾਈ ਵੀਰ ਸਿੰਘ ਕਹਾਣੀ ਦਾ ਭੋਗ ਇਸ ਤਰ੍ਹਾਂ ਪਾਉਂਦੇ ਹਨ :—

"ਇਸ ਦੇ ਚਲਾਣੇ ਦਾ ਵੈਰਾਗ ਸਾਰੇ ਪੰਥ ਵਿਖੇ ਹੋਇਆ ਪਰ ਧਰਮ ਕੌਰ ਆਪਣੀ ਪਿਆਰੀ ਰੱਖਸ਼ਕ ਦਾ ਵਿਛੋੜਾ ਨਾ ਸਹਾਰ ਸਕੀ, ਦਿਨੋਂ ਦਿਨ ਲਿੱਸੀ ਹੋਂਦੀ

ਗਈ । ਬਲਵੰਤ ਸਿੰਘ ਭਾਵੇਂ ਵਿਰਾਗੀ ਹੋ ਕੇ ਏਕਾਂਤ ਵਿਚ ਭਜਨ ਕਰਨਾ ਚਾਹੁੰਦਾ ਸੀ, ਪਰ ਸਿੰਘਾਂ ਨੇ ਉਸ ਨੂੰ ਨਾ ਜਾਣ ਦਿਤਾ ਕਿ ਵਿਹਾਰ ਪਰਮਾਰਥ ਦੋਵੇਂ ਨਿਭਾਣੇ ਚਾਹੀਦੇ ਹਨ, ਅੰਦਰ ਦਾ ਤਿਆਗ ਕਰਨਾ ਹੈ, ਨਾਮ ਨਾਲ ਲਿਵ ਰਖਣੀ ਹੈ, ਕ੍ਰਿਯਾ ਵਿਚ ਵਸਦਿਆਂ ਤੇ ਕੰਮ ਕਰਦਿਆਂ ਨਿਰਲੇਪ ਰਹਿਣਾ ਹੈ। ਉਧਰੋਂ ਦੁਰਾਨੀ ਦੇ ਫੇਰ ਚੜ੍ਹ ਆਉਣ ਦੀਆਂ ਸੂਹਾਂ ਮਿਲ ਰਹੀਆਂ ਸਨ, ਇਸ ਕਰ ਕੇ ਬਲਵੰਤ ਸਿੰਘ "ਕਰਮ ਕਰਤ ਹੋਵੈ ਨਿਹਕਰਮ" ਦੇ ਹੁਕਮ ਮੂਜਬ ਪੰਥ ਸੇਵਾ ਪਰ ਤਤਪਰ ਹੀ ਰਿਹਾ ।"[1]

ਸੰਸਾਰ ਵਲ ਜ਼ਿੰਮੇਵਾਰੀ ਅਤੇ ਪ੍ਰਲੋਕ ਬਾਰੇ ਵਿਚਾਰ, ਮਨੁੱਖੀ ਸਤਿ ਤੇ ਯਥਾਰਥ ਦੀ ਯਾਚਨਾ, ਆਤਮਾ ਦਾ ਸਦਾ ਵਿਕਾਸੀ ਅਨੰਦ, ਇਕ ਸਮਤਲ ਤੇ ਉਥਾਨਮਈ ਆਪਸੀ ਨਿਰਭਰਤਾ, ਗੁਰਮਤਿ ਦਰਸ਼ਨ ਦਾ ਸਾਰ ਦਰਸਾਂਦੇ ਹਨ । ਇਹ ਹੀ ਵੀਰ ਸਿੰਘ ਦੀ ਜੁਗ ਚੇਤਨਾ ਦੀ ਬੁਨਿਆਦ ਹੈ। ਦੀਰਘ ਵਿਚਾਰ ਕਰਨ ਤੋਂ ਉਸ ਦੀਆਂ ਰਚਨਾਵਾਂ ਇਸੇ ਦ੍ਰਿਸ਼ਟੀ ਦੀਆਂ ਲਖਾਇਕ ਹਨ ।

ਸੁੰਦਰੀ ਮਨੋਕਲਪਿਤ ਪਾਤਰ ਹੈ ਪਰ ਇਹ ਯਥਾਰਥ ਦਾ ਲਖਾਇਕ ਹੈ। ਨਾਵਲ ਦੇ ਇਤਿਹਾਸਿਕ ਸੰਦਰਭ ਨੂੰ ਵਾਚਿਆਂ ਪਤਾ ਲਗੇਗਾ ਕਿ ਉਸ ਸਮੇਂ ਅਨੇਕ ਮੁਟਿਆਰਾਂ ਦਾ ਜੀਵਨ ਸੁੰਦਰੀ ਵਾਂਗ ਹੀ ਸੀ। ਇਸੇ ਤਰ੍ਹਾਂ ਬਲਵੰਤ ਸਿੰਘ ਕਾਲਪਨਿਕ ਪਾਤਰ ਹੈ ਅਤੇ ਜਿਹਾ ਕਿ ਉਸ ਦੇ ਨਾਂ ਤੋਂ ਪ੍ਰਤੱਖ ਹੈ। ਉਹ ਵਰਤਮਾਨ ਦਾ ਪਾਤਰ ਲਗਦਾ ਹੈ । ਇਹ ਤੇ ਦੂਸਰੇ ਕਾਲਪਨਿਕ ਪਾਤਰ ਇਤਿਹਾਸਕ ਵਿਅਕਤੀਆਂ ਸਰਦਾਰ ਜੱਸਾ ਸਿੰਘ, ਕੌੜਾ ਮਲ, ਅਹਿਮਦ ਸ਼ਾਹ ਦੁਰਾਨੀ, ਨਵਾਬ ਕਪੂਰ ਸਿੰਘ ਅਤੇ ਬਾਬਾ ਦੀਪ ਸਿੰਘ ਨਾਲ ਰਲਾ ਕੇ ਪੇਸ਼ ਕੀਤੇ ਗਏ ਹਨ। ਪ੍ਰੰਤੂ ਚਿਤਰਪਟ ਸੀਮਤ ਹੈ ਅਤੇ ਇਸ ਕਾਰਨ ਇਹ ਉਸ ਸਮੇਂ ਦੇ ਉਤਾਰ ਚੜ੍ਹਾ ਨੂੰ ਪੂਰਨ ਰੂਪ ਵਿਚ ਨਹੀਂ ਦਰਸਾ ਸਕਿਆ। ਕਈ ਥਾਵਾਂ ਤੇ ਕਹਾਣੀ ਕੇਵਲ ਇਤਿਹਾਸਕ ਘਟਨਾਵਾਲੀ ਬਣ ਗਈ ਹੈ। ਪਿਛਲੇ ਸੰਸਕਰਨਾਂ ਵਿਚ ਘਟਨਾਵਾਂ ਦੀ ਇਤਿਹਾਸਕਤਾ ਦੀ ਪ੍ਰੋੜਤਾ ਵਜੋਂ ਜਿਹੜੇ ਹਵਾਲੇ ਪੱਦ ਟਿਪਣੀਆਂ ਵਿਚ ਦਿਤੇ ਗਏ ਹਨ, ਉਨ੍ਹਾਂ ਦਾ ਸਦਕਾ ਯਥਾਰਥ ਵਰਨਣ ਵਿਚ ਵਿਸਵਾਸ਼ ਨੂੰ ਘਾਟਾ ਪਿਆ ਹੈ। ਮੂਲ ਪਾਠ ਵਿਚ ਵੀ ਸਮਕਾਲੀਨ ਸਦਾਚਾਰਕ ਗਿਰਾਵਟ ਬਾਰੇ ਟਿਪਣੀਆਂ ਦਿੱਤੀਆਂ ਗਈਆਂ ਹਨ। ਪਾਤਰ ਉਸਾਰੀ ਢਿੱਲੀ ਅਤੇ ਗਤੀਹੀਣ ਹੈ। ਪਰਚਾਰ ਦਾ ਆਸ਼ਾ ਪਰਤਖ ਹੈ। ਫੇਰ ਵੀ ਸੁੰਦਰੀ ਬੀਰ ਰਸੀ ਤੇ ਉਭਾਰੂ ਕਹਾਣੀ ਹੈ। ਬਣਤ ਵਿਚ ਨਾਟਕੀ ਗੁਣ ਹਨ ਅਤੇ ਲਟਕਾਉ ਦੀ ਰੁਚੀ ਨੂੰ ਜਗਾਇਆ ਗਿਆ ਹੈ। ਕਿਸਮਤ ਦੇ ਹੇਰ ਫੇਰ ਅਨੇਕ ਵਾਰ ਆਉਂਦੇ ਹਨਅਤੇ ਪਾਠਕ ਦੀ ਦਿਲਚਸਪੀ ਅਖੀਰ ਤਕ ਕਾਇਮ ਰਹਿੰਦੀ ਹੈ। ਸੁੰਦਰੀ ਚਾਰ ਵਾਰ ਦੁਸ਼ਮਣਾਂ ਦੇ ਹੱਥ ਆਉਂਦੀ ਹੈ ਅਤੇ ਚਾਰੇ ਵਾਰ ਰਹੱਸਪੂਰਨ ਉਤੇਜਨਾ

1 ਪਹਿਲੇ ਵਾਲਾ ਹਵਾਲਾ, ਪੰਨਾ ੧੨੮-੨੯ ।

ਭਰਪੂਰ ਹਾਲਾਤ ਵਿਚ ਉਸ ਨੂੰ ਬਚਾਇਆ ਜਾਂਦਾ ਹੈ। ਜਾਸੂਸੀ ਭੇਸ ਵਟਾਂਦਰੇ ਆਦਿ ਤਕਨੀਕੀ ਢੰਗਾਂ ਕਾਰਨ ਕਹਾਣੀ-ਰਹੱਸ ਹੋਰ ਵੀ ਡੂੰਘਾ ਹੋ ਜਾਂਦਾ ਹੈ। ਸਾਰੀ ਵਿਉਂਤ ਨੂੰ ਵਿਸਥਾਰ ਨਾਲ ਬਿਆਨਿਆਂ ਜਾਂਦਾ ਹੈ ਅਤੇ ਸੁੰਦਰੀ ਦਾ ਪਾਤਰ ਚਿਤ੍ਰਣ ਲੇਖਕ ਨੇ ਹਮਦਰਦੀ ਅਤੇ ਸਨੇਹ ਸਹਿਤ ਕੀਤਾ ਹੈ। ਕਿਸੇ ਇਸਤ੍ਰੀ ਨੂੰ ਮੁੱਖ ਨਾਇਕਾ ਵਜੋਂ ਚੁਣਨਾ ਲੇਖਕ ਦੀ ਕਾਵਿ ਕਲਪਣਾ ਦਾ ਲਖਾਇਕ ਹੈ। ਕਹਾਣੀ ਦਾ ਅੰਤ ਲੇਖਕ ਦੀ ਕਲਾਮਈ ਸੂਝ ਦਾ ਲਖਾਇਕ ਹੈ ਅਤੇ ਲੇਖਕ ਦੀ ਇਹ ਗੱਲ ਕਿਸੇ ਹੋਰ ਥਾਂ ਇੰਨੀ ਤੀਬਰਤਾ ਨਾਲ ਵਿਦਮਾਨ ਨਹੀਂ ਹੈ। ਸੁੰਦਰੀ ਜਿਸ ਬਾਰੇ ਇੰਨਾਂ ਲੜਾਈ ਝਗੜਾ ਰਿਹਾ ਅਤੇ ਜਿਸ ਨੇ ਸਮੇਂ ਦੇ ਅਨੇਕ ਹੇਰ ਫੇਰ ਦੇਖੇ ਅੰਤ ਨੂੰ ਕਾਲਵਸ ਹੋ ਕੇ ਸ਼ਾਂਤੀ ਪ੍ਰਾਪਤ ਕਰਦੀ ਹੈ। ਉਸ ਦਾ ਸਾਰਾ ਜੀਵਨ ਘਾਲਣਾ ਭਰਪੂਰ, ਸਿਦਕ ਸੰਪੰਨ ਅਤੇ ਔਕੜਾਂ ਗ੍ਰਸਿਆ ਸੀ। ਕਹਾਣੀ ਦਾ ਕਿਸੇ ਹੋਰ ਪ੍ਰਕਾਰ ਦਾ ਅੰਤ ਉਸ ਨਾਲ ਬੇ ਇਨਸਾਫ਼ੀ ਸੀ ਪਰੰਤੂ ਜਿਸ ਸੰਘਰਸ਼ ਦੀ ਉਹ ਪ੍ਰਤੀਕ ਹੋ ਨਿਬੜਦੀ ਹੈ, ਉਹ ਅਨੰਤ ਸੰਘਰਸ਼ ਹੈ। ਜੀਵਨ ਵਾਂਗ ਇਹ ਕਹਾਣੀ ਵੀ ਅਮੁਕ ਹੈ। ਆਉਣ ਵਾਲੀਆਂ ਘਟਨਾਵਾਂ ਦੀ ਅਗਾਊਂ ਸੂਚਨਾਂ ਮਿਲਦੀ ਹੈ। "ਖਬਰਾਂ ਆਉਂਦੀਆਂ ਹਨ ਕਿ ਦੁਰਾਨੀ ਦੀਆਂ ਫੌਜਾਂ ਵਧ ਰਹੀਆਂ ਹਨ......ਸੋ ਬਲਵੰਤ ਸਿੰਘ ਆਪਣੀ ਪਹਿਲਾਂ ਵਾਲੀ ਥਾਂ ਪਰ ਹੀ ਰਹਿੰਦਾ ਹੈ। "ਭਾਵੇਂ ਬਹੁਤ ਸਾਰੇ ਪਾਤਰ ਤੇ ਘਟਨਾਵਾਂ ਮਨੋਕਲਪਿਤ ਹਨ, ਪਰੰਤੂ ਕਹਾਣੀ ਸੱਚ ਦੇ ਇੰਨਾਂ ਨੇੜੇ ਹੈ ਕਿ ਇਸ ਦੀ ਟੁੰਬ ਅਤੇ ਸ਼ਕਤੀ ਕਮਾਲ ਦੀ ਹੈ। ਭਾਈ ਵੀਰ ਸਿੰਘ ਦਾ ਇਸ ਨਾਵਲ ਦੀ ਸਿਰਜਨਾ ਦਾ ਮਨੋਰਥ ਇਸ ਪਰਕਾਰ ਸੀ।" ਸੁੰਦਰੀ ਦੇ ਸਮਾਚਾਰ ਅਰ ਖਾਲਸੇ ਦੇ ਹੋਰ ਹਾਲਾਤ ਜੋ ਇਸ ਪੁਸਤਕ ਵਿਚ ਲਿਖੇ ਹਨ ਅਸਾਂ ਪੰਥ ਪ੍ਰਕਾਸ਼, ਖਾਲਸਾ ਤਾਰੀਖ ਤੇ ਹੋਰ ਕਈ ਇਤਿਹਾਸਾਂ ਅਰ ਬਿਰਧ ਤੀਵੀਆਂ ਪੁਰਖਾਂ ਤੋਂ ਸੁਣ ਕੇ ਕੱਠੇ ਕਰਕੇ ਇਕੋ ਸ਼੍ਰੇਣੀ ਵਿਚ ਗੁੰਦ ਕੇ ਅਰ ਟੁੱਟੇ ਸਿਲਸਿਲਿਆਂ ਨੂੰ ਮਿਲਾ ਕੇ ਲਿਖੇ ਹਨ, ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ, ਸੁਣ ਕੇ ਸਿੱਖ ਲੋਕ ਆਪਣੇ ਧਰਮ ਵਿਚ ਪਕੇ ਹੋਣ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਰ ਸਿੱਖਾਂ ਨੂੰ ਆਪਣੇ ਉੱਤਮ ਅਸੂਲ ਪਿਆਰੇ ਲੱਗਣ, ਆਪਣੇ ਵਿਚ ਜੱਥੇਬੰਦ ਹੋ ਕੇ ਸਿੰਘ ਦੂਜੀਆਂ ਕੌਮਾਂ ਨੂੰ ਇਕੋ ਰਸ ਜਾਣ ਕੇ ਕਿਸੇ ਨਾਲ ਅਤਿ ਵੈਰ ਅਤੇ ਕਿਸੇ ਨਾਲ ਅਤਿ ਮੋਹ ਨਾ ਕਰਨ ਸਗੋਂ, "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ", ਵਾਲੀ ਗੁਰੂ ਸਿਖਿਆ ਪੁਰ ਟੁਰ ਕੇ ਅਟੱਲ ਰਹਿਣ।"[1]

ਇਸੇ ਤਰ੍ਹਾਂ ਮਾਨ ਸਿੰਘ ਜਿਸ ਨੂੰ ਇਸ ਨਾਵਲ ਲਈ ਟਿਪਣੀ ਲਿਖਣ ਵਾਸਤੇ ਆਖਿਆ ਗਿਆ ਅਤੇ ਜਿਨ੍ਹਾਂ ਦੀ ਟਿਪਣੀ ੧੯੩੩ ਸੰਸਕਰਣ ਵਿਚ ਅੰਤਕਾ ਵਜੋਂ

---

1. ਪਹਿਲੇ ਵਾਲਾ ਹਵਾਲਾ, ਪੰਨਾ ੧੩੧-੩੨।

ਸ਼ਾਮਲ ਹੈ, ਇਸ ਸਬੰਧ ਵਿਚ ਲਿਖਦਾ ਹੈ, "ਮਾਲੂਮ ਹੁੰਦਾ ਹੈ ਕਿ ਸੁੰਦਰੀ ਲਿਖਣ ਦਾ ਪ੍ਰਯੋਜਨ ਸਾਹਿਤਿਕ ਨੁਕਤੇ ਤੋਂ ਦਿਲਚਸਪੀ ਲਈ ਇਕ ਨਾਵਲ ਲਿਖਣ ਦਾ ਨਹੀਂ ਸੀ,......ਅਤੇ ਨਾ ਛਾਣ ਪੁਣ ਕੇ ਨਿਰਾ ਇਤਿਹਾਸ ਲਿਖਣ ਦਾ ਸੀ।"[1]

ਜੇਕਰ ਉਦੇਸ਼ ਇਹ ਸੀ ਕਿ ਖਾਲਸੇ ਦੀ ਰੂਹ ਨੂੰ ਟੁੰਬਿਆ ਜਾਏ ਤਾਂ ਸੁੰਦਰੀ ਇਸ ਉਦੇਸ਼ ਵਿਚ ਪੂਰਨ ਸਫਲ ਸੀ। ਇਹ ਇਕ ਦਮ ਲੋਕ ਪ੍ਰਿਯ ਪੁਸਤਕ ਬਣ ਗਈ ਅਤੇ ਇਹ ਸਿੱਖਾਂ ਦੀ ਕਲਪਨਾ ਤੇ ਛਾ ਗਈ ਜਿਵੇਂ ਕਿ ਹੋਰ ਕੋਈ ਪੁਸਤਕ ਨਹੀਂ ਛਾ ਸਕੀ। ਕਿਸੇ ਹੋਰ ਪੰਜਾਬੀ ਪੁਸਤਕ ਨੇ ਇੰਨੀ ਲੋਕ ਪ੍ਰਿਯਤਾ ਪ੍ਰਾਪਤ ਨਹੀਂ ਕੀਤੀ। ਪਹਿਲੇ ਸੰਸਕਰਣ ਪਿਛੋਂ ਇਸ ਦੇ ੩੪ ਸੰਸਕਰਣ ਛਪੇ ਅਤੇ ਇਹ ਦਸ ਲੱਖ ਵਿਕੀ ਹੈ। ਅਨੇਕ ਲੋਕ ਸੁੰਦਰੀ ਨੂੰ ਵਾਸਤਵਿਕ ਪਾਤਰ ਸਮਝਦੇ ਹਨ ਅਤੇ ਉਸ ਨੂੰ ਸ਼ਰਧਾ, ਕੁਰਬਾਨੀ ਅਤੇ ਦਲੇਰੀ ਦੀ ਮੂਰਤੀ ਮੰਨਦੇ ਹਨ। ਉਨ੍ਹਾਂ ਨੇ ਉਸ ਨੂੰ ਪਿਆਰ ਅਤੇ ਸਤਿਕਾਰ ਦਿੱਤਾ ਹੈ। ਜਦੋਂ ਉਹ ਸੰਕਟ ਵਿਚ ਫਸਦੀ ਸੀ ਤਾਂ ਲੋਕ ਹੰਝੂ ਵਗ੍ਹਾਂਦੇ ਸਨ ਅਤੇ ਉਸ ਦੇ ਬਚ ਨਿਕਲਣ ਤੇ ਖੁਸ਼ੀ ਪ੍ਰਗਟ ਕਰਦੇ ਸਨ। ਪੰਜਾਬ ਦੇ ਘਰ ਘਰ ਵਿਚ ਉਸ ਦੀ ਚਰਚਾ ਹੋਈ ਹੈ। ਕਈ ਲੋਕ ਉਸ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਕੇ ਖਾਲਸੇ ਸਜ ਗਏ। ਪੁਸਤਕ ਦੀ ਸਾਹਿਤਕ ਮਹੱਤਤਾ ਵੀ ਘਟ ਨਹੀਂ।

ਸੁੰਦਰੀ ਪੰਜਾਬੀ ਸਾਹਿਤ ਦੇ ਸਰਘੀ ਵੇਲੇ ਦੇ ਦੁਮੇਲ ਤੇ ਚਮਕਦੀ ਪਹਿਲੀ ਲਾਲੀ ਹੈ। ਇਹ ਇੱਕ ਸੁਹਜ ਭਰੀ ਆਤਮ ਵਲੋਂ ਸਿਰਜੀ ਕਹਾਣੀ ਹੈ, ਜਿਸ ਆਤਮਾ ਨੇ ਕੁਰਬਾਨੀ ਅਤੇ ਮੁਸੀਬਤਾਂ ਦੇ ਮਿਸ਼ਰਣ ਵਿਚੋਂ ਆਸਥਾ ਅਤੇ ਸ਼ਰਧਾ ਦੀ ਦਿਗ ਵਿਜੈ ਦੀ ਝਲਕ ਦੇਖੀ ਹੈ ਅਤੇ ਜਿਸ ਨੇ ਸ਼ਾਬਦਿਕ ਵਾਦ ਦੀ ਰਾਗਾਤਮਕਤਾ ਦਾ ਅਨੁਭਵ ਕੀਤਾ ਹੈ। ਇਹ ਪੰਜਾਬੀ ਵਿਚ ਆਪਣੀ ਕਿਸਮ ਦੀ ਪਹਿਲੀ ਪੁਸਤਕ ਹੈ। ਇਸ ਦੁਆਰਾ ਪੰਜਾਬੀ ਲਿਖਤ ਵਿਚ ਸੁਹਜ ਭਾਵ ਅਤੇ ਸਫੂਰਤੀ ਦਾ ਪ੍ਰਵੇਸ਼ ਹੋਇਆ ਹੈ। ਇਸ ਦੁਆਰਾ ਪੰਜਾਬੀ ਦਾ ਪਿੜ ਵਿਸ਼ਾਲ ਹੋਇਆ ਹੈ ਅਤੇ ਏਸੇ ਦਾ ਸਦਕਾ ਅਣਗਿਣਤ ਪਾਠਕ ਤੇ ਲੇਖਕ ਉਤਪੰਨ ਹੋਏ ਹਨ।

ਇਸ ਪਿਛੋਂ ਹੋਰ ਦੋ ਨਾਵਲ ਬਿਜੈ ਸਿੰਘ ਅਤੇ ਸਤਵੰਤ ਕੌਰ (੨ ਭਾਗ) ਉਪਰੋ-ਥਲੀ ਪ੍ਰਕਾਸ਼ਿਤ ਹੋਏ। ਇਨ੍ਹਾਂ ਦਾ ਪਿਛੋਕੜ ਵੀ ਉਹ ਹੀ ਕੁਰਬਾਨੀ ਤੇ ਸੰਘਰਸ਼ ਦਾ ਸਮਾਂ ਸੀ। ਵਿਉਂਤ ਪਹਿਲੇ ਵਾਲੀ ਹੀ ਸੀ। ਹਰ ਇਕ ਨਾਵਲ ਦਾ ਮੁੱਖ ਪਾਤਰ ਅਧਿਆਤਮਕ ਈਮਾਨਦਾਰੀ ਵਾਲਾ ਕੇਂਦਰੀ ਪਾਤਰ ਹੈ ਅਤੇ ਉਸ ਦੁਆਰਾ ਸਮੁੱਚੀ ਕੌਮ ਦੇ ਵਿਚਾਰ, ਪ੍ਰੇਰਨਾ, ਸਰੋਤ ਅਤੇ ਜੀਵਨ ਜਾਚ ਨੂੰ ਦਰਸਾਇਆ ਗਿਆ ਹੈ। ਸੁੰਦਰੀ ਵਾਂਗ ਬਿਜੈ ਸਿਘ ਇਸ ਨਾਂ ਦੇ ਨਾਵਲ ਦਾ ਮੁੱਖ ਪਾਤਰ ਹੈ। ਅਨੇਕ ਮੁਸੀਬਤਾਂ ਵਿਚੋਂ ਵੀ ਉਸ ਦੀ ਸ਼ਰਧਾ ਨਹੀਂ ਡੋਲਦੀ। ਅਜਿਹੀਆਂ ਉਲਝਣਾਂ ਵਿਚੋਂ ਇਕ

1. ਪਹਿਲੇ ਵਾਲਾ ਹਵਾਲਾ, ਪੰਨਾ ੧੩੪।

ਇਹ ਸੀ ਕਿ ਲਾਹੌਰ ਦੇ ਸੂਬੇਦਾਰ ਦੀ ਬਵਾ ਕੈਦ ਦੇ ਸਮੇਂ ਉਸ ਉਤੇ ਮੋਹਿਤ ਹੋ ਗਈ ਪਰੰਤੂ ਬਿਜੈ ਸਿੰਘ ਅਡੋਲ ਰਿਹਾ। ਸੁੰਦਰੀ ਨੂੰ ਵੀ ਮੁਗਲ ਸਰਦਾਰ ਵਲੋਂ ਏਸੇ ਤਰ੍ਹਾਂ ਲਾਲਚ ਦਿੱਤਾ ਗਿਆ ਸੀ ਪਰੰਤੂ ਉਹ ਇਸ ਲਾਲਚ ਵਿਚ ਨਾ ਫਸੀ ਅਤੇ ਉਸ ਨੇ ਨਾ ਹੀ ਆਪਣੀ ਇੱਜਤ ਨੂੰ ਦਾਗ਼ ਲੱਗਣ ਦਿੱਤਾ ਅਤੇ ਨਾ ਹੀ ਧਰਮ ਭੰਗ ਹੋਣ ਦਿਤਾ। ਬਿਜੈ ਸਿੰਘ ਨੇ ਬੇਗਮ ਦੀ ਇਹ ਪੇਸ਼ਕਸ਼ ਠੁਕਰਾ ਦਿੱਤੀ ਕਿ ਉਸ ਨਾਲ ਵਿਆਹ ਕਰ ਲਵੇ, ਭਾਵੇਂ ਬੇਗਮ ਵਲੋਂ ਇਸਲਾਮ ਕਬੂਲ ਕਰਨ ਦੀ ਪਾਬੰਦੀ ਵੀ ਇਸ ਲਈ ਲਾਜ਼ਮੀ ਨਹੀਂ ਸੀ ਰਖੀ ਗਈ। ਸੁੰਦਰੀ ਵਾਂਗ ਹੀ ਬਿਜੈ ਸਿੰਘ ਲੜਾਈ ਵਿਚ ਖਾਧੇ ਫੱਟ ਕਾਰਨ ਸੁਰਗਵਾਸ ਹੋ ਜਾਂਦਾ ਹੈ।

ਬਿਜੈ ਸਿੰਘ ਲਾਹੌਰ ਦੇ ਇਕ ਖਤਰੀ ਦਾ ਪੁੱਤਰ ਸੀ ਅਤੇ ਜਨਮ ਉਪਰੰਤ ਉਸ ਦਾ ਨਾਂ ਰਾਮ ਲਾਲ ਰੱਖਿਆ ਗਿਆ ਸੀ। ਸਿੱਖ ਯੋਧਿਆਂ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਕੇ ਉਸ ਅੰਮ੍ਰਿਤ ਛੱਕ ਲਿਆ ਅਤੇ ਇਸ ਤਰ੍ਹਾਂ ਇਕ ਨਵੇਂ ਪੰਥ ਵਿਚ ਸ਼ਾਮਲ ਹੋ ਗਿਆ। ਇਸ ਕਾਰਨ ਉਸ ਦਾ ਪਿਉ ਉਸ ਨਾਲ ਨਾਰਾਜ਼ ਹੋ ਗਿਆ ਅਤੇ ਸਾਰਾ ਟੱਬਰ ਉਸ ਬਾਰੇ ਫ਼ਿਕਰਮੰਦ ਰਹਿੰਦਾ ਸੀ। ਇਸ ਕਾਰਨ ਉਸ ਨੂੰ ਆਪਣੀ ਗ੍ਰਹਿਣੀ ਸੁਸ਼ੀਲ ਕੌਰ ਅਤੇ ਛੇ ਸਾਲਾ ਪੁੱਤਰ ਵਰਿਆਮ ਸਿੰਘ ਵਾਸਤੇ ਘਰ ਬਾਰ ਨੂੰ ਤਿਆਗਣਾ ਪਿਆ। ਹੁਣ ਉਸ ਨੂੰ ਜੰਗਲ ਵਿਚ ਹੀ ਰਹਿਣਾ ਪੈਣਾ ਸੀ। ਉਥੇ ਉਸ ਦੇ ਖਾਨਦਾਨੀ ਪ੍ਰੋਹਿਤ ਨੇ ਉਸ ਉਤੇ ਤਾੜਵੀਂ ਨਜ਼ਰ ਰੱਖੀ। ਪਹਿਲੀ ਵਾਰ ਜਦੋਂ ਸਰਕਾਰੀ ਫ਼ੌਜੀ ਉਸ ਨੂੰ ਫੜਨ ਆਏ ਤਾਂ ਉਹ ਅਸਫਲ ਰਹੇ ਪਰੰਤੂ ਬਿਜੈ ਸਿੰਘ ਅਤੇ ਉਸ ਦਾ ਟੱਬਰ ਉਨ੍ਹਾਂ ਦੇ ਅੜਿਕੇ ਚੜ੍ਹ ਗਿਆ। ਉਨ੍ਹਾਂ ਨੂੰ ਕੈਦੀ ਬਣਾ ਕੇ ਨਵਾਬ ਦੇ ਹਜ਼ੂਰ ਵਿਚ ਪੇਸ਼ ਕੀਤਾ ਗਿਆ ਜਿਸ ਨੇ ਇਹ ਹੁਕਮ ਦਿਤਾ ਕਿ ਬਿਜੈ ਸਿੰਘ ਨੂੰ ਕੈਦਖਾਨੇ ਵਿਚ ਘੱਲਿਆ ਜਾਏ ਅਤੇ ਉਸ ਦੀ ਘਰ ਵਾਲੀ ਤੇ ਪੁੱਤਰ ਨੂੰ ਸ਼ਾਹੀ ਮਹੱਲ ਵਿਚ ਰੱਖਿਆ ਜਾਏ।

ਇਸ ਗੱਲ ਦਾ ਟਿੱਲ ਲਾਇਆ ਗਿਆ ਕਿ ਬਿਜੈ ਸਿੰਘ ਇਸਲਾਮ ਕਬੂਲ ਕਰ ਲਵੇ ਅਤੇ ਸੁਸ਼ੀਲ ਕੌਰ ਹਰਮ ਵਿਚ ਦਾਖਲ ਹੋਣਾ ਮੰਨ ਲਵੇ ਪਰ ਵਿਰੋਧੀਆਂ ਦੇ ਸਾਰੇ ਯਤਨ ਅਸਫਲ ਰਹੇ। ਬਿਜੈ ਸਿੰਘ ਨੂੰ ਤਾਂ ਮੁਸਲਿਮ ਸੂਫੀ ਸਾਬਰ ਸ਼ਾਹ ਦੇ ਦਖਲ ਦੇਣ ਤੇ ਛੱਡ ਦਿੱਤਾ ਗਿਆ। ਸੂਬੇ ਦੇ ਗਵਰਨਰ ਮੀਰ ਮੰਨੂੰ ਦੇ ਜ਼ਾਤੀ ਤੌਰ ਤੇ ਦਖਲ ਦੇਣ ਦੇ ਕਾਰਨ ਸੁਸ਼ੀਲ ਕੌਰ ਦੂਜੇ ਬੰਦੀਜਨਾਂ ਵਾਂਗ ਮੌਤ ਦੇ ਘਾਟ ਨਾ ਉਤਾਰੀ ਗਈ। ਗਵਰਨਰ ਉਸ ਨਾਲ ਨਿਕਾਹ ਕਰਾਉਣਾ ਚਾਹੁੰਦਾ ਸੀ ਪਰੰਤੂ ਗਵਰਨਰ ਦੀ ਬੇਗਮ, ਮੁਰਾਦ ਬੇਗਮ ਜੋ ਕਿ ਆਪ ਮਹੱਤਤਾ ਪੂਰਨ ਇਤਿਹਾਸਕ ਪਾਤਰ ਸੀ, ਨੇ ਉਸਨੂੰ ਬਚਾਅ ਲਿਆ।

ਜਦੋਂ ਉਸ ਦਾ ਘਰ ਵਾਲਾ ਸਿੱਖਾਂ ਨਾਲ ਲੜਦਾ ਇਕ ਲੜਾਈ ਵਿਚ ਮਾਰਿਆ ਗਿਆ ਤਾਂ ਉਸ ਲਾਹੌਰ ਦੀ ਸੂਬੇਦਾਰੀ ਸੰਭਾਲ ਲਈ ਅਤੇ ਆਪਣੇ ਇਸ ਅਹੁਦੇ ਦੀ

ਤਸਦੀਕ ਇਸ ਅਹਿਮਦ ਸ਼ਾਹ ਦੁਰਾਨੀ ਤੋਂ ਪ੍ਰਾਪਤ ਕਰ ਲਈ। ਕਹਾਣੀ ਅਨੁਸਾਰ ਜਿਹੜੀ ਗਵਰਨਰੀ ਉਸ ਨੂੰ ਮਿਲੀ, ਉਹ ਸੁਸ਼ੀਲ ਕੌਰ ਦੀਆਂ ਅਸੀਸਾਂ ਕਾਰਨ ਸੀ ਜਿਹੜੀਆਂ ਕਿ ਉਸ ਨੇ ਬੇਗਮ ਦੇ ਅਹਿਸਾਨ ਵਜੋਂ ਦਿੱਤੀਆਂ ਸਨ।

ਲੜਾਈ ਵਿਚ ਜ਼ਖ਼ਮੀ ਹੋਣ ਪਿਛੋਂ ਬਿਜੈ ਸਿੰਘ ਨੂੰ ਬੰਦੀ ਬਣਾ ਕੇ ਪਹਿਰੇ ਵਿਚ ਲਾਹੌਰ ਭੇਜਿਆ ਗਿਆ। ਏਥੇ ਉਹ ਮੁਰਾਦ ਬੇਗਮ ਨੂੰ ਮਿਲਿਆ ਜਿਹੜੀ ਉਸ ਉਤੇ ਮੋਹਿਤ ਹੋ ਗਈ। ਉਸ ਨੇ ਸਾਜਿਸ਼ ਕਰਕੇ ਸੁਸ਼ੀਲ ਕੌਰ ਤੇ ਉਸ ਦੇ ਪੁੱਤਰ ਨੂੰ ਕੈਦ ਕਰ ਲਿਆ। ਉਨ੍ਹਾਂ ਨੂੰ ਦਰਿਆ ਵਿਚ ਡਬੋ ਕੇ ਮਾਰਿਆ ਜਾਣਾ ਸੀ ਪਰ ਅਜਿਹਾ ਕਰਨ ਵਾਲੇ ਨੌਕਰ ਨੇ ਉਨ੍ਹਾਂ ਨੂੰ ਕਿਲ੍ਹੇ ਤੋਂ ਥੋੜ੍ਹੀ ਦੂਰ ਤੇ ਛੱਡ ਦਿੱਤਾ ਤੇ ਇਹ ਗੱਲ ਆਖ ਦਿੱਤੀ ਕਿ ਉਨ੍ਹਾਂ ਨੂੰ ਪਾਰ ਬੁਲਾ ਦਿੱਤਾ ਗਿਆ ਹੈ। ਖੁਫ਼ੀਆ ਬਿਜਲਾ ਸਿੰਘ ਉਸ ਵੇਲੇ ਉਥੇ ਮੌਜੂਦ ਸੀ,ਉਹ ਉਨ੍ਹਾਂ ਦੀ ਮਦਦ ਤੇ ਪਹੁੰਚਿਆ ਅਤੇ ਉਨ੍ਹਾਂ ਨੂੰ ਬਿਜੈ ਸਿੰਘ ਤੇ ਸਰਦਾਰ ਕਰੋੜਾ ਸਿੰਘ ਦੇ ਜੱਥੇ ਦੇ ਹਵਾਲੇ ਕਰ ਦਿੱਤਾ। ਮਾਂ ਪੁੱਤ ਮੁੜ ਅਰੋਗ ਹੋ ਗਏ। ਜੱਥੇ ਵਾਲਿਆਂ ਹੁਣ ਇਹ ਵਿਉਂਤ ਬਣਾਈ ਕਿ ਮੁਰਾਦ ਬੇਗਮ ਵਿਰੁੱਧ ਲੜਾਈ ਕਰਕੇ ਬਿਜੈ ਸਿੰਘ ਦੀ ਮੁਕਤੀ ਕਰਾਈ ਜਾਏ।

ਜੱਥੇ ਦਾ ਮਨੋਰਥ ਪੂਰਾ ਹੋ ਗਿਆ ਪਰ ਬਿਜੈ ਸਿੰਘ ਜਲੰਧਰ ਦੇ ਗਵਰਨਰ ਨਾਸੀਰਉਦੀਨ ਵਿਰੁੱਧ ਲੜਦਾ ਹੋਇਆ ਬੁਰੀ ਤਰ੍ਹਾਂ ਫੱਟੜ ਹੋ ਗਿਆ ਅੰਤੇ ਜਦੋਂ ਉਸ ਨੂੰ ਕੈਂਪ ਵਿਚ ਲਿਆਂਦਾ ਗਿਆ ਤਾਂ ਉਸ ਦੇ ਜ਼ਖ਼ਮਾਂ 'ਚੋਂ ਬਹੁਤ ਲਹੂ ਵਗਿਆ। ਉਸ ਦੀ ਜਾਨ ਬਚਾਉਣ ਦੀ ਬੜੀ ਕੋਸ਼ਿਸ਼ ਕੀਤੀ ਗਈ ਪਰ ਉਹ ਗੁਰੂ ਦੇ ਨਾਂ ਦਾ ਸਿਮਰਨ ਕਰਦਾ ਹੋਇਆ ਕਾਲਵਸ ਹੋ ਗਿਆ। ਉਸ ਦੇ ਕਾਲਵਸ ਹੋਣ ਦੇ ਥੋੜ੍ਹੀ ਦੇਰ ਬਾਅਦ ਸੁਸ਼ੀਲ ਕੌਰ ਵੀ ਚਲਾਣਾ ਕਰ ਗਈ। ਬਿਜੈ ਸਿੰਘ ਦਾ ਇਕ ਬੇਟਾ ਬੜਾ ਸੂਰਾ ਹੋਇਆ। ਕਰੋੜਾ ਸਿੰਘ ਨੇ ਉਸ ਨੂੰ ਬੱਚਿਆਂ ਵਾਂਗ ਪਾਲਿਆ ਅਤੇ ਪੰਥ ਦਾ ਇਕ ਲਾਲ਼ ਪੈਦਾ ਕੀਤਾ, ਜਿਸ ਦਾ ਜੀਵਨ ਨਾਮ ਵਿਚ ਪਵਿੱਤ੍ਰ ਤੇ ਉੱਚਾ ਹੋਇਆ ਤੇ ਪੰਥ ਸੇਵਾ ਵਿਚ ਸਫ਼ਲਿਆ।"[1]

ਸਤਵੰਤ ਕੌਰ ਨੂੰ ਦੋ ਹਿਸਿਆਂ ਵਿਚ ਪ੍ਰਕਾਸ਼ਿਤ ਕੀਤਾ ਗਿਆ। ਪਹਿਲਾ ਭਾਗ ਲੜੀ ਵਾਰ "ਖਾਲਸਾ ਸਮਾਚਾਰ" ਵਿਚ ੧੯੦੦ ਵਿਚ ਛਾਪਿਆ ਵੀ ਗਿਆ ਤੇ ਦੂਸਰਾ ੧੯੨੭ ਵਿਚ ਪ੍ਰਕਾਸ਼ਿਤ ਹੋਇਆ। ਇਹ ਸਤਿਵੰਤ ਕੌਰ ਦੀ ਦੇਸ਼ ਵਾਪਸੀ ਦੀ ਕਹਾਣੀ ਹੈ। ਸਤਿਵੰਤ ਕੌਰ ਨੂੰ ਅਹਿਮਦ ਸ਼ਾਹ ਦੁਰਾਨੀ ਦੇ ਫੌਜੀ ਹਮਲੇ ਸਮੇਂ ਮੁਸਲਮਾਨ ਪਿੰਡ ਖੰਨਾ ਤੋਂ ਬੰਦੀ ਬਣਾ ਕੇ ਦੂਜੇ ਬੰਦੀਆਂ ਨਾਲ ਕਾਬਲ ਲੈ ਗਏ ਸਨ।

ਅਫ਼ਗਾਨਿਸਤਾਨ ਦੀ ਰਾਜਧਾਨੀ ਵਿਚ ਰਹਿਣ ਸਮੇਂ ਉਸ ਨੂੰ ਅਨੇਕਾਂ ਖਤਰਨਾਕ ਉਲਝਨਾਂ ਵਿਚ ਪੈਣਾ ਪਿਆ। ਪਰੰਤੂ ਉਸ ਦੀ ਆਤਮਾ ਅਤੇ ਸਰੀਰ ਅਰੋਗ ਰਹੇ।

---

1. ਬਿਜੈ ਸਿੰਘ, ੧੯੬੧, ਸੰਸਕਰਣ, ਪੰਨਾ ੧੭੫।

ਕਾਬਲ ਵਿਖੇ ਇਕ ਹੋਰ ਅਫ਼ਗਾਨ ਅਮੀਰ ਨੇ ਉਸ ਨੂੰ ਉਧਾਲਣ ਵਾਲੇ ਤੋਂ ਖਰੀਦ ਲਿਆ। ਅਮੀਰ ਦੇ ਟੱਬਰ ਵਿਚੋਂ ਉਸ ਦੀ ਘਰ ਵਾਲੀ ਫ਼ਾਤਮਾ ਉਸ ਦੀ ਹਮਦਰਦਨ ਬਣ ਗਈ ਅਤੇ ਅਮੀਰਜ਼ਾਦਾ ਵੀ ਉਸ ਵੱਲ ਪ੍ਰੇਰਿਆ ਗਿਆ। ਇਸ ਤਰ੍ਹਾਂ ਉਹ ਅਮੀਰ ਦੀ ਹਵਸ ਦਾ ਸ਼ਿਕਾਰ ਹੋਣੋਂ ਬਚ ਗਈ। ਫ਼ਾਤਮਾ ਉਸ ਦੀ ਅਹਿਸਾਨਮੰਦ ਸੀ ਕਿਉਂਕਿ ਇਕ ਦਿਨ ਸਤਵੰਤ ਕੌਰ ਨੇ ਇਸ ਨੂੰ ਉਸ ਦੇ ਸ਼ਰਾਬੀ ਖਾਵੰਦ ਦੇ ਹੱਥ-ਕੰਡਿਆਂ ਤੋਂ ਬਚਾਇਆ ਸੀ। ਅਮੀਰ ਨੇ ਕੋਈ ਗੰਭੀਰ ਅਪਰਾਧ ਕੀਤਾ ਅਤੇ ਬਾਦਸ਼ਾਹੀ ਹੁਕਮ ਅਨੁਸਾਰ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਸਤਵੰਤ ਕੌਰ ਨੇ ਆਪਣੀ ਮਾਲਕਣ ਤੇ ਇਕ ਅਹਿਸਾਨ ਹੋਰ ਕੀਤਾ ਤੇ ਉਸ ਦੇ ਘਰ ਵਾਲੇ ਦੀ ਜਾਨ ਕਿਸੇ ਵਿਉਂਤ ਨਾਲ ਬਚਾਅ ਲਈ। ਫ਼ਾਤਮਾ ਦਾ ਭੇਸ ਧਾਰ ਕੇ ਉਹ ਅਫ਼ਗਾਨਿਸਤਾਨ ਅਮੀਰ ਨੂੰ ਅੰਤਮ ਦਿਨ ਮਿਲਣ ਲਈ ਡੋਲੀ ਵਿਚ ਚੜ੍ਹ ਕੇ ਗਈ ਅਤੇ ਉਸੇ ਡੋਲੀ ਵਿਚ ਅਮੀਰ ਨੂੰ ਬਾਹਰ ਭੇਜ ਕੇ ਉਸ ਦੀ ਥਾਂ ਤੇ ਬੈਠ ਗਈ। ਇਸ ਧੋਖੇ ਦਾ ਪਤਾ ਅਗਲੇ ਦਿਨ ਲੱਗਾ ਜਦੋਂ ਕੈਦੀਆਂ ਨੂੰ ਫ਼ਾਂਸੀ ਦਿੱਤੀ ਜਾਣੀ ਸੀ।

ਸਤਵੰਤ ਕੌਰ ਨੂੰ ਮਾਫ਼ੀ ਮਿਲੀ। ਜਦੋਂ ਅਮੀਰ (ਜਿਹੜਾ ਕਿ ਸੰਭਵ ਹੈ ਅਹਿਮਦ ਸ਼ਾਹ ਦੁਰਾਨੀ ਹੀ ਸੀ) ਤੱਕ ਇਹ ਕਹਾਣੀ ਪੁਜੀ ਤਾਂ ਉਹ ਸਤਵੰਤ ਕੌਰ ਦੀ ਬਹਾਦਰੀ ਨੂੰ ਮੰਨ ਗਿਆ। ਸਤਵੰਤ ਕੌਰ ਦੇ ਕਹਿਣ ਤੇ ਅਫ਼ਗਾਨ ਅਮੀਰ ਨੂੰ ਮੁਆਫ਼ੀ ਮਿਲੀ ਪਰ ਉਸ ਨੂੰ ਘੱਨਾ ਭੇਜਣ ਦੀ ਥਾਂ ਅਮੀਰ ਨੇ ਇਹ ਜ਼ਿਦ ਕੀਤੀ ਕਿ ਉਹ ਉਸ ਦੇ ਸ਼ਾਹੀ ਹਰਮ ਵਿਚ ਦਾਖਲ ਹੋ ਜਾਏ। ਸ਼ਾਹੀ ਮਹੱਲ ਦੇ ਜਿਸ ਭਾਗ ਵਿਚ ਉਸ ਨੂੰ ਰੱਖਿਆ ਗਿਆ ਉਸ ਨੂੰ ਅੱਗ ਲੱਗ ਗਈ ਅਤੇ ਇਸ ਤਰ੍ਹਾਂ ਉਸ ਨੂੰ ਫ਼ਰਾਰ ਹੋਣ ਦਾ ਮੌਕਾ ਮਿਲ ਗਿਆ। ਫ਼ਾਤਮਾ ਨੇ ਬੜੀ ਖੁਸ਼ੀ ਨਾਲ ਉਸ ਨੂੰ ਆਪਣੇ ਘਰ ਵਿਚ ਸ਼ਰਣ ਦਿੱਤੀ। ਘਰ ਵਿਚ ਇਕ ਪੁਰਾਣੀ ਸੁਰੰਗ ਸੀ। ਇਸੇ ਰਾਹੀਂ ਉਹ ਸ਼ਹਿਰ ਦੇ ਇੱਕ ਹਿੰਦੂ ਟੱਬਰ ਦੇ ਮੁੱਖੀਏ ਲੱਧਾ ਸਿੰਘ ਦੇ ਟੋਲੇ ਵਿਚ ਸ਼ਾਮਲ ਹੋ ਗਈ।

ਹਾਲੇ ਇਹ ਲੋਕ ਕਾਬਲ ਤੋਂ ਦੋ ਪੜਾਅ ਹੀ ਅੱਗੇ ਆਏ ਸਨ ਕਿ ਅਫ਼ਗਾਨ ਫ਼ੌਜੀਆਂ ਦੀ ਇਕ ਟੋਲੀ ਨੇ ਇਨ੍ਹਾਂ ਨੂੰ ਰੋਕ ਲਿਆ। ਇਹ ਫ਼ੌਜੀ ਟੋਲੀ ਸਰਕਾਰੀ ਖਜ਼ਾਨੇ ਵਿਚੋਂ ਗੁੰਮ ਹੋਏ ਲਾਲ ਦੀ ਭਾਲ ਕਰ ਰਹੀ ਸੀ। ਇਸ ਫ਼ੌਜੀ ਟੋਲੀ ਦਾ ਸਰਦਾਰ ਆਗਾ ਖ਼ਾਨ ਅਸਲ ਵਿਚ ਕਿਸੇ ਸਿੱਖ ਜੱਥੇਦਾਰ (ਸਰਦਾਰ) ਦਾ ਪੁੱਤਰ ਸੀ ਅਤੇ ਜਦੋਂ ਨਾਦਰ ਸ਼ਾਹ ਨੇ ਭਾਰਤ ਨੂੰ ਲੁੱਟਣ ਲਈ ਹਮਲਾ ਕੀਤਾ ਸੀ ਤਾਂ ਉਸ ਸਮੇਂ ਇਸ ਨੂੰ ਬਚਪੁਣੇ ਵਿਚ ਹੀ ਕੋਈ ਚੁੱਕ ਕੇ ਲੈ ਗਿਆ ਸੀ। ਇਸ ਦੇ ਨਾਲ ਹੀ ਇਸ ਦੀ ਮਾਂ ਅਤੇ ਇਕ ਟਹਿਲਣ ਵੀ ਉਧਾਲੀਆਂ ਗਈਆਂ ਸਨ। ਬੱਚੇ ਦਾ ਅਫ਼ਗਾਨ ਫ਼ੌਜੀ ਪਾਲਕ ਬਣ ਗਿਆ ਸੀ ਪਰ ਵੱਡਾ ਹੋਣ ਤੇ ਉਸ ਨੂੰ ਆਪਣੀ ਮਾਂ ਦੀ ਟਹਿਲਣ ਤੋਂ ਸਾਰੇ ਸਮਾਚਾਰ ਦਾ ਪਤਾ ਲੱਗ ਗਿਆ ਸੀ।

ਹੁਣ ਉਹ ਅਫ਼ਗਾਨ ਫ਼ੌਜੀ ਏਸੇ ਤੋਂ ਅੱਲਗ ਹੋ ਕੇ, ਸਤਵੰਤ ਕੌਰ ਨਾਲ, ਜਿਸਨੇ ਕਿ ਮੁੰਡੇ ਦੇ ਭੇਸ ਵਿਚ ਆਪਣਾ ਨਾਂ ਜਸਵੰਤ ਸਿੰਘ ਰੱਖਿਆ ਹੋਇਆ ਸੀ, ਆਪਣੀ ਨੌਕਰਾਣੀ ਸਮੇਤ ਭਾਰਤ ਵਾਪਸ ਪਰਤ ਆਇਆ। ਸਾਰੇ ਸੁੱਖ ਸ਼ਾਂਤੀ ਨਾਲ ਅੰਮ੍ਰਿਤਸਰ ਪਹੁੰਚ ਗਏ। ਅਫਗਾਨ ਨੇ ਮੁੜ ਆਪਣੇ ਵੱਡਕਿਆਂ ਦੇ ਧਰਮ ਵਿਚ ਪ੍ਰਵੇਸ਼ ਕੀਤਾ ਅਤੇ ਉਸ ਦਾ ਨਾਂ ਅਲੰਭਾ ਸਿੰਘ ਰੱਖਿਆ ਗਿਆ। ਉਸਨੇ ਇਸ ਗੱਲ ਦੀ ਸਹੁੰ ਖਾਧੀ ਕਿ ਉਹ ਆਪਣੇ ਸਾਥੀਆਂ ਨਾਲ ਰਲ ਕੇ ਮੁਗਲਾਂ ਦੇ ਜ਼ੁਲਮ ਵਿਰੁਧ ਘੋਲ ਕਰੇਗਾ। ਨੌਕਰਾਣੀ ਨੇ ਵੀ ਅੰਮ੍ਰਿਤ ਛਕ ਲਿਆ ਤੇ ਉਸਦਾ ਨਾਂ ਤੇਜ ਕੌਰ ਰਖਿਆ ਗਿਆ। ਉਸਨੇ ਵੀ ਖਾਲਸਾ ਦੀ ਸੇਵਾ ਕਰਣ ਦਾ ਪ੍ਰਣ ਕੀਤਾ। ਆਪਣਾ ਖਾਨ, ਜਿਹੜਾ ਹੁਣ ਅਲੰਭਾ ਸਿੰਘ ਬਣ ਚੁਕਾ ਸੀ, ਖੰਨਾ ਪਹੁੰਚਿਆ। ਆਪਣੇ ਮਾਤਾ ਪਿਤਾ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਆਪਣੀ ਭੈਣ ਸਤਵੰਤ ਕੌਰ ਬਾਰੇ ਵੀ ਉਸਨੂੰ ਪਤਾ ਲੱਗਾ। ਫ਼ਾਤਮਾ ਆਪਣੇ ਖਾਵੰਦ ਦੀ ਖੋਜ ਕਰਦੀ ਪੰਜਾਬ ਪਹੁੰਚੀ। ਉਸਦਾ ਘਰ ਵਾਲਾ ਸਿੱਖਾਂ ਵਿਰੁਧ ਅਹਿਮਦ ਸ਼ਾਹ ਦੁਰਾਨੀ ਦੀ ਕਿਸੇ ਇਕ ਲੜਾਈ ਵਿਚ ਗ੍ਰਿਫਤਾਰ ਕੀਤਾ ਜਾ ਚੁਕਾ ਸੀ। ਉਹ ਸਤਵੰਤ ਕੌਰ ਨੂੰ ਮਿਲੀ, ਉਸ ਵੀ ਅੰਮ੍ਰਿਤ ਛਕ ਲਿਆ ਅਤੇ ਧਰਮ ਕਾਰਜ ਵਿਚ ਹਥਿਆਰਬੰਦ ਹੋ ਕੇ ਪੰਥ ਸੇਵਾ ਵਿਚ ਜੁੱਟ ਗਈ।

ਇਹਨਾਂ ਨਾਵਲਾਂ ਦੇ ਤਿੰਨ ਮੁੱਖੀ ਆਦਰਸ਼ ਪਾਤਰਾਂ ਵਿਚੋਂ ਕੇਵਲ ਸਤਵੰਤ ਕੌਰ ਹੀ ਲੜਾਈ ਭੜਾਈ ਦੇ ਝਖੜ ਵਿਚੋਂ ਸੁਰਖਿਅਤ ਨਿਕਲ ਸਕੀ। ਪਰੰਤੂ ਤਿੰਨਾਂ ਪਾਤਰਾਂ ਵਿਚ ਸਾਨੂੰ ਢੰਗ ਨਾਲ ਹਾਂ ਪਖੀ ਅਤੇ ਨਿਰੰਤਰਤਾ ਦੇ ਭਾਵ ਨੂੰ ਦਰਸਾਇਆ ਗਿਆ ਹੈ। ਇਹ ਇਤਿਹਾਸਕ ਤ੍ਰੈ ਨਾਵਲੀ ਪੰਜਾਬੀਆਂ ਦੀ ਰੁਝਾਰੂ ਤਬੀਅਤ, ਅਜ਼ਾਦੀ ਲਈ ਪਿਆਰ ਅਤੇ ਲੋਕ ਉਤਰੀ ਭਾਵਨਾ ਦੀ ਪ੍ਰਤੀਕ ਹੋ ਨਿਬੜੀ ਹੈ। ਇਸ ਦ੍ਰਿਸ਼ਟੀ ਤੋਂ ਇਹ ਆਖਿਆ ਜਾ ਸਕਦਾ ਹੈ ਕਿ ਇਸਨੇ ਲੋਕਾਂ ਨੂੰ ਦੇਸ਼ ਪਿਆਰ ਵਲ ਪ੍ਰੇਰਿਆ। ਇਸ ਦੁਆਰਾ ਪੰਜਾਬੀ ਭਾਸ਼ਾ ਦਾ ਸਭ ਤੋਂ ਵਧੀਕ ਵਾਧਾ ਹੋਇਆ। ਇਨ੍ਹਾਂ ਰਚਨਾਵਾਂ ਦੁਆਰਾ ਪੰਜਾਬੀ ਨੂੰ ਅਸਾਧਾਰਣ ਪ੍ਰਵਾਹਸ਼ੀਲ ਸ਼ੈਲੀ ਅਤੇ ਭਾਵਾਂ ਦੀ ਸੂਖਮਤਾ ਮਿਲੀ। ਭਾਵੇਂ ਤਿੰਨਾਂ ਨਾਵਲਾਂ ਵਿਚ ਵਿਸ਼ੇ ਅਤੇ ਉਦੇਸ਼ ਦੀ ਏਕਤਾ ਮਿਲਦੀ ਹੈ, ਪ੍ਰੰਤੂ ਹਰ ਇਕ ਨਾਵਲ ਦੀ ਆਪਣੀ ਵਿਲਿਖਣਤਾ ਹੈ। ਬਿਜੈ ਸਿੰਘ ਸਾਨੂੰ ਰਹੱਸਮਈ ਮਨੁੱਖੀ ਆਚਰਣ ਦਾ ਪ੍ਰਗਟਾਵਾ ਮਿਲਦਾ ਹੈ। ਜਦੋਂ ਅਸੀਂ ਦੇਖਦੇ ਹਾਂ ਕਿ ਲਾਹੌਰ ਦੀ ਹੁਕਮਰਾਨ ਬੇਗਮ ਬਿਜੈ ਸਿੰਘ ਉਤੇ ਮੋਹਿਤ ਹੋ ਜਾਂਦੀ ਹੈ। ਸਤਵੰਤ ਕੌਰ ਉਹਨਾਂ ਕਰੁਣਾਮਈ ਦਿਨਾਂ ਦੀ ਯਾਦ ਕਰਾਉਂਦੀ ਹੈ ਜਦੋਂ ਕਿ ਸਰਹਦ ਪਾਰੋਂ ਆਏ ਹਮਲਾਵਰ ਦੇਸ਼ ਨੂੰ ਲਤਾੜ ਰਹੇ ਸਨ। ਸੁੰਦਰੀ ਵਿਚ ਜਿਹੜੀ ਕਾਵਿ ਕਲਪਨਾ ਦਾ ਪ੍ਰਗਟਾਵਾ ਹੈ, ਉਹ ਇਸ ਰਚਨਾ ਨੂੰ ਦੂਸਰੀਆਂ ਦੋਹਾਂ ਰਚਨਾਵਾਂ ਤੋਂ ਨਖੇੜਦਾ ਹੈ ਅਤੇ ਉਨ੍ਹਾਂ ਤੋਂ ਚੰਗੇਰਾ ਬਣਾਉਂਦਾ ਹੈ। ਭਾਈ ਵੀਰ ਸਿੰਘ ਦਾ ਚੌਥਾ ਨਾਵਲ ਬਾਬਾ ਨੌਧ ਸਿੰਘ

੧੯੨੧ ਵਿਚ ਪ੍ਰਕਾਸ਼ਿਤ ਹੋਇਆ। ਇਸਦਾ ਪਿਛੋਕੜ ਆਧੁਨਿਕ ਜੀਵਨ ਹੈ ਪ੍ਰੰਤੂ ਕਰਤਾ ਦਾ ਉਦੇਸ਼ ਪਹਿਲੇ ਨਾਵਲਾਂ ਵਾਲਾ ਹੀ ਸੀ। ਬਾਬਾ ਨੌਧ ਸਿੰਘ ਪੰਜਾਬ ਦੇ ਪਿੰਡਾਂ ਦਾ ਰਹਿਣ ਵਾਲਾ ਸਿਖ ਸੀ ਅਤੇ ਉਸਦੀ ਹਯਾਤੀ ਵਿਚ ਪੇਂਡੂ ਜੀਵਨ ਆ ਦਰਸ਼ਕ ਸੁਖ ਸ਼ਾਂਤੀ ਵਾਲਾ ਜੀਵਨ ਸੀ। ਉਸ ਵਾਤਾਵਰਨ ਵਿਚ ਆਮ ਪੰਜਾਬੀ, ਸੂਝਬੂਝ, ਚੁਟਕਲੇ ਬਾਜ਼ੀ ਅਤੇ ਆਤਮ ਵਿਸਵਾਸ਼ ਦਾ ਪ੍ਰਤੀਕ ਬਣ ਗਿਆ ਅਤੇ ਸਿਖ ਮਤਿ ਦੇ ਸਦਾਚਾਰਕ ਪੱਖ ਦਾ ਕੀਰਤੀ ਸਤੰਭ ਵੀ। ਬਰਤਾਨਵੀ ਰਾਜ ਨੇ ਹਿੰਦੁਸਤਾਨ ਦਾ ਏਕੀਕਰਨ ਕਰ ਦਿੱਤਾ ਸੀ। ਭਾਈ ਵੀਰ ਸਿੰਘ ਨੇ ਕਹਾਣੀ ਦਾ ਆਰੰਭ ਕਾਠੀਆਵਾੜ ਦੇ ਦੁਰਗਮ ਸਥਾਨ ਮੰਡਾਵੀ ਤੋਂ ਕੀਤਾ ਹੈ। ਉਸ ਸ਼ਹਿਰ ਦੀ ਜਮਨਾ ਨਾਂ ਦੀ ਔਰਤ ਜਵਾਨੀ ਵਿਚ ਵਿਧਵਾ ਹੋ ਜਾਂਦੀ ਹੈ। ਆਪਣੀ ਪੀੜਾ ਨੂੰ ਭੁਲਣ ਲਈ ਉਹ ਮੰਦਰਾਂ ਵਿਚ ਜਾ ਕੇ ਪੂਜਾ ਕਰਦੀ ਹੈ। ਇਕ ਬੁਢੀ ਔਰਤ ਨੇ ਉਸਦਾ ਮੇਲ ਇਕ ਸਾਧੂ ਨਾਲ ਕਰਾਇਆ। ਇਸ ਸਾਧੂ ਨੇ ਉਸਨੂੰ ਇਹ ਬਚਨ ਦਿਤਾ ਕਿ ਜੇਕਰ ਉਹ ਆਪਣੀ ਜਾਇਦਾਦ ਨੂੰ ਤਿਆਗ ਕੇ ਪਹਾੜ ਤੇ ਚਲੇ ਤਾਂ ਉਸਦਾ ਕਾਲਵਸ ਹੋਏ ਪਤੀ ਨਾਲ ਮੇਲ ਕਰਾ ਦੇਵੇਗਾ। ਦੋਵੇਂ ਇਕੱਠੇ ਜੰਮੂ ਜਾਂਦੇ ਹਨ। ਉਹ ਸਾਥਣ ਨਾਲ ਇਕ ਪਹਾੜੀ ਚਸ਼ਮੇ ਤੇ ਪਹੁੰਚੀ ਅਤੇ ਉਸਨੂੰ ਆਖਿਆ ਗਿਆ ਕਿ ਉਹ ਚੌਕੜੀ ਮਾਰ ਕੇ ਨਿੱਠ ਕੇ ਬੈਠੇ ਅਤੇ ਟਿਕ ਟਿਕੀ ਲਾ ਕੇ ਝਲਾਰ ਵੱਲ ਦੇਖੇ। ਜਦੋਂ ਉਹ ਇਸ ਤਰ੍ਹਾਂ ਤੜੀ ਲਾ ਕੇ ਬੈਠੀ ਹੋਵੇਗੀ ਤਾਂ ਉਸ ਦੇ ਦ੍ਰਿਸ਼ਟੀ ਬਿੰਦੂ ਤੇ ਉਸਨੂੰ ਇਕ ਦਰਵਾਜ਼ਾ ਨਜ਼ਰ ਆਏਗਾ, ਉਹ ਆਪਣੇ ਖਾਵੰਦ ਦੀ ਅਵਾਜ਼ ਸੁਣੇਗੀ ਜਿਹੜਾ ਕਿ ਉਸਨੂੰ ਦਰਵਾਜ਼ੇ ਵਿਚ ਦਾਖਲ ਹੋਣ ਲਈ ਆਖੇਗਾ। ਇਕ ਗੱਲ ਉਚੇਚੇ ਤੇ ਤੌਰ ਸਮਝਾਈ ਗਈ ਸੀ ਕਿ ਉਹ ਗਹਿਣੇ ਗਟੇ ਵਾਲੇ ਆਪਣੇ ਬਕਸੇ ਨੂੰ ਕੋਲ ਨਾ ਰੱਖੇ ਕਿਉਂਕਿ ਅਜਿਹਾ ਕਰਨ ਨਾਲ ਉਸ ਦੀ ਬ੍ਰਿਤੀ ਦੀ ਅਡੋਲਤਾ ਭੰਗ ਹੋਣ ਦਾ ਭੈ ਸੀ। ਸਾਧੂ ਦੇ ਭੇਸ ਵਿਚ ਜਿਹੜਾ ਠੱਗ ਸੀ ਉਹ ਗਾਇਬ ਹੋ ਗਿਆ। ਜਮਨਾ ਘਬਰਾ ਕੇ ਝਲਾਰ ਵਿਚ ਡਿੱਗਣ ਹੀ ਵਾਲੀ ਸੀ ਕਿ ਕਿਸੇ ਮਿੱਠ ਬੋਲੜੇ ਨੇ ਉਸ ਨੂੰ ਖ਼ਤਰਨਾਕ ਪਹਾੜੀ ਤੋਂ ਡਿੱਗਣ ਤੋਂ ਬਚਾ ਲਿਆ। ਇਹ ਮਿਠ ਬੋਲੜਾ ਇਕ ਈਸਾਈ ਪਰਚਾਰਕ ਸੀ ਜਿਹੜਾ ਜਮਨਾ ਨੂੰ ਆਪਣੀ ਹਿਫ਼ਾਜ਼ਤ ਵਿਚ ਸ਼ਹਿਰ ਲੈ ਗਿਆ। ਇਕ ਈਸਾਈ ਘਰਾਣੇ ਵਿਚ ਰਹਿ ਕੇ ਉਸ ਦਾ ਨਾਮ ਮਿਸ ਡੋਮੇਲੀ ਰਖਿਆ ਗਿਆ। ਜਬਰੀ ਵਿਆਹ ਕਰਵਾਉਣ ਦੀ ਮਜ਼ਬੂਰੀ ਤੋਂ ਬਚਨ ਲਈ ਉਹ ਇਕ ਮੁਸ਼ਲਮਾਨ ਆਯਾ ਦੀ ਮੱਦਦ ਨਾਲ ਲਾਹੌਰ ਪਹੁੰਚ ਗਈ। ਹੁਣ ਉਸਨੂੰ ਮੁਸਲਮਾਨ ਬਣਾ ਲਿਆ ਗਿਆ। ਉਸਦੇ ਹਿਰਦੇ ਵਿਚ ਪਤੀ ਵਿਯੋਗ ਦੀ ਕਸ਼ਸ਼ ਹਾਲੇ ਬਾਕੀ ਸੀ ਕਿ ਕਿਸੇ ਵਿਉਂਤ ਨਾਲ ਉਸਦਾ ਆਪਣੇ ਪਤੀ ਨਾਲ ਮਿਲਾਪ ਹੋ ਜਾਏ। ਨਾ ਉਮੀਦੀ ਵਸ ਉਸ ਨੇ ਇਕ ਦਿਨ ਰਾਵੀ ਦਰਿਆ ਵਿਚ ਛਾਲ ਮਾਰੀ ਪਰ ਉਸਨੂੰ ਇਕ ਗੁਰਮੁਖ ਸਿੱਖ ਨੇ ਬਚਾ ਲਿਆ। ਜਿਹੜੀ ਵਾਰਤਾਲਾਪ ਇਸ ਉਪਰੰਤ ਹੋਈ ਉਸ ਦਾ ਸਦਕਾ ਉਸ ਨੂੰ ਗੁਰਮਤਿ ਦਾ ਗਿਆਨ ਪ੍ਰਾਪਤ ਹੋਇਆ ਅਤੇ ਉਸ ਦਾ ਨਾਮ ਸੁਭਾਗ ਜੀ ਰੱਖਿਆ ਗਿਆ। ਇਸ ਅਨੁਭਵ ਤੋਂ ਪ੍ਰਭਾਵਤ ਹੋ ਕੇ

ਉਸ ਇਹ ਪੁੱਛਿਆ ਕਿ ਉਹ ਕਿੱਥੇ ਹੈ, ਉਸਨੂੰ ਕਿਹੜੇ ਰਾਹ ਜਾਣਾ ਚਾਹੀਦਾ ਹੈ ਅਤੇ ਉਹ ਕਿੱਥੇ ਰਹੇ। ਗੁਰਮੁਖ ਵਾਣੀ ਨੇ ਆਖਿਆ, "ਹੇ ਵਾਹਿਗੁਰੂ ਦੀ ਪਵਿੱਤ੍ਰਤਾ ਵਿਚ ਜੀ ਉੱਠੇ ਰੱਬ ਦੇ ਬੰਦੇ, ਰੱਬ ਵਿਚ ਤੇ ਪਿਆਰ ਵਿਚ ਧਿਆਨ ਲੱਗਾ ਬੰਦੇ।

ਤੂੰ ਰੱਬ ਵਿਚ ਹੈਂ,
ਤੂੰ ਰੱਬ ਵਿਚ ਜਾਹ,
ਤੂੰ ਰੱਬ ਵਿਚ ਰਹੁ[1]

ਸੁਭਾਗ ਜੀ ਮੂਰਛਤ ਅਵਸਥਾ ਵਿਚ ਪਈ ਸੀ। ਉਸ ਨੇ ਜਦੋਂ ਅੱਖਾਂ ਖੋਲ੍ਹੀਆਂ ਤਾਂ ਉਸ ਨੇ ਦੇਖਿਆ ਕਿ ਇਕ ਲੰਮੀ ਝੰਮੀ ਕਿਸਾਨ ਔਰਤ ਹੱਥ ਵਿਕ ਦੁੱਧ ਦਾ ਕਟੋਰਾ ਲਈ ਉਸ ਕੋਲ ਖੜੀ ਸੀ। ਉਸ ਨੇ ਉਸ ਨੂੰ ਪ੍ਰੇਰਿਆ ਕਿ ਉਸ ਨਾਲ ਉਸਦੇ ਘਰ ਚਲੇ ਅਤੇ ਥੋੜੀ ਦੇਰ ਲਈ ਆਰਾਮ ਕਰੇ। ਇਹ ਕਿਸਾਨ ਔਰਤ ਬਾਬਾ ਨੌਧ ਸਿੰਘ ਦੀ ਘਰਵਾਲੀ ਸੀ। ਇਸ ਸਾਦੇ ਪ੍ਰੰਤੂ ਧਾਰਮਕ ਘਰ ਵਿਚ ਉਸ ਨੂੰ ਉਹ ਸਾਂਤੀ ਮਿਲੀ, ਜਿਸ ਦੀ ਕਿ ਉਹ ਚਿਰ ਤੋਂ ਭਾਲ ਕਰ ਰਹੀ ਸੀ। ਇਸ ਉਪਰੰਤ ਬਾਬਾ ਨੌਧ ਸਿੰਘ ਮੁੱਖ ਪਾਤਰ ਵਜੋਂ ਪੇਸ਼ ਕੀਤਾ ਜਾਂਦਾ ਹੈ ਅਤੇ ਸੁਭਾਗ ਪਿੱਛੋਕੜ ਵਿਚ ਚਲੀ ਜਾਂਦੀ ਹੈ।

ਪਿੰਡ ਮਿਸ਼ਰਤ ਵਸੋਂ ਵਾਲਾ ਸੀ। ਹਿੰਦੂ ਸਿੱਖ ਮੁਸਲਮਾਨ ਇਕੱਠੇ ਰਹਿੰਦੇ ਸਨ ਅਤੇ ਸਭਨਾਂ ਦੀ ਆਪਸ ਵਿਚ ਬੜੀ ਸਾਂਝ ਸੀ। ਬਾਬਾ ਨੌਧ ਸਿੰਘ ਅੰਦਰੋਂ ਬਾਹਰੋਂ ਇਕੋ ਜਿਹਾ ਸੀ। ਉਹ ਜੱਥੇ ਵਾਲਾ ਸੀ, ਉਸ ਦਾ ਦਾਹੜਾ ਲੰਮਾ ਸੀ ਅਤੇ ਅੱਖਾਂ ਤੋਂ ਭਲੇਮਾਣਸੀ ਝਲਕਦੀ ਸੀ। ਉਹ ਸਹਿਜੇ ਹੀ ਪਿੰਡ ਦਾ ਆਗੂ ਬਣ ਗਿਆ। ਜਿਹੜੀਆਂ ਉਲਝਣਾਂ ਕਦੇ ਕਦੇ ਪੇਸ਼ ਆਉਂਦੀਆਂ ਸਨ, ਉਨ੍ਹਾਂ ਨੂੰ ਉਹ ਆਪਣੀ ਅਕਲਮੰਦੀ ਹਮਦਰਦੀ ਅਤੇ ਨਿਰਸੁਆਰਥ ਢੰਗ ਨਾਲ ਹੱਲ ਕਰ ਦੇਂਦਾ ਸੀ। ਜਿਹੜੇ ਧਾਰਮਕ ਪੁਨਰ ਉੱਥਾਨ ਦੀ ਲਹਿਰ ਦੇ ਪਰਚਾਰਕ ਪਿੰਡ ਵਿਚ ਆ ਕੇ ਲੈਕਚਰ ਬਾਜੀ ਕਰਦੇ ਸਨ। ਉਹ ਆਪਣੇ ਹਾਸਰਸੀ ਸੁਭਾ ਅਤੇ ਆਸਥਾ ਨਾਲ ਉਨ੍ਹਾਂ ਦਾ ਮੁਕਾਬਲਾ ਕਰਦਾ ਸੀ। ਇਸ ਤਰ੍ਹਾਂ ਪਿੰਡ ਦੇ ਲੋਕਾਂ ਨੂੰ ਦੋਫਾੜ ਹੋਣ ਤੋਂ ਬਚਾ ਲਿਆ ਸੀ, ਭਾਵੇਂ ਕਿ ਪਿੰਡ ਦੇ ਲੋਕਾਂ ਉੱਤੇ ਇਹ ਨਵਾਂ ਪ੍ਰਭਾਵ ਪੈ ਰਿਹਾ ਸੀ।

ਕਾਬਾ ਨੌਧ ਸਿੰਘ ਦੇ ਪਿੰਡ ਵਾਰੋ ਵਾਰ ਇਕ ਆਰਯਾ ਸਮਾਜੀ ਪਰਚਾਰਕ, ਅਲੀਗੜ੍ਹ ਤੋਂ ਪੜ੍ਹਿਆ ਇਕ ਤਬਲੀਗ ਕਰਨ ਵਾਲਾ ਮੁਸਲਮਾਨ ਇਕ ਇਸਾਈ ਅਤੇ ਅਤੇ ਇਕ ਬਰਹਮੋਂ ਸਮਾਜੀ ਵੀ ਆਇਆ। ਅਖ਼ੀਰਲਾ ਸੱਜਣ ਧਾਰਮਕ ਪ੍ਰਚਾਰ ਦੇ ਨਾਲ ਨਾਲ ਮੁਫ਼ਤ ਦਵਾਈਆਂ ਵੀ ਵੰਡਦਾ ਸੀ। ਬਾਬਾ ਜੀ ਨੇ ਆਪਣੇ ਕ੍ਰਿਯਾ ਸ਼ੀਲ ਮਾਨਵਵਾਦ ਦੁਆਰਾ ਇਨ੍ਹਾਂ ਸਾਰਿਆਂ ਨੂੰ ਜਿੱਤ ਲਿਆ। ਮੁਸਲਮਾਨ ਨੂੰ ਉਸ ਆਖਿਆ "ਦੇਖ ਸੱਜਣਾ ! ਰੱਬ ਇਕੋ ਹੈ ਤੇ ਸਭ ਦਾ ਸਾਂਝਾ ਹੈ ਜੋ ਆਗਿਆ ਉਸਦੀ ਕਰਨੀ ਹੈ, ਜਿਂਕੂ ਜਿਸ ਨੂੰ ਭਾਵੇਂ ਫੇਰ ਅਸਾਂ ਆਪੋ ਵਿਚ ਰਲਕੇ ਵਸਣਾ ਹੈ। ਮੈਂ

1. ਬਾਬਾ ਨੌਧ ਸਿੰਘ ੧੯੬੫ ਸੰਸਕਰਣ ਪੰਨਾ ੧੯।

ਇਕ ਦੂਜੇ ਨਾਲ ਵੰਡ ਨਾਂ ਖਾਵੇਂਗਾ ਦੁਖ ਸੁਖ ਸਾਂਝੇ ਨਾ ਕਰਾਂਗੇ ਝਟ ਕੀਕੂੰ ਟਪੇਗਾ। ਜੇ ਰੱਬ ਸਭਨਾਂ ਦਾ ਬਾਪੂ ਹੈ ਤਾਂ ਦਸ ਕਿ ਅਸੀਂ ਸਾਰੇ ਭਰਾ ਨਹੀਂ ? ਤੈਨੂੰ ਪਤਾ ਹੈ ਕਿ ਸਾਡੀ ਧਰਮਸਾਲਾ ਦੀ ਮੁਰੰਮਤ ਹੋਈ ਤਾਂ ਪਿੰਡ ਦੇ ਸਾਰੇ ਮੁਸਲਮਾਨਾਂ ਨਿਉਂਦਰਾ ਪਾਇਆ ਸੀ ਤੇ ਜਦੋਂ ਮਸੀਤ ਦੀ ਉਸਾਰੀ ਸੀ ਤਾਂ ਸਿੱਖਾਂ ਤੇ ਹਿੰਦੂਆਂ ਸਾਰਿਆਂ ਨੇ ਸਹਾਇਤਾ ਦਿੱਤੀ ਸੀ। ਹੁਣ ਤੂੰ ਬੀ ਉਹ ਬੀਜ ਚਲਿਆ ਹੈ ਕਿ ਹਿੰਦੂ ਸਿੱਖ ਤਾਂ ਦਾਉ ਲਗੇ ਤੇ ਮਸੀਤ ਦੀ ਇੱਟ ਇੱਟ ਕਰਨਗੇ ਤੇ ਇਹੋ ਉੱਦਮ ਮੁਸਲਮਾਨਾਂ ਦੇ ਅੰਦਰ ਧਰਮਸਾਲਾ ਲਈ ਰਹੇਗਾ।''

ਅਰਯਾ ਸਮਾਜੀ ਨੂੰ ਬਾਬੇ ਨੇ ਇੰਜ ਸੰਬੋਧਨ ਕੀਤਾ......ਸਾਡੇ ਉੱਤੇ ਐਸੀ ਵਿਦਯਾ ਦੀ ਕ੍ਰਿਪਾ ਕਰੋ ਜੋ ਸੁਭਾਉ ਪਲਟ ਦੇਵੇ, ਨਹੀਂ ਤਾਂ ਅਸੀਂ ਮੂਰਖ ਚੰਗੇ ਹਾਂ। ਆਪਣੀ ਨੀਂਦ ਸੌਂ ਲੈਂਦੇ ਹਾਂ, ਨਾ ਦੁਖਦੇ ਹਾਂ ਨਾ ਦੁਖਾਂਦੇ ਹਾਂ।''[1] ਮੌਕਾ ਮੇਲ ਦੀ ਇਸ ਤੋਂ ਵਚਿੱਤਰ ਘਟਨਾ ਇਹ ਹੋਈ ਕਿ ਇਕ ਅੰਗਰੇਜ਼ ਨਵਾਜ਼ ਸ਼ਹਿਰੀਆ ਬੈਰਿਸਟਰ ਆਪਣੀ ਘਰ ਵਾਲੀ ਨਾਲ ਆਣ ਪਹੁੰਚਿਆ। ਉਨ੍ਹਾਂ ਦੀ ਮੋਟਰ ਪਿੰਡ ਦੇ ਨੇੜੇ ਦੁਰਘਟਨਾ ਦਾ ਸ਼ਿਕਾਰ ਹੋ ਗਈ ਸੀ। ਬਾਬਾ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ ਜਿੱਥੇ ਕਿ ਅਤਿ ਪਿਆਰ ਅਤੇ ਧਿਆਨ ਨਾਲ ਉਨ੍ਹਾਂ ਦੀ ਤੀਮਾਰਦਾਰੀ ਕੀਤੀ ਗਈ। ਖੁਸ਼ਕਿਸਮਤੀ ਨਾਲ ਪਿੰਡ ਵਿਖੇ ਛੁੱਟੀ ਆਏ ਇਕ ਫੌਜੀ ਡਾਕਟਰ ਨੇ ਉਨ੍ਹਾਂ ਦੀ ਮਲ੍ਹਮਪੱਟੀ ਕੀਤੀ। ਨੇੜੇ ਦੇ ਪਿੰਡ, ਜਿੱਥੇ ਕਿ ਉਸ ਮੋਟਰ ਨਾਲ ਇਕ ਜਵਾਨ ਮੁੰਡਾ ਜ਼ਖ਼ਮੀ ਹੋਇਆ ਸੀ ਤੇ ਲੋਕ ਗੁੱਸੇ ਨਾਲ ਭਰੇ ਪੀਤੇ ਆਏ ਸਨ। ਬਾਬੇ ਨੇ ਉਨ੍ਹਾਂ ਨੂੰ ਸ਼ਾਂਤ ਕਰਕੇ ਵਾਪਸ ਮੋੜਿਆ ਤੇ ਏਸੇ ਤਰ੍ਹਾਂ ਦੋਸ਼ੀ ਬੈਰਿਸਟਰ ਦਾ ਪਿੱਛਾ ਕਰਦੀ ਪੁਲਿਸ ਨੂੰ ਉਸ ਦੇ ਗਲੋਂ ਲਾਹਿਆ। ਬੈਰਿਸਟਰ ਤੇ ਉਸਦੀ ਘਰ ਵਾਲੀ ਨੂੰ ਬਾਬਾ ਨੌਧ ਸਿੰਘ ਦੇ ਘਰ ਕਈ ਮਹੀਨੇ ਰਹਿਣਾ ਪਿਆ। ਪਿਆਰ ਮਾਨਵਵਾਦ ਅਤੇ ਆਸਥਾ ਦੇ ਇਸ ਵਾਤਾਵਰਣ ਦੇ ਆਸਰੇ ਹੇਠ ਬੈਰਿਸਟਰ ਉਸ ਦੀ ਘਰ ਵਾਲੀ ਦੇ ਪੱਛਮ ਤੋਂ ਲਏ ਪਦਾਰਥਵਾਦੀ ਵਿਚਾਰ ਪਿੱਛੇ ਪੈ ਗਏ। ਬਾਬੇ ਦੇ ਜੀਵਨ ਦੇ ਪ੍ਰਤੱਖ ਪ੍ਰਮਾਣ ਦਾ ਸਦਕਾ ਅਤੇ ਸੁਭਾਗ ਜੀ ਨਾਲ ਸਤਿਸੰਗ ਤੇ ਬਚਨ ਬਿਲਾਸ ਕਾਰਨ ਬੈਰਿਸਟਰ ਅਤੇ ਉਸਦੀ ਘਰ ਵਾਲੀ ਨੇ ਸਿੱਖ ਮਤਿ ਧਾਰਨ ਕਰ ਲਿਆ।

ਬਾਬਾ ਨੌਧ ਸਿੰਘ ਦੇ ਆਦਿ ਵਿਚ ਕਾਰਜ ਨਿਭਾ ਬੜਾ ਤਿੱਖਾ ਹੈ, ਪ੍ਰੰਤੂ ਸ਼ੀਘਰ ਹੀ ਇਹ ਮੱਠਾ ਪੈ ਜਾਂਦਾ ਹੈ। ਲੰਮੇ ਲੰਮੇ ਉਪਦੇਸ਼ਾਤਮਕ ਵਾਰਤਕ ਹਵਾਲੇ ਵਿਚ ਠੋਸੇ ਹੋਏ ਹਨ। ਗੱਲ ਬਾਤ ਫਾਲਤੂ ਤੇ ਵਿਸਥਾਰ ਵਾਲੀ ਹੈ। ਅਜਿਹੀ ਹੀ ਅਕੇਵੇਂ ਭਰੇ ਵਾਰਤਾਲਾਪ ਦਾ ਇਕ ਨਮੂਨਾ ਹੈ ਮਾਈ ਸਭਰਾਈ ਦੀ ਸਤ ਰਾਤਾਂ ਦੀ ਵਾਰਤਾ। ਮਾਈ ਸਭਰਾਈ ਗੁਰੂ ਗੋਬਿੰਦ ਸਿੰਘ ਜੀ ਦੀ ਸਸ ਸੀ ਤੇ ਸੁਭਾਗ ਜੀ ਨੇ ਉਨ੍ਹਾਂ ਦੇ ਘਰਵਾਲੇ ਦਾ ਕਾਲਵਸ ਹੋਣ, ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬ੍ਰਿਤਾਂਤ ਵਿਸਥਾਰ

---

1. ਪਹਿਲੇ ਵਾਲਾ ਹਵਾਲਾ ਪੰਨਾ ੨੬।

ਪੂਰਨ ਬੈਰਿਸਟਰਾਈ ਨੂੰ ਸੁਣਾਇਆ ਤਾਂ ਜੋ ਉਹ ਪਹਿਲੀ ਵੱਡੀ ਲੜਾਈ ਵਿਚ ਮਰੇ ਆਪਣੇ ਪੁੱਤਰ ਦੇ ਦੁੱਖ ਨੂੰ ਭੁੱਲ ਸਕੇ।

ਨਾਵਲ ਨਿਰਸੰਦੇਹ ਉਪਦੇਸ਼ਾਤਮਕ ਝੁਕਾ ਵਾਲਾ ਹੈ। ਬਾਬਾ ਨੌਧ ਸਿੰਘ ਦਾ ਜੀਵਨ ਸਿੱਖ ਰਹਿਤ ਮਰਯਾਦਾ ਉਤੇ ਇਕ ਪਰਕਾਰ ਨਾਲ ਟਿਪਣੀ ਵਜੋਂ ਪੇਸ਼ ਕੀਤਾ ਗਿਆ ਹੈ ਪ੍ਰੰਤੂ ਬਾਬੇ ਦਾ ਬ੍ਰਿਤਾਂਤ ਉਸਦੇ ਵਿਅਕਤਿਤ੍ਵ ਦੀ ਸਿਹ ਅਤੇ ਉਸਦੇ ਪ੍ਰੌੜ ਵਿਚਾਰਾਂ ਦਾ ਸਦਕਾ ਅਕੇਵੇਂ ਭਰਿਆ ਨਹੀਂ ਕੁਝ ਥਾਂਵਾਂ ਤੇ ਜਦੋਂ ਬਾਬੇ ਦੀ ਬ੍ਰਿਤਾਂਤ ਸ਼ੈਲੀ ਕਿਤਾਬੀ ਅਤੇ ਆਪਾ ਪ੍ਰਗਟਾਊ ਬਣਦੀ ਹੈ ਤਾਂ ਪਾਠਕ ਜ਼ਰੂਰ ਅਕੇਵਾਂ ਮਹਿਸੂਸ ਕਰਦੇ ਹਨ।

ਉਹ ਨਿਮ੍ਰਤਾ ਅਤੇ ਸਰਲ ਢੰਗ ਨਾਲ ਗੁਰਮਿਤ ਦੀ ਵਿਆਖਿਆ ਕਰਦਾ ਹੈ। ਸਿੱਖ ਮਰਯਾਦਾ ਵਿਚ ਗੁਰੂ ਦਾ ਅਸਥਾਨ ਕੀ ਹੈ? ਕੀ ਗੁਰੂ ਨਾਨਕ ਦੇਵ ਅਵਤਾਰ ਸਨ? ਕੀ ਸਿੱਖਾਂ ਵਲੋਂ ਗੁਰੂ ਗ੍ਰੰਥ ਦਾ ਸਤਿਕਾਰ ਬੁਤ-ਪ੍ਰਸਤੀ ਨਹੀਂ? ਸਿੱਖੀ ਅਨੁਸਾਰ ਮਨੁੱਖੀ ਜੀਵਨ ਦਾ ਅੰਤਮ ਲਖਸ਼ ਕੀ ਹੈ? ਅਜਿਹੇ ਮਸਲੇ ਅਤੇ ਇਨ੍ਹਾਂ ਤੋਂ ਵੀ ਦੀਰਘ ਮਸਲੇ ਉਠਾਏ ਗਏ ਹਨ। ਇਸ ਗੱਲ ਦੀ ਚਰਚਾ ਕੀਤੀ ਗਈ ਹੈ ਕਿ ਸਦਾਚਾਰ ਅਤੇ ਅਧਿਆਤਮਕ ਟੀਚੇ ਦਾ ਆਪਸੀ ਸਬੰਧ ਕੀ ਹੈ? ਸਾਰੇ ਪ੍ਰਸ਼ਨਾਂ ਦੇ ਉੱਤਰ ਅਤਿਅੰਤ ਸੌਖੀ ਤਰ੍ਹਾਂ ਦਿਤੇ ਗਏ ਹਨ। "ਸਭ ਤੋਂ ਉੱਚੀ ਗੱਲ ਤੇ 'ਨਾਮ' ਹੈ ਤੇ ਨਾਮ ਦੇ ਆਏ ਨੇਕੀ ਬੰਦੇ ਤੋਂ ਸਹਿ ਸੁਭਾ ਹੋ ਜਾਂਦੀ ਹੈ।"[1] ਸਿੱਖ ਮਤਿ ਬਾਰੇ ਬਾਬਾ ਨੌਧ ਸਿੰਘ ਦੀ ਸੂਝ ਬੂਝ ਸਿੰਘ ਸਭਾ ਦੇ ਆਦਰਸ਼ਾਂ ਤੇ ਨਿਰਭਰ ਹੈ। ਉਸ ਨੇ ਪ੍ਰਤੱਖ ਰੂਪ ਵਿਚ ਅਤੇ ਪ੍ਰਮਾਣਾਂ ਦੁਆਰਾ ਇਹ ਵੀ ਸੁਝਾਇਆ ਹੈ ਭਾਵੇਂ ਉਸ ਦਾ ਸਿੰਘ ਸਭਾ ਲਹਿਰ ਨਾਲ ਕੋਈ ਸਿਧਾ ਸਬੰਧ ਨਹੀਂ। ਇਹ ਹੀ ਗੱਲ ਭਾਈ ਵੀਰ ਸਿੰਘ ਦੇ ਆਪਣੇ ਜੀਵਨ ਬਾਰੇ ਆਖੀਂ ਜਾ ਸਕਦੀ ਹੈ। ਆਪਣੇ ਧਾਰਮਕ ਅਤੇ ਸਦਾਚਾਰਕ ਕੰਮਾਂ ਤੋਂ ਛੁੱਟ ਬਾਬਾ ਨੌਧ ਸਿੰਘ ਪਿੰਡ ਵਿਚ ਸਮਾਜ ਸੁਧਾਰ ਦਾ ਮੋਢੀ ਵੀ ਹੈ। ਉਹ ਲੋਕਾਂ ਵਿਚ ਏਕਤਾ ਦਾ ਪਰਚਾਰ ਕਰਦਾ ਹੈ। ਚੰਗੇਰੀ ਖੇਤੀ ਅਤੇ ਸਫ਼ਾਈ ਲਈ ਪ੍ਰੇਰਦਾ ਹੈ ਅਤੇ ਛੂਤ-ਛਾਤ ਤੇ ਜਾਤ ਪਾਤ ਦੇ ਵਿਤਕਰਿਆਂ ਦਾ ਵਿਰੋਧ ਕਰਦਾ ਹੈ। ਉਹ ਸ਼ਰਾਬ ਨੋਸ਼ੀ ਅਤੇ ਚਾਹ ਦੀ ਵਰਤੋਂ ਦੇ ਵਿਰੁਧ ਵੀ ਪਰਚਾਰ ਕਰਦਾ ਹੈ। ਕਈ ਪੈੜਾਂ ਪੌਦਿਆਂ ਲਈ ਉਹ ਸਾਂਝੇ ਸਹਿਯੋਗੀ ਢੰਗ ਅਪਣਾਉਂਣ ਦੇ ਹੱਕ ਵਿਚ ਹੈ। ਬਾਬਾ ਨੌਧ ਸਿੰਘ ਪੰਜਾਬੀ ਪੇਂਡੂ ਜੀਵਨ ਦੀ ਝਾਕੀ ਵਜੋਂ ਅਜਿਹਾ ਜੀਵਨ ਦਰਸਾਂਦਾ ਹੈ ਜਿਹੜਾ ਕਿ ਸ੍ਵੈਸੰਪਨ ਤੇ ਵਿਸ਼ਵਾਸ ਯੋਗ ਹੈ ਅਤੇ ਜਿਸ ਦੀ ਅਗਵਾਈ ਇਕ ਦਲੇਰ ਮਾਨਵਵਾਦੀ ਅਤੇ ਧਾਰਮਕ ਨਿਸ਼ਚਾਵਾਨ ਵਿਅਕਤੀ ਕਰ ਰਿਹਾ ਹੈ। ਇਹ ਅਜਿਹੇ ਜੀਵਨ ਨੂੰ ਦਰਸਾਣ ਵਾਲੀ ਮਹਾਨ ਅਮੁੱਲ ਰਚਨਾ ਹੈ।

---

1 ਪਹਿਲਾ ਹਵਾਲਾ ਪੰਨਾ ੬੬

ਇਸ ਪੁਸਤਕ ਵਿਚ ਭਾਈ ਵੀਰ ਸਿੰਘ ਦੀ ਵਾਰਤਕ ਸ਼ੈਲੀ ਨਿਪੁੰਨ ਹੈ। ਅਸੀਂ ਇਨ੍ਹਾਂ, ਚਾਰ ਪੁਸਤਕਾਂ (ਨਾਵਲਾਂ) ਵਿਚ ਉਸ ਦੀ ਸ਼ੈਲੀ ਦੇ ਵਿਕਾਸ ਪੜਾਅ ਨਿਸਚਿਤ ਕਰ ਸਕਦੇ ਹਾਂ । ਸੁੰਦਰੀ ਵਿਚ ਇਹ ਸ਼ੈਲੀ ਸਰਲ 'ਤੇ ਸਪਸ਼ਟ ਹੈ। ਬਿਜੈ ਸਿੰਘ ਵਿਚ ਇਹ ਵਧੇਰੇ ਮਾਂਜੇ ਸਿਂਵਾਰੀ ਗਈ ਹੈ ਅਤੇ ਸਤਿਵੰਤ ਕੌਰ ਵਿਚ ਇਹ ਅਲੰਕਾਰਮਈ ਹੋ ਨਿਬੜਦੀ ਹੈ।

ਬਾਬਾ ਨੌਧ ਸਿੰਘ ਵਿਚਲੀ ਸ਼ੈਲੀ ਲਚਕਦਾਰ ਅਤੇ ਗੁੰਦਵੀ ਬਣ ਜਾਂਦੀ ਹੈ। ਪੰਜਾਬੀ ਭਾਸ਼ਾ ਦੇ ਲੌਕਿਕ ਪਖ ਸੂਫੀ ਸਹਿਤ ਅਤੇ ਅਖਾਣਾਂ ਦੇ ਭੰਡਾਰੇ ਦੀ ਵਰਤੋਂ ਕਰਕੇ ਲੇਖਕ ਨੇ ਅਜਿਹੀ ਸ਼ੈਲੀ ਨੂੰ ਹੋਂਦ ਵਿਚ ਲਿਆਂਦਾ ਹੈ ਜਿਹੜੀ ਕੀ ਆਪਣੇ ਮੂੰਹੋਂ ਆਪ ਬੋਲਦੀ ਹੈ ਅਤੇ ਵੇਂਗਮਈ ਵੀ ਹੈ। ਬਾਈਬਲ ਦੀ ਦ੍ਰਿਸ਼ਟਾਂਤਮਕ ਸ਼ੈਲੀ ਦੇ ਉਦਾਹਰਣ ਅਜਿਹੇ 'ਵਾਕਾਂ' ਚ ਮਿਲਦੇ ਹਨ "ਹੇ ਵਾਹਿਗੁਰੂ ਦੀ ਪਵਿਤ੍ਰਤਾ ਵਿਚ ਜੀ ਉਠੇ ਰੱਬ ਦੇ ਬੰਦੇ। ਹੈ ਰੱਬ ਦੇ ਧਯਾਨ ਵਿਚ ਸਿਮਰਨ ਵਿਚ ਲੱਗ ਗਏ ਬੰਦੇ।"[1] "ਅਸਾਂ ਜਗਤ ਵਿਚ ਵਾਹਿਗੁਰੂ ਦਾ ਰਾਜ ਸਥਾਪਨ ਕਰਨਾ ਹੈ।"[2]

ਪਖੰਡੀ ਸਾਧੂਆਂ, ਸੰਤਾਂ, ਪੜ੍ਹਾਕੂ ਸਰਕਾਰੀ ਨੌਕਰਾਂ ਜਿਹੜੇ ਰਿਸ਼ਵਤ ਲੈਂਦੇ ਝਿਜਕਦੇ ਨਹੀਂ ਅਤੇ ਨਵੇਂ ਧਰਮਾਂ ਦੇ ਅਨੁਯਾਈਆਂ ਬਾਰੇ ਜਿਹੜੀ ਨੋਕ-ਝੋਕ ਕੀਤੀ ਗਈ ਹੈ ਉਹ ਲਿਖਤ ਨੂੰ ਰਸਦਾਇਕ ਬਣਾਉਂਦੀ ਹੈ । ਨਾਵਲਕਾਰ ਨੇ ਆਪਣੇ ਲਈ ਅਜਿਹੀ ਸ਼ੈਲੀ ਅਪਣਾਈ ਸੀ ਜਿਹੜੀ ਕਿ ਦਾਰਸ਼ਨਿਕ ਵਿਆਖਿਆ ਅਤੇ ਧਾਰਮਕ ਤੇ ਸਮਾਜਕ ਵਿਸ਼ਲੇਸ਼ਨ ਲਈ ਵਰਤੀ ਉਸ ਦੀ ਤਰਕ ਨੂੰ ਠੀਕ ਢੰਗ ਨਾਲ ਪੇਸ਼ ਕਰਦੀ ਹੈ। ਲੇਖਕ ਦੇ ਅਜਿਹਾ ਕਰਨ ਨਾਲ ਪੰਜਾਬੀ ਭਾਸ਼ਾ ਵਧੇਰੇ ਸੂਖਮ ਬਣੀ। ਭਾਈ ਵੀਰ ਸਿੰਘ ਪੰਜਾਬੀ ਨਾਵਲ ਅਤੇ ਨਵੀਨ ਪੰਜਾਬੀ ਵਾਰਤਕ ਦੋਹਾਂ ਦਾ ਮੋਢੀ ਹੈ।

---

1. ਪਹਿਲੇ ਵਾਲਾ ਹਵਾਲਾ ਪੰਨਾ ੧੯।
2. ਪਹਿਲੇ ਵਾਲਾ ਹਵਾਲਾ ਪੰਨਾ ੬੭।

# ਰਾਣਾ ਸੂਰਤ ਸਿੰਘ

ਰਾਣਾ ਸੂਰਤ ਸਿੰਘ ਦੇ ਕਾਲਪਨਿਕ ਅਤੇ ਕਾਵਿਕ ਮੰਡਲ ਵਿਚ ਪ੍ਰਵੇਸ਼ ਕਰਨ ਦਾ ਭਾਵ ਹੈ ਭਾਈ ਵੀਰ ਸਿੰਘ ਦੇ ਮਨ ਅਤੇ ਉਨ੍ਹਾਂ ਦੀ ਆਤਮਾ ਦੇ ਸੂਖਮ ਅਤੇ ਨਿਕਟਵਰਤੀ ਰੂਪ ਤੋਂ ਜਾਣੂ ਹੋਣਾ। ਬਾਰਾਂ ਹਜ਼ਾਰ ਸਤਰਾਂ ਦੇ ਇਸ ਮਹਾਂਕਾਵਿ ਵਿਚ ਉਨ੍ਹਾਂ ਦੀ ਵਿਸ਼ਿਸ਼ਟ ਬੁਧੀ ਅਤੇ ਅੰਤਮ ਆਦਰਸ਼ਾਂ ਦੇ ਭਲੀ ਪ੍ਰਕਾਰ ਦਰਸ਼ਨ ਹੁੰਦੇ ਹਨ। ਕਵਿਤਾ ਦੇ ਪਿੜ ਵਿਚ ਇਥੇ ਉਹ ਸਿਖਰ ਛੂਹੰਦੇ ਹਨ ਅਤੇ ਇਹ ਉਨ੍ਹਾਂ ਦੀ ਅਮਰ ਰਚਨਾ ਹੈ। ਰਾਣਾ ਸੂਰਤ ਸਿੰਘ ਵਿਚ ਜਿਹੜੀ ਵਿਸ਼ਾਲ ਵਿਉਂਤ ਉਨ੍ਹਾਂ ਦਰਸਾਈ ਹੈ, ਉਸ ਦੁਆਰਾ ਉਨ੍ਹਾਂ ਦੀ ਮਾਨਸਿਕ ਉਪਜ ਪ੍ਰੇਰਨਾ ਦੇ ਅਗੰਮੀ ਵਿਕਾਸ ਅਤੇ ਅਨੁਭਵ ਦੇ ਰਹੱਸਮਈ ਪੱਖ ਦਾ ਪਤਾ ਲਗਦਾ ਹੈ। ਰੂਪ ਅਤੇ ਵਸਤੂ ਦੇ ਦ੍ਰਿਸ਼ਟੀ-ਕੋਣ ਤੋਂ ਛੁਟ ਇਹ ਮਹਾਂਕਾਵਿ ਕਲਾ ਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਦੀ ਬੇਮਿਸਾਲ ਨਿਧੀ ਹੈ। ਇਹਦੇ ਪਾਤਰ ਚਿਰੰਜੀਵੀ ਹਨ। ਇਸ ਦੀ ਰਾਗਾਤਮਕਤਾ ਸਦੀਵੀ ਪ੍ਰੇਰਨਾ ਵਾਲੀ ਹੈ। ਇਸ ਦੀ ਬਣਤ ਤੇ ਵਿਉਂਤ ਉਭਾਰੂ ਤੇ ਟੁੰਬਣ ਵਾਲੀ ਹੈ। ਜਿਹੜੀ ਭਾਵਨਾ ਪ੍ਰਧਾਨ ਹੈ, ਉਹ ਆਤਮਾ ਦੀ ਅਮੁਕ ਚਾਲ ਵਲ ਸੰਕੇਤ ਕਰਦੀ ਹੈ। ਇਸ ਵਿਉਂਤ ਵਿਚ ਮਨੁਖੀ ਭਾਵਾਂ ਦੇ ਅਨੇਕ ਪਲਸੇਟੇ ਦਰਸਾਏ ਗਏ ਹਨ।

ਆਤਮਾ ਦੀ ਖੋਜ ਕਈ ਵਾਰ ਪੀੜਾ ਗ੍ਰਸਤ ਹੈ ਅਤੇ ਕਈ ਵਾਰ ਛਿੱਥੇਪਣ ਦਾ ਅਹਿਸਾਸ ਵੀ ਹੁੰਦਾ ਹੈ, ਪ੍ਰੰਤੂ ਆਸਥਾ ਕਦੇ ਨਹੀਂ ਡੋਲਦੀ।

ਇਕ ਲੰਮੀ ਤਾਂਘ ਭਰੀ ਖੋਜ ਦੇ ਕਾਰਨ ਰਾਣਾ ਸੂਰਤ ਸਿੰਘ ਸੰਪੂਰਨ ਅਧਿਆਤਮਕ ਆਸਥਾ ਭਰਪੂਰ ਰਚਨਾ ਬਣੀ ਹੈ। ਇਹ ਕਿਸੇ ਭੇਦ ਭਾਵ ਤੋਂ ਮੁਕਤ ਹੈ ਅਤੇ ਰਹੱਸ ਦੇ ਅੰਤਮ ਪੜਾਅ ਤੁਰੀਆ ਪੰਧ ਦੀ ਲਖਾਇਕ ਹੈ।

ਇਹ ਭਾਈ ਵੀਰ ਸਿੰਘ ਦੀ ਉੱਚਤਮ ਰਚਨਾ ਹੈ। ਰਾਣੀ ਰਾਜ ਕੌਰ ਦੇ ਕਲੇਜੇ ਵਿਚ ਪੀੜਾ ਦੀ ਕਸਕ ਹੈ। ਇਹ ਮਹਾਂਕਾਵਿ ਰਾਣੀ ਰਾਜ ਕੌਰ ਦੇ ਮਨ ਦੀ ਇਸ ਕਸਕ ਦਾ ਬ੍ਰਿਤਾਂਤ ਹੈ, ਅਤੇ ਇਹ ਵੀ ਦਰਸਾਂਦਾ ਹੈ ਕਿ ਕਸ਼ਕ ਕਿਸਤਰ੍ਹਾਂ ਦੂਰ ਹੋਈ। **ਬਾਬਾ ਨੌਧ ਸਿੰਘ** ਵਿਚਲੀ ਸੁਭਾਗ ਜੀ ਵਾਂਗ ਰਾਣੀ ਰਾਜ ਕੌਰ ਵੀ ਜਵਾਨੀ ਵਿਚ

ਵਿਧਵਾ ਬਣ ਜਾਂਦੀ ਹੈ। ਉਹ ਹਿਮਾਲਾ ਸਥਿਤ ਇਕ ਰਾਜ ਦੇ ਪਹਾੜੀ ਰਾਜਾ ਦੀ ਲੜਕੀ ਸੀ। ਉਸਦੇ ਪਿਤਾ ਨੇ ਸਾਧੂ ਸਿੰਘ ਨਾਂ ਦੇ ਇਕ ਸਿਖ ਸੰਤ ਤੋਂ ਪ੍ਰੇਰਨਾ ਲੈ ਕੇ ਸਿਖੀ ਵਿਚ ਪ੍ਰਵੇਸ਼ ਕੀਤਾ ਸੀ। ਸਾਧੂ ਸਿੰਘ ਜਬਰ ਹਥੋਂ ਤੰਗ ਆਕੇ ਪਹਾੜੀ ਇਲਾਕੇ ਵਿਚ ਆਣ ਟਿਕਿਆ ਸੀ। ਪਹਾੜੀ ਰਾਜੇ ਦਾ ਕੋਈ ਪੁਤਰ ਨਹੀਂ ਸੀ ਅਤੇ ਉਸਨੇ ਆਪਣੀ ਲੜਕੀ ਦੀ ਸ਼ਾਦੀ ਸਾਧੂ ਸਿੰਘ ਦੇ ਸਪੁਤ੍ਰ ਸੂਰਤ ਸਿੰਘ ਨਾਲ ਕਰ ਦਿਤੀ। ਉਸਦੇ ਕਾਲਵਸ ਹੋਣ ਉਪ੍ਰੰਤ ਸੂਰਤ ਸਿੰਘ ਗੱਦੀ ਤੇ ਬੈਠਾ। ਭਾਵੇਂ ਹੁਣ ਉਸ ਨੇ ਛੋਟੇ ਜਿਹੇ ਰਾਜ ਦਾ ਰਾਜ-ਕਾਜ ਸੰਭਾਲ ਲਿਆ ਸੀ,ਪਰ ਜਦੋਂ ਵੀ ਉਸਨੂੰ ਸਿਖਾਂ ਵਲੋਂ ਲੜਾਈ 'ਚ ਸਹਾਇਤਾ ਲਈ ਸੁਨੇਹਾ ਮਿਲਦਾ ਉਹ ਉਨ੍ਹਾਂ ਦੀ ਸਹਾਇਤਾ ਲਈ ਅਵੱਸ਼ ਪਹੁੰਚਦਾ ਸੀ। ਰਾਣਾ ਸੂਰਤ ਸਿੰਘ ਅਜਿਹੀ ਹੀ ਇਕ ਲੜਾਈ ਵਿਚ ਰਬ ਨੂੰ ਪਿਆਰਾ ਹੋ ਗਿਆ।

ਹੁਣ ਰਾਜ ਕੌਰ ਦਾ ਸੰਸਾਰ ਬਰਬਾਦ ਹੋ ਗਿਆ। ਕਿਉਂਕਿ ਉਸ ਨੂੰ ਆਪਣੇ ਪਤੀ ਨਾਲ ਅਥਾਹ ਪਿਆਰ ਸੀ, ਉਸਦਾ ਦੁਖ ਕਿਸੇ ਪਰਕਾਰ ਵੀ ਨਹੀਂ ਸੀ ਘਟਦਾ। ਰਾਜ ਗੱਦੀ ਸੰਭਾਲਣ ਉਪ੍ਰੰਤ ਜਿਹੜੀਆਂ ਜ਼ਿਮੇਂਵਾਰੀਆਂ ਉਸ ਨੇ ਸੰਭਾਲ ਲਈਆਂ ਸਨ ਉਨ੍ਹਾਂ ਵਿਚ ਉਸਦੀ ਬ੍ਰਿਤੀ ਟਿਕਦੀ ਨਹੀਂ ਸੀ। ਰਾਣੀ ਨੇ ਪਤੀ ਦੇ ਦਾਹ ਹੋਈ ਸਰੀਰ ਦੀ ਬਿਭੂਤ ਮੰਗਵਾ ਕੇ ਇਕ ਨਿਕੀ ਜਿਹੀ ਪਹਾੜੀ ਉਤੇ ਛੋਟੀ ਜਿਹੀ ਨਦੀ (ਜਲ ਦੇ ਪ੍ਰਵਾਹ) ਦੇ ਕਿਨਾਰੇ ਸੁੰਦਰ ਚਿਟੇ ਪੱਥਰ ਨਾਲ ਸਮਾਧ ਬਣਵਾਈ। ਮਾਤਾ ਆਦਿ ਰੋਕਦੇ ਰਹੇ, ਪਰ ਉਸ ਇਕ ਨਾ ਮੰਨੀ। ਫਿਰ ਆਗਰੇ ਤੋਂ ਚਿਤੇਰੇ ਅਰ ਪੱਥਰ ਘਾੜੇ ਮੰਗਵਾ ਕੇ ਰਾਣੇ ਦੇ ਕਦ ਦਾ ਇਕ ਚਿਟਾ ਬੁੱਤ ਬਣਾਣ ਵਾਸਤੇ ਇਕ ਸੁੰਦਰ ਮੰਦਰ ਬਣਾ ਕੇ ਉਥੇ ਖੜਾ ਕੀਤਾ। ਇਸ ਪ੍ਰਕਾਰ ਦੇ ਕਰਤਵ ਉਹ ਆਪਣੇ ਅਨੱਨ ਪ੍ਰੇਮ ਦੇ ਅਧੀਨ ਹੋ ਕੇ ਕਰਦੀ ਪਰ ਕਿਸੇ ਵੇਲੇ ਵਹਿਣ ਵਿਚੋਂ ਨਾ ਨਿਕਲਦੀ।[1]

### ਰਾਣੀ ਰਾਜ ਕੌਰ

ਗੰਦਲ ਕ੍ਵਾਰੀ ਵਾਂਙ ਪਤਲੀ ਡੀਲ ਦੀ,
ਜੋਬਨ ਦਾ ਚੜਹਾਉ, ਉਮਰ ਜੁਆਨ ਹੈ।
ਚਿਹਰਾ ਚੰਦੋਂ ਵਧ, ਮੁਹਿਰਾ ਸੋਹਿਣਾ,
... ... ...
ਅੱਖਾਂ ਸੁੰਦਰ ਅੱਤ ਪਰ ਗ਼ਮ ਘੇਰੀਆਂ,
ਰੋ ਰੋ ਹੋਈਆਂ ਸਾਫ਼ ਥੱਲੇ ਲੱਥੀਆਂ।
ਦੇਖੋ ਠੰਢੇ ਸਾਹ ਭਰਦੀ ਆਉਂਦੀ

---

1 ਰਾਣਾ ਸੂਰਤ ਸਿੰਘ : ਲੇਖਕ ਵਲੋਂ ਦਿਤੀ ਭੂਮਿਕਾ ੭ਵਾਂ ਸੰਸਕਰਣ ਪੰਨਾ ੫

ਸ਼ੋਕ ਵਿਚ ਗਲਤਾਨ, ਸੁਰਤ ਨ ਹੋਸ਼ ਹੈ,
ਪਹੁੰਚੀ ਪਾਸ ਸਮਾਧ, ਠਹਿਰੀ ਤ੍ਰਭਕ ਕੇ ।

... ... ...

ਹੰਝੂ ਭਰ ਕੇ ਨੈਣ ਕਰਦੀ ਬੇਨਤੀ,
ਹੇ ਵੀਰਾ ਦਰਿਯਾਉ : ਰੌਲਾ ਪਾ ਨਹੀਂ ।
ਹੌਲੀ ਹੌਲੀ ਦੌੜ, ਖੜਕ ਨ ਕਰ ਜਿਵੇਂ ।
ਤੇਰਾ ਮਤ ਖੜਕਾਰ ਪਹੁੰਚੇ ਅੰਦਰੀ ।
ਨੀਂਦਰ ਹੋਏ ਉਚਾਟ ਪਯਾਰੇ ਸੀਸ ਦੀ
ਸੁਤਾ ਲੰਮੀ ਤਾਣ, ਪਾਸਾ ਨਾ ਲਏ
ਬਹੁਤ ਥਕੇਵੇਂ ਝਲ ਲੀਤਾ ਚੈਨ ਸੁ ।
'ਰੁਮਕੇ ਰੁਮਕੇ ਜਾਹ ਸਹਜੇ ਤ੍ਰਿਲਕਦਾ,
ਏ ਕਹਿ ਹਿਰਦਾ ਕੜਕ ਟੋਟੇ ਹੋ ਗਿਆ
ਅਬ੍ਰੂ ਮਾਰ ਉਛਾਲ ਅੱਖੀਆਂ ਚਲੂੰ ।''

... ... ...

ਜਹੁਰੀ ਜੀਕਰ ਹਰ ਲਾਲਾ ਲਾਹਿੰਦਾ
ਖੁਲ੍ਹੇ ਫੁਲਾਂ ਨਾਲ ਹੈ ਕਿਨ ਜਿੜ੍ਹਦੀ
ਵਾਂਝੇ ਚਿਤੇਰੇ ਆਪ-ਮਿਲ ਦੇ ਉੱਪਰੇ
ਅੱਖਰ ਬਣਦੇ ਜਾਣ ਸੁੰਦਰ ਸੋਹਣੇ,
ਨਾਲ ਡਿਗਦੇ ਹੰਝੂ ਗੜਿਆਂ ਜਿਹੜੇ ।[1]

ਰਾਣੀ ਰਾਜ ਕੌਰ ਦੀ ਕਿਸਮਤ ਵਿਚ ਵਿਯੋਗ ਦਾ ਦੁਖ ਲਿਖਿਆ ਹੋਇਆ ਸੀ । ਉਸਦਾ ਜੀਵਨ ਇਕ ਲੰਮੀ ਆਹ (ਹੌਕੇ) ਵਾਂਗ ਸੀ ; ਆਪਣੇ ਪਤੀ ਦੀ ਯਾਦ ਵਿਚ ਉਹ ਰੱਤ ਭਿੰਨੇ ਹੰਝੂ ਵਗਾਉਂਦੀ ਸੀ । ਉਸਦੀ ਇਕ ਤੀਬਰ ਕਾਮਨਾ ਸੀ ਕਿ ਕਿਸੇ ਤਰ੍ਹਾਂ ਉਸਦਾ ਆਪਣੇ ਪਤੀ ਨਾਲ ਮਿਲਣ ਹੋ ਜਾਵੇ । ਉਹ ਪਤੀ ਦੀ ਮੂਰਤੀ ਅਗੇ ਫੁਲ ਚੜ੍ਹਾਉਂਦੀ ਸੀ ਅਤੇ ਉਸਦੇ ਆਤਮੀ ਆਸਥਾਨ ਦੀ ਪੂਜਾ ਕਰਦੀ ਸੀ । ਪ੍ਰੰਤੂ ਬ੍ਰਿਹਾ ਦੇ ਵਿਯੋਗ ਦੀ ਪੀੜ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ ਹੁੰਦੀ । ਇਕ ਦਿਨ ਜਦੋਂ ਉਹ ਦੁਖਿਆਰੀ ਗਮ ਨਾਲ ਨਿਢਾਲ ਪਈ ਸੀ ਤਾਂ :

ਮੈਂ ਜਾਤਾ ਛਡ ਦੇਹ ਨਿਕਲੀ ਬਾਹਰ ਹਾਂ,
ਨਿਕਲ ਚਲੀ ਹਾਂ ਉਸ ਉਪਰ ਵਾਰ ਨੂੰ
ਜਿੱਕੁਰ ਉਡਦੀ ਜਾਇ ਗੁਡੀ ਅੰਬਰੀਂ
ਉਤੋਂ ਤਕਾਂ ਹੇਠ ਸਾਰੇ ਦੇਸ਼ ਨੂੰ ।

---

1 ਰਾਣਾ ਸੂਰਤ ਸਿੰਘ ਪੰਨਾ ੨-੩

ਧੌਲਰ ਤੇ ਰਣ ਵਾਸ—ਮਾੜੇ ਮਹੱਲ ਨੇ
ਸਨ ਸੋਲੇ ਤੇ ਖਿਡੂ, ਮਹੀ, ਸਾਮਾਨ ਨੇ
ਬਾਗ਼ ਬਗੀਚੇ ਨਾਲ ਨੌਕਰ ਚਾਕਰਾ
ਦਾਸ ਦਾਸੀਆਂ, ਸਾਥ੍ਰਿ, ਵਿਚ ਰੂਪ ਨੇ
ਆਪਣਾ ਦੇਹੀ ਬੁਤ ਪਿਆ ਜੁ ਰੌਸ਼ਨੋ
ਜਦ ਮੈਂ ਉੱਚੀ ਉੱਡ ਬਹੁਤੀ ਜਾ ਚੜ੍ਹੀ
ਦਿਸਣ ਵਿਚ ਪ੍ਰਕਾਸ਼ ਏਸ ਅਕਾਸ਼ ਦੀ
ਲਮਾਂ ਕੂੜਾਂ ਜੰਤ ਮੈਨੂੰ ਲਗਾ ਪੈ,
ਤਾਰੀਆਂ ਮੇਰੇ ਵਾਂਗ ਨੇ ਰਹੇ ਸਮਿਲੀਂ
ਕੀਕਰ ਕਹਾਂ, ਧਿਆਨ ਰੂਪ ਇਨਾਂਹ ਦਾ,
ਦੁਨੀਆਂ ਦੀ ਮੂਰ ਚੱਪ ਏਨ੍ਹਾਂ ਸਾਹਮਣੇ
ਸੀਜੀ ਕਾਣੀ ਮੈਲ ਜ਼ਿਕ੍ਰਹ ਜ਼ਿਕਰ ਹੋਂਵਾਦੀ ।
ਏ ਸਨ ਪਰਸੰਨ ਹਸਮੁਖ ਕੌਲ ਜਯੋਂ ।[1]

ਹਰਸ਼ ਤੇ ਹੁਲਾਸ ਭਰੀ ਇਕ ਆਤਮਾ ਉਸ ਵਲ ਵਧੀ ਅਤੇ ਰਾਜ ਕੌਰ ਨੂੰ ਅਗੰਮੀ ਖੇਡਾਂ ਵਲ ਲੈ ਤੁਰੀ । ਉਹ ਵਧੇਰੇ ਚਮਕੀਲੇ, ਵਧੇਰੇ ਰਹੱਸਮਈ ਖੇਡਾਂ ਵਲ ਵਧਦੇ ਗਏ ਅਤੇ ਅੰਤ ਨੂੰ ਅਜਿਹੇ ਪੜਾ ਤੇ ਪੁੱਜੇ ਜਿਥੇ—

ਸ਼ੀਸ਼ੇ ਵਾਂਗ ਬਲੌਰ ਧਰਤੀ ਏਸ ਦੀ ।[2]

ਇਹ ਗਿਆਨ ਖੰਡ ਜਿਥੇ ਗਿਆਨ ਪ੍ਰਕਾਸ਼ਮਾਨ ਸੀ, ਇਥੋਂ ਦੇ ਵਸਨੀਕ—

ਕਿਸੇ ਨਾ ਮਾਥੇ ਵੱਟ ਤਿਉੜੀ ਨਾ ਕਿਸੇ
ਕਹਵੱਟੇ ਤੇ ਨਾਹਿੰ ਬੈਠੀ ਚਿੰਤ ਸੀ
ਸਭ ਆਨੰਦ ਆਨੰਦ ਹਸਦੇ ਖੇਡਦੇ ।[3]

ਇਸ ਤੋਂ ਉਪ੍ਰੰਤ ਉਹ ਸ਼ਰਮ ਖੰਡ ਵਿਚ ਪਹੁੰਚੇ । ਸ਼ਰਮ ਖੰਡ ਸੁਹਜ ਭਾਵ ਦਾ ਵਿਹਰਨ ਸਥੱਲ ਹੈ । ਵਿਚਾਰ ਨਾਲੋਂ ਵੀ ਸੂਖਮ ਸ਼ਬਦ ਇਥੇ ਸੁਹਜ ਦਾ ਰੂਪ ਧਾਰਦੇ ਹਨ ਅਤੇ ਇਥੇ ਚੇਤਨਾ ਤੇ ਤਰਕ ਨਵਾਂ ਰੂਪ ਧਾਰਦੇ ਹਨ । ਇਸਤੋਂ ਅਗਾਂਹ ਹੈ ਕਰਮ ਖੰਡ, ਜਿਥੇ ਕਿ ਅਜਿਹੇ ਲੋਕਾਂ ਦਾ ਨਿਵਾਸ ਹੈ । ਜਿਨ੍ਹਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਦਿਤਾ ਹੈ ।

---

1 ਪਹਿਲੇ ਵਾਲਾ ਹਵਾਲਾ ਪੰਨਾ ੨੩
2 ਪਹਿਲੇ ਵਾਲਾ ਹਵਾਲਾ ਪੰਨਾ ੨੫
3 ਪਹਿਲੇ ਵਾਲਾ ਹਵਾਲਾ ਪੰਨਾ ੨੫

ਸੁੰਦਰ ਸੀ ਏ ਥਾਉਂ ਜਾਣੋ ਸੁੰਦਰਤਾ
ਏਥੋਂ ਜਨਮ ਸੁਧਾਰਿ ਜਾਂਦੀ ਹੋਰ ਥੇ
ਮੰਗਲ ਕਰੋ ਅਨੰਦ, ਮੌਜਾਂ ਪਯਾਰੀਆਂ।
''ਪ੍ਰੇਮ ਅਵਸਥਾ ਵੱਧ ਏਥੇ ਬਹੁਤ ਸੀ।[1]

ਇਸ ਤੋਂ ਅਗਾਂਹ ਉਹ ਨਾ ਜਾ ਸਕੇ ਕਿਉਂਕਿ ਅਗਲਾ ਪੜ੍ਹਾ ਸੱਚ ਖੰਡ ਰਾਣੀ ਰਾਜ ਕੌਰ ਦੇ ਸੁਰਗੀ ਸਾਥੀ ਦੀ ਪਹੁੰਚ ਤੋਂ ਪਰੇ ਸੀ। ਇਸ ਕਾਰਨ ਉਸਨੇ ਦੂਰੋਂ ਹੀ ਰਾਜ ਕੌਰ ਨੂੰ ਉਹਦਾ ਝਲਕਾਰਾ ਦਿਖਾਇਆ, ਜਦੋਂ ਉਸਨੇ ਉਹਦੇ ਵੱਲ ਨਜ਼ਰਾਂ ਚੁਕੀਆਂ ਉਸ ਨੂਰ ਦਾ ਇਕ ਅਥਾਹ ਸਾਗਰ ਦੇਖਿਆ। ਲਖਾਂ ਬਿਜਲੀ ਝਮਕਾਰੇ ਇਕੋ ਵਾਰੀ ਲਿਸ਼ਕ ਰਹੇ ਸਨ। ਇਸ ਰੋਸ਼ਨੀ ਵਿਚ ਜਿਹੜੀ ਕਿ ਦਿਹੋ ਦੀ ਰੋਸ਼ਨੀ ਤੋਂ ਕੁਝ ਅੱਡਰੀ ਭਾਂਤ ਦੀ ਸੀ ਰਾਣੀ ਦੀਆਂ ਅੱਖਾਂ ਚੱਕਾ ਚੌਂਧ ਦੇ ਕਾਰਨ ਕੁਝ ਵੀ ਨਾ ਦੇਖ ਸਕੀਆਂ ਪ੍ਰੰਤੂ ਉਸਨੇ ਉਸ ਉੱਚ ਸਥਾਨ ਦੀ ਝਲਕ ਦੇਖ ਲਈ ਜਿਹੜਾ ਕਿ ਪਿਆਰੇ ਦਾ ਨਿਵਾਸ ਸਥਾਨ ਸੀ। ਸ਼ੁਕਰਾਨੇ ਵਜੋਂ ਉਸਦੇ ਮਨੋਂ ਅਰਦਾਸ ਨਿਕਲੀ। ਉਸਦੀ ਅਰਦਾਸ ਕਬੂਲ ਹੋਈ ਅਤੇ ਅਨੰਤ ਅਕਾਲ ਸਰੂਪ ਦੇ ਤਖਤ ਕੋਲ ਬੈਠਿਆਂ ਉਸਨੂੰ ਆਪਣੇ ਪਤੀ ਦੀ ਦਰਸ਼ਨ ਹੋਏ। ਉਹ ਵਜਦ ਵਿਚ ਆ ਗਈ ਦ੍ਵੈਤ ਮੁਕਤ ਹੋ ਗਈ ਮੇਰ ਤੇਰ ਖਤਮ ਹੋ ਗਈ ਤੇ ਵਿਯੋਗ ਦੀ ਪੀੜ ਜਾਂਦੀ ਰਹੀ।

ਇਹ ਪਲ ਭਰ ਦਾ ਝਲਕਾਰਾ ਬਿਜਲੀ ਕੂੰਦ ਵਾਂਗ ਛਿਣ ਪਲ ਹੀ ਰਿਹਾ। ਰਾਣੀ ਚਕ੍ਰਿਤਾ ਰਹਿ ਗਈ ਜਾਂ ਕਹਿ ਲਉ ਵਿਸਮਾਦ ਵਿਸਮਾਦ ਹੋ ਗਈ। ਜਦੋਂ ਉਸਦੀ ਹੋਸ਼ ਪਰਤੀ ਤਾਂ ਉਹ ਸ਼ੁਕਰਾਨੇ ਨਾਲ ਭਰੀ ਹੋਈ ਸੀ। ਉਸਨੂੰ ਦਿਲਾਸਾ ਦੇਣ ਵਾਲਾ ਮਿੱਤਰ ਉਸਨੂੰ ਵਾਪਸ ਲਿਆਉਣ ਲਈ ਆਇਆ। ਉਤਰਾਈ ਸਮੇਂ ਉਸ ਨੂੰ ਉਲਟ ਅਨੁਭਵ ਹੋਇਆ। ਉਹ ਆਪਣੇ ਤੇਜ ਨੂੰ ਗੰਵਾ ਕੇ ਬੋਝਲ ਬੋਝਲ ਮਹਿਸੂਸ ਕਰਦੀ ਸੀ। ਰਾਹ ਵਿਚ ਉਸ ਦੇ ਸੁਰਗੀ ਰਾਹਨੁਮਾ ਨੇ ਉਸਨੂੰ ਇਹ ਉਪਦੇਸ਼ ਦਿਤਾ ਕਿ ਦੁਨੀਆਂ ਵਿਚ ਰਹਿ ਕੇ ਵੀ ਉਹ ਆਪਣੇ ਪਤੀ ਵਾਂਗ ਸੱਚ ਖੰਡ ਤਕ ਪਹੁੰਚ ਸਕਦੀ ਹੈ। ਹਉਮੈਂ ਦਾ ਤਿਆਗ ਕਰਕੇ ਅਤੇ ਨਿਰਸੁਆਰਥ ਢੰਗ ਨਾਲ ਪ੍ਰਮਾਤਮਾ ਅਤੇ ਉਸਦੀ ਬਣਾਈ ਲੋਕਾਈ ਨੂੰ ਪਿਆਰ ਕਰਕੇ ਉਸ ਉੱਚੇ ਅਸਥਾਨ ਤੱਕ ਪਹੁੰਚਿਆਂ ਜਾ ਸਕਦਾ ਹੈ। ਇਸ ਪਿਛੋਂ ਉਹ ਸੁਰਗੀ ਜੀਵ ਅਲੋਪ ਹੋ ਗਿਆ,'' ਜਿਵੇਂ ਕਿ ਦੁਧ ਦਾ ਤੁਪਕਾ ਸਮੁੰਦਰ ਵਿਚ ਸਮਾ ਜਾਂਦਾ ਹੈ ਜਦੋਂ ਰਾਜ ਕੌਰ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਤਾਂ ਉਸਨੇ ਮਹਿਸੂਸ ਕੀਤਾ ਕਿ ਉਹ ਪਹਿਲੇ ਵਾਲੇ ਸਥਾਨ ਤੇ ਸੀ ਅਤੇ ਉਸਦਾ ਉਹ ਹੀ ਸਰੀਰ ਸੀ ਜਿਸ ਦੀ ਕੁਝ ਪਲਾਂ ਲਈ ਪੀੜ ਗ੍ਰਸਤ ਹੋ ਕੇ ਉਹ ਸੁਧ ਬੁਧ ਗਵਾ ਬੈਠੀ ਸੀ। ਉਹ ਆਪਣੇ ਪੈਰਾਂ ਤੇ ਖੜੀ ਹੋਈ ਅਤੇ ਉਸ ਨੂੰ ਆਪਣਾ ਮਨ ਗੁਲਾਬ ਪੱਤੀ ਵਰਗਾ ਹੱਲਕਾ ਲੱਗਾ। ਜੋ ਕੁਝ ਵਾਪਰਿਆ ਸੀ ਉਹ ਉਸ ਦੀ ਯਾਦ ਵਿਚ ਮੂਰਤੀਮਾਨ ਹੋ ਗਿਆ ਸੀ।

ਪ੍ਰੰਤੂ ਉਸਦੀ ਪੀੜਾ ਘਟ ਨਹੀਂ ਸੀ। ਸਾਜਨ ਬਿਨਾਂ ਉਮਰ ਸਖਣੀ ਸਖਣੀ ਲੱਗ

---

1. ਪਹਿਲੇ ਵਾਲਾ ਹਵਾਲਾ ਪੰਨਾ ੨੬

ਰਹੀ ਸੀ ਪ੍ਰੇਮ ਕੁੱਠੀ ਅਵੱਸਥਾ ਵਿਚ ਉਹ ਦੁਨੀਆਂ ਤੋਂ ਉਦਾਸੀਨ ਰਹਿੰਦੀ ਸੀ। ਰਾਜ ਮਾਤਾ ਨੇ ਬਹੁਤ ਜਾਦੂ ਟੂਣੇ ਕੀਤੇ ਅਤੇ ਰਾਜ ਦਰਬਾਰੀ ਢੰਗ ਦੀਆਂ ਕਈ ਵਿਉਂਤਾਂ ਵੀ ਕੀਤੀਆਂ ਗਈਆਂ। ਰਾਜ ਕੌਰ ਨੂੰ ਇਕ ਚਿੱਠੀ ਦਿਖਾਈ ਗਈ ਜਿਸ ਚਿੱਠੀ ਬਾਰੇ ਉਸ ਨੂੰ ਦਸਿਆ ਗਿਆ ਕਿ ਕਾਲਵਾਸ ਹੋਣ ਤੋਂ ਥੋੜ੍ਹਾ ਸਮਾਂ ਪਹਿਲਾਂ ਰਾਣਾ ਸੂਰਤ ਸਿੰਘ ਨੇ ਇਸ ਨੂੰ ਆਪਣੇ ਲਹੂ ਨਾਲ ਲਿਖਿਆ ਸੀ। ਉਸ ਨੇ ਲੜਾਈ ਵਿਚੋਂ ਭਿਆਨਕ ਝਾਕੀ ਦਾ ਵਰਨਣ ਕੀਤਾ ਸੀ ਅਤੇ ਮਾਰੂ ਜ਼ਖਮਾਂ ਕਾਰਨ ਆਪਣੀ ਨਿਰਾਸ਼ਮਈ ਦਸ਼ਾ ਨੂੰ ਦਰਸਾਇਆ ਸੀ। ਉਸ ਚਿੱਠੀ ਵਿਚ ਉਸ ਨੇ ਇਹ ਸਲਾਹ ਦਿਤੀ ਸੀ ਕਿ ਉਸ ਦੇ ਕਾਲਵਸ ਹੋਣ ਉਪਰੰਤ ਉਹ ਕਾਹਲੂਰ ਦੇ ਗਵਾਂਢੀ ਰਾਜੇ ਨਾਲ ਵਿਆਹ ਕਰ ਲਵੇ। ਉਸ ਨੇ ਇਹ ਵੀ ਦੱਸਿਆ ਕਿ ਕਾਹਲੂਰ ਦਾ ਰਾਜਾ ਅੰਤਮ ਸਮੇਂ ਉਸ ਦਾ ਸਹਾਈ ਹੋਇਆ ਸੀ। ਰਾਣੀ ਰਾਜ ਕੌਰ ਲਈ ਇਹ ਜਾਣ ਲੈਣਾ ਮੁਸ਼ਕਿਲ ਨਹੀਂ ਸੀ ਕਿ ਉਸ ਦੇ ਪਤੀ ਨੇ ਕਦੇ ਵੀ ਅਜਿਹੀ ਇੱਛਾ ਪ੍ਰਗਟ ਨਹੀਂ ਕੀਤੀ ਹੋਵੇਗੀ।

ਰਾਜ ਕੌਰ ਨੂੰ ਆਪਣੀ ਟਹਿਲਣ ਰਾਧਾ ਤੋਂ ਪਤਾ ਲੱਗਾ ਕਿ ਪਹਾੜਾਂ ਦੀ ਉਚਾਈ ਉਤੇ ਬਣਿਆ ਹੋਇਆ ਪਰੀ ਮਹਿਲ ਜਿਸ ਬਾਰੇ ਅਨੇਕ ਕਹਾਣੀਆਂ ਪ੍ਰਚਲਿਤ ਸਨ, ਅਜਿਹਾ ਸਥਾਨ ਹੈ ਜਿਥੇ ਕਿ ਉਸਦਾ ਪਤੀ ਅਕਸਰ ਜਾਇਆ ਕਰਦਾ ਸੀ, ਜਦੋਂ ਉਸ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਪਰੀ ਮਹਿਲ ਜਾਣ ਲਈ ਉਹ ਚੜ੍ਹਾਈਂ ਚੜ੍ਹਨ ਲਈ ਝਟਪਟ ਤਿਆਰ ਹੋ ਗਈ। ਰਾਧਾ ਨੇ ਕਾਹਲ ਵਿਚੋਂ ਕੀਤੇ ਫੈਸਲੇ ਨੂੰ ਬਦਲਣ ਦਾ ਬਹੁਤੇਰਾ ਯਤਨ ਕੀਤਾ ਪਰ ਸਭ ਵਿਅਰਥ ਹੋਇਆ। ਪਥਰੀਲੀਆਂ ਚਟਾਨਾਂ ਰਸਤਾ ਰੋਕ ਕੇ ਖੜੀਆਂ ਸਨ। ਜਿਉਂ ਨਿਡਰ ਯੋਧੇ ਡਟੇ ਹੋਣ। ਉਹ ਟੀਸੀ ਤੇ ਪਹੁੰਚ ਗਈਆਂ ਜਿਥੇ ਉਹ ਪਰੀ ਨੂੰ ਮਿਲੀਆਂ। ਉਹ ਇਕ ਜੋਗੀ ਦੀ ਲੜਕੀ ਸੀ ਤੇ ਰਾਣਾ ਸੂਰਤ ਸਿੰਘ ਦੀ ਪ੍ਰੇਰਣਾ ਤੇ ਉਸ ਨੇ ਸਿਖੀ ਵਿਚ ਪ੍ਰਵੇਸ਼ ਕੀਤਾ ਸੀ। ਉਹ ਇਕ ਪ੍ਰਾਚੀਨ ਬੋਧੀ ਧਰਮ ਸਥਾਨ ਸੀ। ਇਹ ਪਹਾੜ ਨੂੰ ਕਟ ਕੇ ਬਣਾਇਆ ਗਿਆ ਸੀ ਅਤੇ ਇਸ ਦੇ ਅਗਵਾੜੇ ਮਹਿਰਾਬਦਾਰ ਡਿਉਢੀ ਸੀ ਤੇ ਇਕ ਸਰੋਵਰ ਵੀ ਬਣਿਆ ਹੋਇਆ ਸੀ। ਉਸ ਪਵਿਤਰ ਇਸਤ੍ਰੀ ਦੇ ਸਾਥ ਨੇ ਰਾਜ਼ ਕੌਰ ਨੂੰ ਮਾਨਸਿਕ ਸ਼ਾਂਤੀ ਪ੍ਰਦਾਨ ਕੀਤੀ। ਉਸ ਤੋਂ ਰਾਜ ਕੌਰ ਨੂੰ ਅਮੱਲੀ ਦਾਤ ਪ੍ਰਾਪਤ ਹੋਈ ਅਤੇ ਇਹ ਸੀ ਉਸ ਦੇ ਪਤੀ ਦੀਆਂ ਕੁਝ ਹੱਥ ਲਿਖਤਾਂ। ਜਿਨ੍ਹਾਂ ਹੱਥ ਲਿਖਤਾਂ ਨੂੰ ਕਿਸੇ ਸ਼ਰਧਾਲੂ ਵਾਂਗ ਉਸ ਪਵਿਤ੍ਰ-ਇਸਤ੍ਰੀ ਨੇ ਸੰਭਾਲ ਕੇ ਰਖਿਆ ਹੋਇਆ ਸੀ ਅਤੇ ਇਨ੍ਹਾਂ ਵਿਚ ਰਾਜੇ ਦੀਆਂ ਅਨੇਕ ਜੀਵਨ ਗੁੰਝਲਾਂ-ਮਿਰਤੂ, ਸ੍ਰਿਸ਼ਟੀ ਦਾ ਆਦਿ, ਜੀਵਨ ਦਾ ਮਨੋਰਥ ਪਿਆਰ ਅਨੁਭਵ, ਸਦਾਚਾਰ, ਅਧਿਆਤਮਕ ਮੁਕਤੀ ਮਾਰਗ ਜਿਹੇ ਮਸਲੇ-ਬਾਰੇ ਵਿਚਾਰ ਅੰਕਿਤ ਸਨ। ਇਸ ਤੋਂ ਛੁਟ-ਜਾਤੀ ਦੁਨਿਆਵੀ ਗੱਲਾਂ ਦਾ ਵਰਨਣ ਵੀ ਇਨ੍ਹਾਂ ਵਿਚ ਸੀ ਜਿਹਾ ਕਿ ਮਾਈ ਕਰਮ ਕੌਰ ਵੱਲ ਲਿਖੀ ਚਿੱਠੀ ਦੀ ਨਕਲ, ਜਿਸ ਵਿਚੋਂ ਮਾਈ ਦੇ ਪੁੱਤਰ ਦੇ ਲੜਾਈ ਵਿਚ ਮਰਨ ਦਾ ਜ਼ਿਕਰ ਸੀ ਅਤੇ ਮਾਈ ਨੂੰ ਦਿਲਾਸਾ ਦਿਤਾ ਗਿਆ ਸੀ

ਇਸੇ ਤਰ੍ਹਾਂ ਇਕ ਹੋਰ ਚਿੱਠੀ ਦੀ ਨਕਲ ਵੀ ਸੀ ਜਿਹੜੀ ਕਿ ਸ਼ਹੀਦ ਤਾਰੂ ਸਿੰਘ ਦੀ ਭੈਣ ਵੱਲ ਸੀ ਅਤੇ ਉਸ ਦੀ ਮਾਤਾ ਦੇ ਕਾਲਵਾਸ ਹੋਣ ਦੇ ਅਵਸਰ ਤੇ ਲਿਖੀ ਗਈ ਸੀ। ਜਦੋਂ ਰਾਜ ਕੌਰ ਇਕਲ ਵਾਂਝੇ ਬੈਠਦੀ ਤਾਂ ਉਹ ਇਸ ਖਜ਼ਾਨੇ ਨੂੰ ਫੋਲਦੀ ਸੀ ਤੇ ਆਪਣੇ ਪਤੀ ਦੀ ਯਾਦ ਵਿਚ ਗੁੰਮ ਹੋ ਜਾਂਦੀ ਸੀ। ਉਸ ਨੂੰ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਰਾਣਾ ਸੂਰਤ ਸਿੰਘ ਉਸ ਦੀ ਯਾਦ ਦਾ ਹਿੱਸਾ ਬਣ ਗਿਆ ਸੀ ਅਤੇ ਉਹ ਜੰਗਲ ਬੇਲੇ ਉਸ ਨੂੰ ਢੂੰਡਦੀ ਰਹਿੰਦੀ ਸੀ। ਉਸਦੇ ਕਥਨ ਅਨੁਸਾਰ:—

ਸੋਭਾ ਨਾ ਦਰਕਾਰ ਰਾਣੀ ਆਖਦੀ,
ਜੋਰਾ ਨਾ ਕਰਵਾ ਸਿਧੋ, ਮੁਕਤੀ ਲੋੜ ਨਾ,
ਚਾਹੁੰ ਨਾ ਜਾ ਬੈਕੁੰਠ, ਸੁਰਗੇ ਮੋਹ ਜਾਂ,
ਨਰਕੋਂ ਡਰਦੀ ਨਾਂਹ, ਬਚਣਾ ਚਹਾਂ,
ਚੌਰਾਸੀ ਲਖ ਜੂਨ, ਉਸ ਤੋਂ ਨਾ ਡਰਾਂ,
ਮਾਤ ਲੋਕ ਪਾਤਾਲ ਜੇ ਵਿਚੋਂ ਵਾਸ ਹੋ,
ਅੱਧ ਅਕਾਸ਼ੇ ਮੱਧ ਟੰਗੀ ਜੇ ਰਹਾਂ,
ਉਡਦੀ ਫਿਰਾ ਹਵਾਇ, ਡੁੱਬਾਂ ਸਾਗਰ,
ਮੈਨੂੰ ਨਾ ਪ੍ਰਵਾਹ ਕਿਸੇ ਹਿ ਗੱਲ ਦੀ,
ਸੁਖੋਂ ਸਦਾ ਅਚਾਹ, ਦੁਖੋਂ ਨਾ ਡਰਾਂ,
ਦੁਖ ਸੁਖ ਦੇ ਵਿਚਕਾਰ ਵਸਥਾ ਅਖੀਏ,
ਉਸ ਤੋਂ ਬੀ ਹਥ ਧੋਇ ਬੇ ਪਰਵਾਹਿ ਹਾਂ।
ਦੁਖ ਸੁੱਖ ਜਿਥੇ ਹੋਣ ਦੋਵੇਂ ਹੀ ਹਲੇ,
ਦੋਵੇਂ ਮੂਲੋਂ ਨਾਹਿ ਕਿਧਰੇ ਹੋਣ ਜੇ
ਉਥੋਂ ਬੀ ਨਿਰਚਾਹ ਮੈਂ ਬੇਲੋੜੀਆਂ,
ਕਿਤੇ ਰਾਵਾਂ ਕਿਸ ਹਾਲ ਵਸਥਾ ਮੈਂ ਕਿਸੇ
ਕੰਤ ਨਾ ਭੁੱਲੇ ਸੰਤ ਵਿਸਰੇ ਚੇਤਿਓਂ,
ਇਹ ਮੇਰਾ ਬੈਕੁੰਠ ਮੁਕਤੀ ਜਾਣਦੀ[1]

ਅਖੀਰ ਇਸ ਦੁਖ ਭਰੀ ਭਾਲ ਦਾ ਅੰਤ ਉਦੋਂ ਹੋਇਆ ਜਦੋਂ 'ਇਕ ਬਿਰਧ' ਆਦਮੀ ਨੇ ਉਸ ਨੂੰ ਇਕ ਦੁਰਗਮ ਪਹਾੜੀ ਗੁਫਾ ਵਿਚ ਐਸ ਨਿਰਬਲ ਅਤੇ ਨਿਤਾਣੀ ਅਵਸਥਾ ਵਿਚੋਂ ਬੇਹੋਸ਼ ਦੇਖਿਆ ਅਤੇ ਉਸਨੂੰ ਸਤਿਸੰਗ ਵਿਚ ਜੁੜੀ ਸੰਗਤ ਕੋਲ ਲੈ ਗਿਆ। ਇਹ ਬਿਰਧ ਉਹ ਹੀ ਪੁਰਸ਼ ਸੀ ਜਿਹੜਾ ਕਿ ਉਸ ਪਾਵਨ ਸੰਪਰਦਾਇ ਦਾ ਮੁਖੀ ਸੀ ਜਿਸ ਸੰਪਰਦਾਇ ਦੀ ਸਥਾਪਨਾ ਰਾਣਾ ਸੂਰਤ ਸਿੰਘ ਨੇ ਆਪ ਕੀਤੀ ਸੀ। ਇਸ ਨੇ ਹੀ

---

1. ਪਹਿਲੇ ਵਾਲਾ ਹਵਾਲਾ ਪੰਨਾ ੮੩

ਰਾਣੀ ਨੂੰ ਸਤਿ ਮਾਰਗ ਦਰਸਾਇਆ । ਸੰਸਾਰ ਵਿਚ ਰਹਿਕੇ ਆਪਣੇ ਫਰਜ਼ ਨੂੰ ਪਛਾਣਨਾ, ਇਸੇ ਵਿਚ ਪਹਾੜ ਵਾਂਗ ਸਾਬਤ ਕਦਮ ਰਹਿਣਾ, ਆਪਣੀ ਹਉਮੈਂ ਨੂੰ ਜਿੱਤ ਲੈਣਾ ਅਤੇ ਸਦਾ ਸੇਵਾ ਭਾਵੀ ਰਹਿਕੇ ਪਿਆਰ ਵੰਡਾਉਂਣਾ ਜਿਵੇਂ ਕਿ ਬੱਦਲ ਖੁਲ੍ਹ ਦਿਲੀ ਨਾਲ ਮੀਂਹ ਵਰਾਂਦਾ ਹੈ । ਰੱਬੀ ਰਜ਼ਾ ਨੂੰ ਸਾਰੀ ਹੋਂਦ ਦਾ ਮੂਲ ਅਧਾਰ ਮੰਨ ਲੈਣਾ ਅਤੇ ਸ਼ਬਦ ਵਿਚ ਸੁਰਤੀ ਲਗਾਈ ਰਖਣੀ ਤੇ ਕਰਤਾ ਪੁਰਖ ਨਾਲ, ਨਾਮ ਦੇ ਜਾਪ ਦੁਆਰਾ ਇਕੋ ਸੁਰ ਰਹਿਣਾ ਹੀ ਜੀਉਂਦਿਆਂ ਮੁਕਤੀ ਪ੍ਰਾਪਤ ਕਰਕੇ ਸੱਚ ਖੰਡ ਨਿਵਾਸੀ ਬਣਿਆ ਜਾ ਸਕਦਾ ਹੈ—ਇਹ ਹੀ ਸੁਭਾਗ ਰਾਣਾ ਸੂਰਤ ਸਿੰਘ ਨੂੰ ਪ੍ਰਾਪਤ ਹੋਇਆ ਕਿ ਉਸ ਜਿਉਂਦਿਆਂ ਹੀ ਇਹ ਸਭ ਕੁਝ ਹਾਸਲ ਕਰ ਸਕਿਆ ।

ਰਾਜ ਕੌਰ ਦੀ ਕਾਇਆ ਪਲਟ ਗਈ । ਉਸ ਨੇ ਸ਼ੁਕਰਾਨੇ ਵਜੋਂ ਅਰਦਾਸਾ ਕੀਤਾ । ਉਸ ਨੇ ਰਾਜ ਸੰਭਾਲ ਲਿਆ ਅਤੇ ਬਕਾਇਦਾ ਸਤਿਸੰਗ ਦੀ ਹਾਜ਼ਰੀ ਭਰਨੀ ਅਰੰਭ ਕਰ ਦਿਤੀ । ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਨਾਮ ਦਾ ਜਾਪ ਕਰਦੀ ਉਹ ਆਪਣੇ ਨਿਤ ਦੇ ਕੰਮ ਨੂੰ ਬੜੀ ਸਿਆਣਪ ਨਾਲ ਨਿਭਾਉਂਦੀ ਸੀ । ਇਸ ਤਰ੍ਹਾਂ ਕਰਦੀ ਉਹ ਆਪਣੇ ਮਾਲਕ ਨਾਲ ਜੁੜੀ ਰਹਿੰਦੀ ਸੀ । ਉਸ ਨੂੰ ਰਹਿਮਤ ਪ੍ਰਾਪਤ ਹੋਈ ਸੀ ਅਤੇ ਉਸ ਦਾ ਮਨ ਟਿਕਿਆ ਰਹਿੰਦਾ ਸੀ ।

ਰਾਣਾ ਸੂਰਤ ਸਿੰਘ ੧੯੦੫ ਵਿਚ ਪ੍ਰਕਾਸ਼ਿਤ ਹੋਇਆ ਸੀ ਤੇ ਇਹ ਭਾਈ ਵੀਰ ਸਿੰਘ ਦੀਆਂ ਮੁਢਲੀਆਂ ਰਚਨਾਵਾਂ ਵਿਚੋਂ ਹੈ ਪ੍ਰੰਤੂ ਉਸ ਦੀ ਲੰਮੀ ਵਿਕਸਿਤ ਸਾਹਿਤ ਘਾਲਣਾ ਦੀ ਟੀਸੀ ਦਾ ਫੁੱਲ ਹੈ । ਉਸ ਦਾ ਸੁਹਜ ਭਾਵੀ ਚਿੰਤਨ ਇਸ ਰਚਨਾ ਵਿਚ ਤੀਖਣਤਾ ਪ੍ਰਾਪਤ ਕਰਦਾ ਹੈ ਅਤੇ ਉਸਦਾ ਦ੍ਰਿਸ਼ਟੀਕੋਣ ਦੀਰਘ ਘਾਲਣਾ ਅਤੇ ਦ੍ਰਿੜ੍ਹਤਾ ਦਾ ਲਖਾਇਕ ਹੈ । ਉਸ ਦੀਆਂ ਸਾਰੀਆਂ ਰਚਨਾਵਾਂ ਵਿਚੋਂ ਇਹ ਰਚਨਾ ਉਸ ਦੀ ਵਿਸ਼ਿਸ਼ਟ ਬੁਧੀ ਦੀ ਪ੍ਰਤੀਨਿਧ ਆਖੀ ਜਾ ਸਕਦੀ ਹੈ । ਇਸ ਕਾਵਿ ਰਚਨਾ ਦਾ ਅਧਿਐਨ ਅਨੇਕ ਪੱਧਰਾਂ ਤੇ ਕੀਤਾ ਜਾ ਸਕਦਾ ਹੈ । ਇਕ ਰੂਪਕ ਵਜੋਂ ਇਹ ਮਨੁਖੀ ਆਤਮਾ ਦੀ ਆਪਣੇ ਅਸਲੇ ਨਾਲ ਜੁੜਨ ਦੀ ਲੋਚਾ ਹੈ ਅਤੇ ਪਦਾਰਥਕ ਜੰਜੀਰਾਂ ਵਿਚ ਜਕੜੀ ਮਨੁੱਖੀ-ਚੇਤਨਾ ਦਾ ਪ੍ਰਮਾਤਮਾ ਨਾਲ ਇਕਮਿਕ ਹੋਣ ਲਈ ਇਕ ਤਰਲਾ ਹੈ । ਇਸ ਵਿਚ ਲੇਖਕ ਦੀ ਸਵੈ-ਜੀਵਨੀ ਦੀ ਝਲਕ ਵੀ ਦੇਖੀ ਜਾ ਸਕਦੀ ਹੈ । ਇਸ ਪ੍ਰਕਾਰ ਲੇਖਕ ਆਪਣੇ ਅਧਿਆਤਮਕ ਦ੍ਵੰਦ ਤੇ ਕਾਬੂ ਪਾ ਕੇ ਪ੍ਰਗਤੀ ਕਰਦਾ ਹੋਇਆ ਪੂਰਨਤਾ ਨੂੰ ਪਹੁੰਚਦਾ ਹੈ । ਸਹੁਜਾਤਮਕ ਦ੍ਰਿਸ਼ਟੀ ਤੋਂ ਇਸ ਕਾਵਿ ਰਚਨਾ ਵਿਚ ਵਿਥ ਤੇ ਸਮੇਂ ਦੀਆਂ ਹੱਦਾਂ ਤੋਂ ਪਰੇ ਅਧਿਆਤਮਕ ਦੇਸ਼ ਦੀ ਝਲਕ ਮਿਲਦੀ ਹੈ । ਇਹ ਇਕ ਅਜਿਹੇ ਵਿਅਕਤੀ ਦੀ ਸਿਮਰਤੀ ਹੈ ਜਿਸ ਨੇ ਕਿ ਸ੍ਰਿਸ਼ਟੀ ਦੇ ਅੰਤਰਾਲ ਦੇ ਰਹੱਸ ਨੂੰ ਜਾਣਿਆ ਤੇ ਮਾਣਿਆ ਹੈ । ਇਹ ਤਾਂ ਸਪਸ਼ਟ ਹੈ ਕਿ ਲੇਖਕ ਦਾ ਸਦਾਚਾਰਕ ਉਦੇਸ਼ ਵੀ ਇਸ ਵਿਚ ਪੇਸ਼ ਹੈ । ਇਸ ਉਦੇਸ਼ ਦੇ ਧਾਰਮਕ ਅਤੇ ਪਰਮਾਰਥਕ ਪਹਿਲੂ ਹਨ ।

ਸਿੱਖ ਰਹੱਸਵਾਦ ਅਤੇ ਕੁਝ ਸਿੱਖ ਸੰਕਲਪਾਂ ਦੀ ਵਿਆਖਿਆ ਲਈ ਇਸ ਪੁਸਤਕ ਵਿਚੋਂ ਹਵਾਲੇ ਦਿਤੇ ਜਾਂਦੇ ਹਨ ।

ਪਰਲੋਕ ਨਾਲ ਸੰਬੰਧਿਤ ਹੁੰਦੀ ਹੋਈ ਵੀ ਇਹ ਕਾਵਿ-ਰਚਨਾ ਮਾਤਲੋਕ ਦੀ ਛੋਹ ਤੋਂ ਵੰਚਿਤ ਨਹੀਂ । ਇਸ ਪੁਸਤਕ ਦਾ ਵਿਸ਼ੇਸ਼ ਖਾਸਾ ਇਹ ਹੈ ਕਿ ਇਸ ਵਿਚੋਂ ਮਾਨਵੀ ਅਤੇ ਦੈਵੀ, ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ, ਖਣਿਕ ਅਤੇ ਸਦੀਵੀਂ ਸਮੱਸਿਆਵਾਂ ਨੂੰ ਜੁੜਵੇਂ ਰੂਪ ਵਿਚ ਪੇਸ਼ ਕੀਤਾ ਗਿਆ ਹੈ । ਇਨ੍ਹਾਂ ਦੋਹਾਂ ਦਾ ਸੰਤੁਲਨ ਹੀ ਕਵੀ ਦੀ ਸਿਖ ਧਰਮ ਦੇ ਸਿਧਾਂਤਕ ਤੇ ਰਹੱਸਮਈ ਸੂਝ ਦਾ ਕੇਂਦਰ ਬਿੰਦੂ ਹੈ । ਇਕ ਮੋਟਿਫ ਨੂੰ ਮਹਾਂ ਕਾਵਿਕ ਪਧਰ ਉਤੇ ਫੈਲਾਂਦਿਆ ਹੋਇਆਂ ਲੇਖਕ ਨੇ ਮਨੁਖੀ ਭਾਵਾਂ ਦੇ ਵਿਆਪਕ ਪਸਾਰੇ ਨੂੰ ਕੁਦਰਤ ਦੇ ਸਮੂਹ ਭੇੜਾਂ ਤੇ ਵੰਨ ਸੁਵੰਨਤਾ ਨੂੰ ਆਪਣੀ ਕਲਪਣਾ ਦੇ ਕਲਾਵੇ ਵਿਚ ਲੈ ਲਿਆ ਹੈ । ਪਦਾਰਥਕ ਤੇ ਅਧਿਆਤਮਕ ਪਹਿਲੂ ਨਾਲੋ ਨਾਲ ਦਰਸਾਏ ਗਏ ਹਨ ਤੇ ਇਸ ਗੱਲ ਦੇ ਬਾਵਜੂਦ ਕਿ ਮਹਾਂ-ਕਾਵਿਕ ਬਿਰਤਾਂਤ ਆਕਾਸ਼ ਦੇ ਮੰਡਲਾਂ ਅਤੇ ਸੁਰਗੀ ਸਥਾਨਾਂ ਤੇ ਵਿਚਾਰਦਾ ਹੈ, ਸਭ ਕੁਝ ਵਾਸਤਵ ਦੇ ਪਧਰ ਤੇ ਇਸੇ ਧਰਤੀ ਉਤੇ ਵਾਪਰਦਾ ਦਖਾਇਆ ਗਿਆ ਹੈ । ਨਾਇਕਾ ਦ ਭਾਵਕ ਵੇਗ ਨੇ ਉਸ ਨੂੰ ਮੂਰਛਿਤ ਕਰ ਦਿਤਾ ਹੈ ਪਰ ਇਸ ਭਾਵਕਤਾ ਦੀਆਂ ਮਨੁੱਖੀ ਤੇ ਮਨੋਵਿਗਿਆਨਿਕ-ਜੜ੍ਹਾਂ ਬੜੀਆਂ ਡੂੰਘੀਆਂ ਹਨ । ਇਹ ਭਾਵਕਤਾ ਉਸ ਦੇ ਤਿਖੇ ਮਾਨਸਿਕ ਦਵੰਦ ਵਿਚੋਂ ਉਪਜੀ ਹੈ । ਉਸ ਦਾ ਰਾਜਪੂਤੀ ਖੂਨ ਉਸ ਨੂੰ ਆਪਣੇ ਪਿਆਰੇ ਪਤੀ ਦੇ ਨਾਲ ਹੀ ਸਤੀ ਹੋਣ ਲਈ ਮਜ਼ਬੂਰ ਕਰਦਾ ਹੋਵੇਗਾ । ਪਤੀ ਬਿਨਾਂ ਜੀਵਨ ਉਸ ਨੂੰ ਬਿਰਥਾ ਜਾਪਦਾ ਸੀ । ਪ੍ਰੰਤੂ ਸਿੱਖ ਮਤਿ ਜਿਹੜਾ ਕਿ ਉਸ ਦੇ ਖਾਨਦਾਨ ਨੇ ਹੁਣੇ ਹੁਣੇ ਗ੍ਰਹਿਣ ਕੀਤਾ ਸੀ, ਉਸ ਨੂੰ ਇਸ ਰਸਤੇ ਤੋਂ ਰੋਕਦਾ ਸੀ । ਉਸ ਨੂੰ ਭਾਣਾ ਮੰਨਣਾ ਹੀ ਸੀ । ਇਹ ਸੀ ਉਸ ਦੀ ਲੰਮੀ ਵੇਦਨਾ ਤੇ ਭਾਲ ਦਾ ਕਾਰਨ । ਇਸ ਦੁਖੀ ਤੇ ਬੇਸੁਧੀ ਦੀ ਹਾਲਤ ਵਿਚ ਵੀ ਉਸ ਦੇ ਸਾਹਮਣੇ ਜੀਵਨ ਦੀ ਅਸਲੀਅਤ ਉਜਾਗਰ ਹੁੰਦੀ ਹੈ । ਜਦੋਂ ਉਸ ਨੂੰ ਰਾਣਾ ਸੂਰਤ ਸਿੰਘ ਦੀ ਨਕਲੀ ਚਿੱਠੀ ਦਿਖਾ ਕੇ ਕਿਹਾ ਗਿਆ ਕਿ ਆਪਣੀ ਗਵਾਂਢੀ ਪ੍ਰੰਤੂ ਵੈਰੀ ਰਿਆਸਤ ਦੇ ਰਾਜੇ ਨਾਲ ਸ਼ਾਦੀ ਕਰ ਲਵੇ । ਇਸ ਪਿਛੋਂ ਉਹ ਕਿਸੇ ਪਰੀ ਦੇਸ਼ ਦਾ ਪਾਤਰ ਨਹੀਂ ਰਹਿੰਦੀ, ਸਗੋਂ ਉਹ ਜੀਵਨ ਦਾ ਜਿਉਂਦਾ ਜਾਗਦਾ ਪਾਤਰ ਹੋ ਜਾਂਦੀ ਹੈ ।

ਕਹਾਣੀ ਵਿਚ ਕਈ ਹੋਰ ਵੀ ਸਥੂਲ ਦੁਨੀਆਂ ਦੇ ਜਿਉਂਦੇ ਜਾਗਦੇ ਪਾਤਰ ਹਨ ਅਤੇ ਇਨ੍ਹਾਂ ਨੂੰ ਕਮਾਲ ਦੀ ਉਸਤਾਦੀ ਨਾਲ ਚਿਤ੍ਰਿਆ ਗਿਆ ਹੈ । ਉਨ੍ਹਾਂ ਵਿਚੋਂ ਸਾਰਿਆਂ ਤੋਂ ਚੰਗਾ ਪਾਤਰ ਚਿਤ੍ਰਣ ਰਾਜ ਕੌਰ ਦੀ ਮਾਂ ਦਾ ਹੈ ਅਤੇ ਉਹ ਆਪਣੀ ਧੀ ਲਈ ਅਕਹਿ ਦੁਖ ਵਿਚ ਗ੍ਰਸਤ ਹੈ । ਇਹ ਪਾਤਰ ਪਿਆਰ ਭਰਿਆ ਤੇ ਕੋਮਲ ਭਾਵੀ ਹੈ । ਉਹ ਹਰ ਥਾਂ ਉਸ ਦੇ ਪਿੱਛੇ ਪਿੱਛੇ ਜਾਂਦੀ ਹੈ ਅਤੇ ਇਸ ਗੱਲ ਦਾ ਹਰ ਸੰਭਵ ਜਤਨ ਕਰਦੀ ਹੈ ਕਿ ਆਪਣੀ ਧੀ ਦੇ ਦੁੱਖ ਨੂੰ ਹਰ ਸਕੇ । ਉਸ ਦੇ ਵਿਅਕਤੀਤਵ ਦੇ ਆਲੋ-

ਦੁਆਲੇ ਜਿਹੜਾ ਕਰੁਣਾਮਈ ਵਾਯੂਮੰਡਲ ਪੈਦਾ ਕੀਤਾ ਗਿਆ ਹੈ, ਇਸ ਨੇ ਕਹਾਣੀ ਨੂੰ ਇਕ ਵਖਰੀਂ ਧੁਣੀ ਪ੍ਰਦਾਨ ਕੀਤੀ ਹੈ। ਇਸ ਤੋਂ ਛੁਟ-ਇਕ ਹੋਰ ਪਾਤਰ ਹੈ ਰਾਧਾ, ਵਫਾਦਾਰ ਟਹਿਲਣ ਜਿਹੜੀ ਕਿ ਆਪਾ ਵਾਰਨ ਲਈ ਤੱਤਪਰ ਹੈ। ਵਜ਼ੀਰ ਇਕ ਠੁੱਕ ਵਾਲਾ ਦਰਬਾਰੀ ਹੈ—ਕੋਮਲ ਭਾਸ਼ੀ ਰਾਜ-ਕਾਜ ਦੇ ਪ੍ਰਬੰਧ ਵਿਚ ਨਿਪੁੰਨ। ਉਸਨੂੰ ਆਪਣੇ ਰਾਜਪੂਤ ਹੋਣ ਦਾ ਜਾਤੀ ਘੁਮੰਡ ਹੈ ਤੇ ਰਾਣੇ ਦੇ ਵਿਰੁਧ ਅੰਦਰੋਂ ਅੰਦਰ ਨਫਰਤ ਫੈਲਾਉਂਣ ਦਾ ਯਤਨ ਕਰਦਾ ਹੈ ਕਿਉਂਕਿ ਉਹ ਪੰਜਾਬੀ ਸੀ ਅਤੇ ਉਸ ਨੇ ਉਸ ਦੇ ਮਾਲਕ ਦੇ ਰਾਜ ਘਰਾਣੇ ਵਿਚੋਂ ਵਿਆਹ ਕਰਾ ਕੇ ਗੱਦੀ ਸੰਭਾਲ ਲਈ ਸੀ। ਰਾਜ ਮਾਤਾ ਨੂੰ ਇਹ ਦਸਣਾ ਪਿਆ ਸੀ ਕਿ ਰਾਣਾ ਸੂਰਤ ਸਿੰਘ ਨੀਵੇਂ ਘਰਾਣੇ ਦਾ ਨਹੀਂ ਸੀ ਅਤੇ ਉਹ ਜਾਤ ਦਾ ਖੱਤਰੀ ਸੀ।

ਰਾਣਾ ਸੂਰਤ ਸਿੰਘ ਯੋਧੇ ਅਤੇ ਰਾਜੇ-ਵਜੋਂ ਕਰਮ-ਸ਼ੀਲ ਵਿਅਕਤੀ ਸੀ ਅਤੇ ਅਧਿਆਤਮਕ ਦ੍ਰਿਸ਼ਟੀ ਤੋਂ ਉਸ ਦੀ ਨਿਸ਼ਠਾ ਵੀ ਦ੍ਰਿੜ ਸੀ। ਜਿਹੜੀਆਂ ਦਸਤਾਵੇਜ਼ਾਂ ਉਸਦੀ ਪਤਨੀ ਨੂੰ ਉਸਦੇ ਕਾਲਵਾਸ ਹੋਣ ਉਪਰੰਤ ਮਿਲੀਆਂ ਉਨ੍ਹਾਂ ਵਿਚ ਜੀਵਨ ਦੇ ਅੰਤਮ ਉਦੇਸ਼ ਬਾਰੇ ਉਸਦੇ ਵਿਚਾਰ ਪ੍ਰਗਟਾਏ ਗਏ ਸਨ। ਇਨ੍ਹਾਂ ਵਿਚ ਉਹ ਕਾਗਜ-ਪੱਤਰ ਵੀ ਸ਼ਾਮਲ ਸਨ ਜਿਨ੍ਹਾਂ ਵਿਚੋਂ ਕਿ ਸੰਸਾਰਕ ਵਿਹਾਰ ਦਾ ਵਰਣਨ ਸੀ। ਸਤਿ-ਸੰਗ ਜਿਸ ਦੁਆਰਾ ਕਿ ਦੁਨਿਆਵੀਂ ਕਲੇਸ਼ਾਂ ਤੋਂ ਉਪਰ ਉਠਿਆ ਜਾ ਸਕਦਾ ਹੈ ਕੀ ਆਪਣੀ ਨੇਮਾਵਲੀ ਅਰਾਧਨਾ ਵਿਧੀ ਅਤੇ ਪੂਜਾ ਪਾਠ ਦੇ ਢੰਗ ਹਨ। ਅਧਿਆਤਮਕਤਾ ਨੂੰ ਧਾਰਮਕਤਾ ਦੇ ਬਾਹਰੀ ਰੂਪ ਦੁਆਰਾ ਮੂਰਤੀਮਾਨ ਕੀਤਾ ਜਾ ਸਕਦਾ ਹੈ। ਦੋਵੇਂ ਇਕ ਦੂਸਰੇ ਦੇ ਪੂਰਕ ਹਨ। ਮਨੁੱਖੀ ਜੀਵਨ ਨੂੰ ਸਾਰਥਕ ਕਰਕੇ ਮਨੁਖ ਆਪਣੀ ਹੋਣੀ ਪ੍ਰਾਪਤ ਕਰਦਾ ਹੈ ਅਤੇ ਇਹ ਉਸ ਆਪਣੇ ਸੁਭਾ ਨੂੰ ਪਹਿਚਾਣ ਕੇ ਹੀ ਕਰਦਾ ਹੈ। ਇਨ੍ਹਾਂ ਦੋਹਾਂ ਵਿਚੋਂ ਕਿਸੇ ਇਕ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਵਾਸਤਵ ਜੀਵਨ ਭਰਪੂਰਤਾ ਨਾਲ-ਮਾਨਣਾ ਤੇ ਪਰਲੋਕ ਦੀ ਭਾਲ ਕਰਨ ਵਿਚ ਕੋਈ ਵਿਰੋਧ ਨਹੀਂ। ਰਾਣਾ ਸੂਰਤ ਸਿੰਘ ਨੇ ਇਸ ਸਚਾਈ ਨੂੰ ਜਾਣ ਲਿਆ ਸੀ। ਜਦੋਂ ਰਾਜ ਕੌਰ ਨੂੰ ਵੀ ਇਸ ਗੱਲ ਦਾ ਗਿਆਨ ਹੋ ਗਿਆ। ਹੁਣ ਉਸ ਦਾ ਨਵਾਂ ਜਨਮ ਹੋਇਆ ਜੋ ਪਹਿਲਾਂ ਨਾਲੋਂ ਵੀ ਵਧੇਰੇ ਅਰਥ ਭਰਪੂਰ ਸੀ।

ਆਪਣੀ ਕਾਵਿ-ਸਮਰੱਥਾ ਦੇ ਪੱਖੋਂ ਵੀ ਰਾਣਾ ਸੂਰਤ ਸਿੰਘ ਬੇਜੋੜ ਰਚਨਾ ਹੈ। ਇਸ ਦਾ ਬ੍ਰਿਤਾਂਤ ਕੀਲ ਕੇ ਬਿਠਾ ਲੈਂਦਾ ਹੈ। ਇਸ ਦੀ ਧੁਨੀ ਜਾਦੂਮਈ ਹੈ ਅਤੇ ਇਸ ਦਾ ਵਿਸਥਾਰ ਬਹੁਰੰਗੀ ਹੈ। ਨਾਟਕੀ ਮੌਕਾ ਮੇਲ ਨੂੰ ਲੇਖਕ ਨੇ ਸੁਹਜ ਭਾਵੀ ਢੰਗ ਨਾਲ ਪੇਸ਼ ਕੀਤਾ ਹੈ। ਬ੍ਰਿਤਾਂਤ ਯਾਦ ਵਿਚ ਬਾਰ ਬਾਰ ਉਭਰਦਾ ਹੈ। ਪ੍ਰਕ੍ਰਿਤੀ ਚਿਤ੍ਰਣ ਕੁਝ ਛਾਵਾਂ ਤੇ ਧੂ ਪਾਉਂਣ ਵਾਲਾ ਹੈ ਅਤੇ ਦ੍ਰਿਸ਼ ਵਰਨਣ ਟੁੰਬਦਾ ਹੈ। ਉਹ ਮਹਿਮਾਨ ਨਿਵਾਜ਼ ਰੁਖ ਜਿਸ ਹੇਠਾਂ ਪਰੀ ਮਹੱਲ ਦੀ ਚੜ੍ਹਾਈ ਸਮੇਂ ਰਾਜ ਕੌਰ ਅਤੇ ਉਸ ਦੀ ਟਹਿਲਣ ਰਾਧਾ ਆਰਾਮ ਕਰਦੇ ਹਨ।

"ਦੇਖ ਅਤਿੱਥੀ ਆਇ-ਘਰੀਂ ਪਰਾਹੁਣੇ
ਬ੍ਰਿੱਛ-ਰਿਦੇ ਹੁਲਸਾਉ ਭਾਗ ਉਪਜਿਆ—
ਦੇਵੇ ਸੰਘਣੀ ਛਾਉਂ ਹੋੜੇ ਧੁਪ ਨੂੰ,
ਸੂਰਜ ਵਾਲਾ ਤਾਪ ਸਿਰ ਲੈ ਆਪਣੇ"[1]

ਕਾਵਿ ਵਿਚਲੇ ਮਹਾਂਕਾਵਿਕ ਤੱਤ ਅਤੇ ਵੇਗ ਨੇ ਕਾਵਿ ਨੂੰ ਤੇਜਸਵੀ ਬਣਾ ਦਿਤਾ ਹੈ। ਮਹਾਂ ਕਾਵਿ ਦੇ ਰੂਪਕ ਪਖ ਦੀ ਦ੍ਰਿਸ਼ਟੀ ਤੋਂ ਅਨੇਕ ਸੁਤੰਤਰ ਕਵਿਤਾਵਾਂ ਨੂੰ ਕਹਾਣੀ ਦੇ ਅਕਾਰ ਵਿਚ ਜੜਿਆ ਗਿਆ ਹੈ। ਕਵੀ ਨੇ ਸਧਾਰਨ ਪੰਜਾਬੀ ਸ਼ਬਦਾਵਲੀ ਨੂੰ ਨਿਪੁੰਨ ਰਾਗਾਤਮਕਤਾ ਪੈਦਾ ਕਰਨ ਲਈ ਵਰਤਿਆ ਹੈ। ਕਾਵਿ ਦੀ ਲੈਅ ਮਨ ਨੂੰ ਕਾਬੂ-ਕਰਨ ਵਾਲੀ ਹੈ। ਅਤੇ ਸ਼ਬਦ ਕਾਰੀਗਰੀ ਨਾਲ ਤਰਾਸ਼ੀਆ ਹੀਰਾ ਕਣੀਆਂ ਵਾਂਗ ਜੁੜੇ ਹੋਏ ਹਨ ਜਾਂ ਇੰਜ ਲਗਦਾ ਹੈ ਕਿ ਪਹਾੜੀ ਨਦੀ ਦੇ ਵੇਗ ਨੇ ਪਥਰ ਗੀਟਿਆਂ ਨੂੰ ਤਰਾਸ਼ ਦਿਤਾ ਹੈ। ਉਨ੍ਹਾਂ ਦੀ ਸਰੰਚਨਾਵੀ ਲੈਅ ਦਾ ਇਕ ਸੁੰਦਰ ਸਰੂਪ ਅਤੇ ਲਚਕ ਹੈ। ਇਹ ਪ੍ਰਬੰਧ ਇਨ੍ਹਾਂ ਸੂਹਜ ਮਈ ਹੈ ਕਿ ਇਕ ਸ਼ਬਦ ਦੇ ਹੇਰ ਫੇਰ ਨਾਲ ਸੁਰ ਤੇ ਵਿਚਾਰ ਦੇ ਵੇਗ ਵਿਚ ਰੁਕਾਵਟ ਆ ਸਕਦੀ ਹੈ ਪ੍ਰੰਤੂ ਜਿਹੜੀ ਅਸਾ-ਧਾਰਨ ਸਹਿਜ ਸੁਭਾਵਕਤਾ ਇਸ ਕਾਵਿ ਵਿਚ ਹੈ ਉਹ ਕਵੀ ਦੀ ਬੌਧਿਕ ਚੋਣ ਅਤੇ ਕੋਮਲ ਸੁਹਜ ਦੀ ਲਖਾਇਕ ਹੈ ਅਤੇ ਇਹ ਪੰਜਾਬੀ ਵਿਚ ਸ਼ਾਇਦ ਪਹਿਲਾਂ ਜਤਨ ਹੈ। ਛੰਦਾ ਬੰਦੀ ਦੁਆਰਾ ਸ਼ਬਦਾਂ ਨੂੰ ਵਧੇਰੇ ਭਾਵਮਈ ਬਣਾਇਆ ਗਿਆ ਹੈ ਅਤੇ ਇਸ ਨਾਲ ਕਾਵਿ ਦੇ ਭਾਵਕ ਪੱਖ ਨੂੰ ਉਘਾੜ ਕੇ ਪੇਸ਼ ਕੀਤਾ ਗਿਆ ਹੈ, ਕਾਵਿ ਦਾ ਪਰਵਾਹ ਕੁਦਰਤ ਦੇ ਹਾਵ ਭਾਵ ਅਤੇ ਪਾਤਰ-ਚਿਤ੍ਰਣ ਦੇ ਅਨੁਕੂਲ ਰਖਿਆ ਗਿਆ ਹੈ। ਅਨੁਪਰਾਸ ਅਤੇ ਸ਼ਬਦਾਂ ਦੀ ਕੁਦਰਤੀ ਸੁਰ ਵਿਉਂਤ ਦੁਆਰਾ ਭਾਸ਼ਾ ਦੇ ਅਨੁਕਰ-ਣਾਤਮਕ ਪਖ ਦਾ ਪੂਰਾ ਪੂਰਾ ਲਾਭ ਉਠਾਇਆ ਗਿਆ ਹੈ। ਰਾਣਾ ਸੂਰਤ ਸਿੰਘ ਦੁਆਰਾ ਪੰਜਾਬੀ ਸਾਹਿਤ ਵਿਚ ਇਕ ਨਵੀਂ ਸਾਹਿਤ ਵੰਨਗੀ ਦਾ ਪ੍ਰਵੇਸ਼ ਹੁੰਦਾ ਹੈ। ਇਸ ਤੋਂ ਵੀ ਵੱਖ ਇਕ ਇਹ ਗੱਲ ਹੈ ਕਿ ਇਸ ਵਿਚ ਅਨੂਠੀ ਬਿੰਬਾਵਲੀ ਹੈ ਜਿਸ ਨੇ ਇਕ ਨਵੀਂ ਕਾਵਿ-ਨੁਹਾਰ ਤੇ ਕਾਵਿ-ਸ਼ੈਲੀ ਨੂੰ ਹੋਂਦ ਵਿਚ ਲਿਆਂਦਾ।

ਰਾਣਾ ਸੂਰਤ ਸਿੰਘ ਪਿਛੋਂ ਰਾਜਾ ਲਖਦਾਤਾ ਸਿੰਘ ਜਿਹੜਾ ਪੰਜਾਬੀ ਦਾ ਪਹਿਲਾਂ ਨਾਟਕ ਹੈ ੧੯੧੦ ਵਿਚ ਪ੍ਰਕਾਸ਼ਿਤ ਹੋਇਆ। ਇਸ ਦੀ ਕਹਾਣੀ ਸਰਲ ਹੈ ਅਤੇ ਇਸ ਵਰਨਣ ਸੌਖੀ ਤਰ੍ਹਾਂ ਹੋ ਸਕਦਾ ਹੈ। ਰਾਜਾ ਲਖਦਾਤਾ ਸਿੰਘ ਇਕ ਛੋਟੀ ਰਿਆਸਤ ਦਾ ਰਾਜਾ ਸੀ ਅਤੇ ਐਸ਼ ਇਸ਼ਰਤ ਵਿਚ ਜੀਵਨ ਬਿਤਾਉਂਦਾ ਹੋਇਆ ਰਾਜਸੀ ਕੰਮਾਂ ਤੋਂ ਅਣਗਹਿਲੀ ਕਰਦਾ ਸੀ। ਉਸ ਨੇ ਇਕ ਸੁਪਨਾ ਦੇਖਿਆ ਜਿਸ ਵਿਚ ਉਸ ਨੇ ਆਪਣੇ ਆਪ ਨੂੰ ਬ੍ਰਿਧ-ਅਵਸਥਾ ਵਿਚ ਅਤੇ ਨਿਢਾਲ ਹਾਲਤ ਵਿਚ ਦੇਖਿਆ। ਇਸ ਨਾਲ ਉਸ ਨੂੰ ਪਛਤਾਵਾ ਹੋਇਆ ਅਤੇ ਜਦੋਂ ਇਕ ਮਹਾਂਪੁਰਸ਼ ਨੂੰ ਉਹ ਮਿਲਿਆ ਤਾਂ ਉਹ ਆਪਣੇ ਫਰਜ਼ ਅਤੇ ਵੱਡਕਿਆਂ ਪ੍ਰਤੀ ਆਪਣੇ ਉੱਤਰ ਦਾਇਤਵ ਤੋਂ ਉਪਰਾਮ

1. ਪਹਿਲੇ ਵਾਲਾ ਹਵਾਲਾ ੫੫-੫੬

ਹੋ ਗਿਆ ਤਾਂ ਉਸ ਦੇ ਵਜ਼ੀਰਾਂ ਨੂੰ ਬੜੀ ਨਿਰਾਸ਼ਾ ਹੋਈ। ਉਹ ਭੇਸ ਬਦਲ ਕੇ ਆਪਣੀ ਰਿਆਸਤ ਦੇ ਸਾਧਾਰਨ ਲੋਕਾਂ ਵਿਚ ਫਿਰਦਾ ਰਹਿੰਦਾ। ਹਰ ਰੋਜ਼ ਉਸਨੂੰ ਅਨੇਕਾਂ ਗੱਲਾਂ ਦਾ ਪਤਾ ਲਗਦਾ ਜਿਨ੍ਹਾਂ ਤੋਂ ਉਹ ਸਮਝ ਗਿਆ ਕਿ ਲੋਕ ਅਧੋਗਤੀ ਵੱਲ ਜਾ ਰਹੇ ਹਨ। ਇਸ ਨਾਲ ਉਸ ਦੀਆਂ ਅੱਖਾਂ ਖੁਲ੍ਹ ਗਈਆਂ ਤੇ ਉਸਨੂੰ ਆਪਣੇ ਗੁਨਾਹ ਦਾ ਇਹਸਾਸ ਤਿੱਖਾ ਹੋ ਗਿਆ। ਅਫ਼ਸਰ ਦੁਰਾਚਾਰੀ ਬਣ ਗਏ ਸਨ ਕਿਉਂਕਿ ਉਸਨੇ ਧਿਆਨ ਨਹੀਂ ਸੀ ਦਿਤਾ ਤੇ ਲੋਕਾਂ ਨੂੰ ਅਗਿਆਨਤਾ ਵਿਚ ਰਖਿਆ ਗਿਆ ਸੀ। ਇਸ ਲਈ ਉਹ ਜੁਰਮ ਆਮ ਕਰਦੇ ਸਨ, ਦੁਰਾਚਾਰੀ ਬਣੇ ਹੋਏ ਸਨ ਅਤੇ ਵਹਿਮਾਂ ਭਰਮਾਂ ਦੇ ਸ਼ਿਕਾਰ ਸਨ। ਇਹ ਸਪਸ਼ਟ ਸੀ ਕਿ ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਹੱਲ ਇਹ ਸੀ ਕਿ ਅੱਖਰ ਗਿਆਨ ਅਤੇ ਵਿਦਿਆ ਦਾ ਪ੍ਰਚਾਰ ਕੀਤਾ ਜਾਏ—ਇਹ ਅਜਿਹਾ ਵਿਚਾਰ ਸੀ ਜਿਹੜਾ ਨਾਟਕ ਲਿਖਣ ਸਮੇਂ ਸਮਾਜ ਸੁਧਾਰ ਲਈ ਆਮ ਪਰਚਾਰਿਆ ਜਾ ਰਿਹਾ ਸੀ। ਨਾਟਕਕਾਰ ਦਾ ਇਸ ਸਮਸਿਆ ਨਾਲ ਵਾਹ ਅਸਲੀ ਰੂਪ ਵਿਚ ਪਿਆ ਸੀ। ਇਕ ਪਾਤਰ ਇਸ ਗੱਲ ਵੱਲ ਪ੍ਰਤੱਖ ਸੰਕੇਤ ਕਰਦਾ ਹੈ, "ਸਰ ਸਯਦ ਮੁਸਲਮਾਨਾਂ ਵਿਚ ਜਾਗ੍ਰਿਤੀ ਲਿਆ ਰਿਹਾ ਹੈ ਅਤੇ ਅਜਿਹਾ ਉਸਨੇ ਵਿਦਿਆ ਪਰਚਾਰ ਦੁਆਰਾ ਕੀਤਾ ਹੈ।"[1]

ਪ੍ਰਤੱਖ ਰੂਪ ਵਿਚ ਨਾਟਕ ਵਿਸ਼ੇਸ਼ ਤੌਰ ਤੇ ਇਸ ਮਨੋਰਥ ਸਿਧੀ ਤੇ ਕੇਂਦ੍ਰਿਤ ਹੈ ਪ੍ਰੰਤੂ ਇਸ ਮੰਤਵ ਨੂੰ ਕਹਾਣੀ ਦੀ ਬੁਣਤੀ ਦੁਆਰਾ ਪੇਸ਼ ਨਹੀਂ ਕੀਤਾ ਗਿਆ। ਨਾਟਕ ਵਿਚ ਨਾਟਕੀ ਕਾਰਜ ਦਾ ਅਭਾਵ ਹੈ ਅਤੇ ਪਾਤਰ ਇਕ ਪਾਸੜ, ਉਲਾਰੂ ਤੇ ਗਤੀਹੀਨ ਹਨ। ਕਹਾਣੀ ਦੇ ਪਰਸੰਗ ਵਿਚ ਜਿਹੜੀਆਂ ਉਪਦੇਸ਼ਾਤਮਕ ਟੂਕਾਂ ਆਉਂਦੀਆਂ ਹਨ, ਉਨ੍ਹਾਂ ਕਾਰਨ ਕਹਾਣੀ ਦੀ ਤੋਰ ਰੁਕਦੀ ਹੈ ਤੇ ਕਲਾ ਪੱਖ ਤੋਂ ਨਾਟਕ ਨੂੰ ਹਾਨੀ ਪੁੱਜਦੀ ਹੈ। ਨਾਟਕ ਦੇ ਉਦੇਸ਼ ਨੂੰ ਲੇਖਕ ਨੇ ਛੁਪਾਕੇ ਨਹੀਂ ਰਖਿਆ। ਨਾਟਕ ਦਾ ਸਿਰਲੇਖ ਹੈ "ਸਿਖੀ ਸੁਧਾਰ ਦਾ ਪਹਿਲਾਂ ਪੰਜਾਬੀ ਨਾਟਕ"—ਅਤੇ ਮੁਖਬੰਦ ਵਿਚ ਇਸ ਪ੍ਰਕਾਰ ਲਿਖਿਆ ਹੈ, "ਇਹ ਨਾਟਕ ਕੌਮੀ ਡਰਾਮਾ ਦੇ ਆਧਾਰ ਤੇ ਲਿਖਿਆ ਗਿਆ ਹੈ ਪਰ ਇਸ ਦੀਆਂ ਝਾਕੀਆਂ ਨੂੰ ਸਿੱਖਾਂ ਦੀ ਮੌਜੂਦਾ ਦਸ਼ਾ ਦਾ ਹੂ-ਬਹੂ ਦਰਪਨ ਬਣਾਨ ਤੇ ਸੁਧਾਰ ਦਾ ਨਕਸ਼ਾ ਜਮਾ ਦੇਣ ਦਾ ਪ੍ਰਯਤਨ ਕੀਤਾ ਹੈ।"[2]

ਭਾਵੇਂ ਰਾਜਾ ਲਖਦਾਤਾ ਸਿੰਘ ਦਾ ਟੀਚਾ ਸਪਸ਼ਟ ਰੂਪ ਵਿਚ ਉਪਦੇਸ਼ਾਤਮਕ ਹੈ ਪ੍ਰੰਤੂ ਇਸ ਵਿਚ ਨਾਟਕੀ ਤੱਤ ਵੀ ਹਨ। ਇਸ ਵਿਚ ਸਨਾਤਨੀ ਤਕਨੀਕ ਦੀਆਂ ਅਨੇਕ ਗੱਲਾਂ ਦੀ ਬੜੀ ਚੁਸਤੀ ਨਾਲ ਵਰਤੋਂ ਕੀਤੀ ਗਈ ਹੈ। ਇਹ ਹਨ ਪ੍ਰਵੇਸ਼ਕਾ ਅਤੇ ਅੰਤਕਾ ਵਿਚ ਕਾਵਿ ਮਈ ਭਾਸ਼ਨ, ਵਾਰਤਾਲਾਪ ਵਿਚ ਤੁਕਬੰਦ ਪਦੇ, ਕਾਵਿਕ ਬਿੰਬਾਵਲੀ ਨਾਲ ਭਰਪੂਰ ਸੰਵਾਦ, ਦਰਬਾਰੀ ਮਸਖਰਾ ਆਦਿ। ਮਸਖਰੇ ਦਾ ਪਾਤਰ

1. ਰਾਜਾ ਲਖਦਾਤਾ ਸਿੰਘ ਪਹਿਲਾ ਸੰਸਕਰਣ ਪੰਨਾ ੨੦
2. ਪਹਿਲੇ ਵਾਲਾ ਹਵਾਲਾ ਲੇਖਕ ਵਲੋਂ ਨਾਟਕ ਦੇ ਮੁੱਢ ਦਿਤੀ ਹੋਈ ਟਿੱਪਣੀ।

ਜਿਹੜਾ ਕਿ ਪਰੰਪਰਕ ਤੇ ਰੀਤੀਬੱਧ ਹੈ, ਇਸ ਨਾਟਕ ਦਾ ਸਾਰਿਆਂ ਤੋਂ ਸਜੀਵ ਪਾਤਰ ਹੈ। ਉਹ ਹਾਸੇ ਠੱਠੇ ਦੁਆਰਾ ਹਮੇਸ਼ਾਂ ਧੋਖਾਧੜੀ ਦਾ ਭਾਂਡਾ ਚੁਰਾਹੇ ਵਿਚ ਭੰਨਦਾ ਹੈ। ਪੇਟੂ, ਢਿਲੜ ਤੇ ਅਗਿਆਨੀ ਸਿੱਖ ਗ੍ਰੰਥੀ, ਵਿਸ਼ੇਸ਼ ਕਰਕੇ ਉਸਦੇ ਮਖੌਲ ਦਾ ਨਿਸ਼ਾਨਾ ਬਣਦਾ ਹੈ। ਜਦੋਂ ਰਾਜਾ ਭੇਸ ਬਦਲ ਕੇ ਦੌਰੇ ਤੇ ਜਾਂਦਾ ਹੈ ਤਾਂ ਸਾਨੂੰ ਹਾਸੋਹੀਣੇ ਪਾਤਰਾਂ ਦੀਆਂ ਅਜਿਹੀਆਂ ਝਾਕੀਆਂ ਦੇਖਣ ਨੂੰ ਮਿਲਦੀਆਂ ਹਨ ਜਿਹੜੀਆਂ ਅਤਿ ਹਸਾਉਣੀਆਂ ਹਨ। ਇਨ੍ਹਾਂ ਦੁਆਰਾ ਇਸ ਮੱਠੀ ਚਾਲੇ ਪਏ ਗੰਭੀਰ ਨਾਟਕ ਨੂੰ ਮਨੁੱਖੀ ਜਿੰਦ ਪ੍ਰਾਪਤ ਹੁੰਦੀ ਹੈ। ਪਰਚਾਰਕ ਪਾਦਰੀ ਦਾ ਪਾਤਰ ਪ੍ਰਭਾਵਸ਼ਾਲੀ ਹੈ।

# ਛੋਟੀਆਂ ਕਵਿਤਾਵਾਂ

ਭਾਈ ਵੀਰ ਸਿੰਘ ਲਈ ਕਾਵਿ ਰਚਨਾ ਹੁਣ ਨਿੱਤ ਦਾ ਰੁਝੇਵਾਂ ਸੀ। ਛੋਟੇ ਸਰੋਦੀ ਗੀਤਾਂ ਦੁਆਰਾ ਉਹ ਆਪਣੀ ਸੌਂਦਰਯ ਅਨੁਭੂਤੀ ਅਤੇ ਇਸ ਤੋਂ ਉਪਜੇ ਅੰਤਰਿਕ ਅਨੰਦ ਨੂੰ ਪ੍ਰਗਟਾਉਂਦਾ ਸੀ। ਪੰਜਾਬੀ ਵਿਚ ਅਜਿਹੀ ਕਵਿਤਾ ਪਹਿਲੀ ਵਾਰ ਲਿਖੀ ਗਈ ਸੀ ਅਤੇ ਧਾਰਮਿਕ ਹਲਕਿਆਂ ਤੋਂ ਬਾਹਰ ਵੀ ਇਹ ਇਕ ਦਮ ਲੋਕਪ੍ਰਿਯ ਹੋ ਗਈ। ਅਨੇਕ ਸੁੰਦਰ ਸਜਿਲਦ ਪੁਸਤਕਾਂ ਦੇ ਰੂਪ ਵਿਚ ਇਹ ਕਵਿਤਾ ਛਾਪੀ ਗਈ। ਪਹਿਲਾਂ ਕਾਵਿ ਸੰਗ੍ਰਹਿ ਸੀ "ਤ੍ਰੇਲ ਤੁਪਕੇ।" ਇਹ ਰਾਣਾ ਸੂਰਤ ਸਿੰਘ ਪ੍ਰਕਾਸ਼ਿਤ ਹੋਣ ਦੇ ਸੋਲਾਂ ਸਾਲਾਂ ਪਿਛੋਂ ਛਾਪਿਆ ਗਿਆ ਸੀ। ਇਸ ਵਿਚ ਫ਼ਾਰਸੀ ਰੁਬਾਈਆਂ ਵਰਗੇ ਚੌਥਰਗੇ ਸਨ। ਪੰਜਾਬੀ ਭਾਸ਼ਾ ਵਿਚ ਇਹ ਨਵਾਂ ਪ੍ਰਯੋਗ ਸੀ। "ਤ੍ਰੇਲ ਤੁਪਕੇ" ਪਿਛੋਂ ਵਾਰੀ ਵਾਰੀ "ਲਹਿਰਾਂ ਦੇ ਹਾਰ" ਅਤੇ "ਬਿਜਲੀਆਂ ਦੇ ਹਾਰ" ਦੋ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਏ ਅਤੇ ਫੇਰ "ਮਟਕ ਹੁਲਾਰੇ" ਜਿਹੜਾ ਕਿ ਕਸ਼ਮੀਰ ਦੇ ਨਜ਼ਾਰਿਆਂ ਅਤੇ ਸੁੰਦਰ ਸਥਾਨਾਂ ਬਾਰੇ ਸੀ। ੧੯੩੩ ਵਿਚ ਸਿੱਖ ਗੁਰੂ ਸਾਹਿਬਾਨ ਦੀ ਸਿਫ਼ਤ ਸਾਲਾਹ ਵਿਚ ਲਿਖੇ ਗੀਤਾਂ ਦਾ ਸੰਗ੍ਰਹਿ "ਕੰਬਦੀ ਕਲਾਈ" ਪ੍ਰਕਾਸ਼ਿਤ ਹੋਇਆ।

ਇਹ ਕਵਿਤਾਵਾਂ ਕਵੀ ਦੇ ਨਿੱਜਤਵ ਦਾ ਪ੍ਰਗਟਾਅ ਹਨ। ਪ੍ਰਕਾਸ਼ਮਈ ਇਕਸੁਰ ਬ੍ਰਿਤੀ ਦੀ ਇਹ ਅਦੁੱਤੀ ਅਭਿਵਿਅਕਤੀਆਂ ਹਨ। ਇਨ੍ਹਾਂ ਸਾਰੀਆਂ ਕਵਿਤਾਵਾਂ ਵਿਚ ਖੁਸ਼ੀ ਦੀ ਇਕ ਖਿਣ ਭੰਗਰ ਝਰਨਾਟ ਗੂੰਜਦੀ ਹੈ। ਕਵੀ ਆਤਮਿਕ ਸਿਖਰਾਂ ਦਾ ਪਾਂਧੀ ਹੈ।

ਕਵੀ ਦੀ ਤਾਂਘ ਇਹ ਹੈ ਕਿ ਨਿਰਾਕਾਰ ਨੂੰ ਕਿਸ ਤਰ੍ਹਾਂ ਪ੍ਰਾਪਤ ਕੀਤਾ ਜਾਏ। ਉਸਨੂੰ ਆਪਣੇ ਆਲੇ ਦੁਆਲੇ ਸਾਰੇ ਰਹੱਸ ਅਤੇ ਸੌਂਦਰਯ ਦਾ ਹਾਲ ਜਾਪਦਾ ਹੈ।

> "ਸੁਹਣੇ ਕਾਦਰ ਨੇ ਸੁਹਣੀ ਹੈ ਰਚੀ ਕੁਦਰਤ,
> ਕੁਦਰਤ ਵਿਚ ਇਹ ਸੁਹਜ ਪਰਾਣੋਇ ਜੀ
> ਕੁਦਰਤ ਸਾਜ ਕੇ ਕੁਦਰਤ ਦੇ ਵਿਚ ਵਸਦਾ
> ਸਦਾ ਚਮਕਦਾ ਜਿਕੂਰਾਂ ਚੰਦ ਚੜ੍ਹਿਆ।"[1]

---

1. 'ਬਿਸਮਲ ਮੋਰ' ਲਹਿਰਾਂ ਦੇ ਹਾਰ, ੧੯੬੨ ਦਾ ਸੰਸਕਰਣ ਪੰਨਾ ੧੮੧

ਆਪਣੀ ਰਹੱਸਮਈ ਕਲਪਨਾ ਦੁਆਰਾ ਉਹ ਕੁਦਰਤ ਨੂੰ ਅਧਿਆਤਮਕ ਰੰਗਤ ਦੇਂਦਾ ਹੈ ਅਤੇ ਉਸ ਵਿਚੋਂ ਇਕਸੁਰਤਾ ਦੇ ਭਾਵ ਉਜਾਗਰ ਕਰਦਾ ਹੈ।

ਪੰਜਾਬੀ ਸਾਹਿਤ ਵਿਚ ਅਜਿਹੀ ਲਘੂ ਕਵਿਤਾ ਜਿਹੜੀ ਕਿ ਨਿੱਜੀ ਪ੍ਰੇਰਣਾ ਤੋਂ ਉਪਜੀ ਹੋਵੇ ਅਤੇ ਜਿਹੜੀ ਕੁਦਰਤ ਤੇ ਜੀਵਨ ਦੇ ਰਹੱਸਮਈ ਪੱਖ ਨੂੰ ਉਘਾੜੇ ਮੂਲੋਂ ਹੀ ਇਕ ਨਵੀਂ ਚੀਜ਼ ਸੀ। ਇਸ ਨਾਲ, ਹੀ ਪੰਜਾਬੀ ਛੰਦਾਬੰਦੀ ਵਿਚ ਨਵੇਂ ਤਾਲਮਈ ਛੰਦ ਅਤੇ ਗਣ ਪ੍ਰਬੰਧ ਦਾ ਪ੍ਰਵੇਸ਼ ਹੋਇਆ। ਨਵੀਂ ਸ਼ਬਦਾਵਲੀ ਅਤੇ ਨਵੀਂ ਬਿੰਬਾਵਲੀ ਵੀ ਆਈ। ਭਾਵੇਂ ਕਵੀ ਨੇ ਛੰਦਾਬੰਦੀ ਅਤੇ ਲੇਅਬੱਧਤਾ ਦੇ ਪਿੜ ਵਿਚ ਨਵੀਂ ਪ੍ਰਯੋਗ ਕੀਤੇ ਪ੍ਰੰਤੂ ਉਸਦੇ ਬਣਤ ਗੁਣਾਂ ਬਾਰੇ ਆਪਣੀ ਸਨਾਤਨੀ ਸੂਝ ਬੂਝ ਨੂੰ ਕਾਇਮ ਰੱਖਿਆ। ਭਾਵਕ ਦ੍ਰਿਸ਼ਟੀ ਤੋਂ ਉਸਦੀ ਕਵਿਤਾ ਸੁਘੜ ਸੀ ਅਤੇ ਬਣਤ ਦੀ ਦ੍ਰਿਸ਼ਟੀ ਤੋਂ ਇਹ ਪਰਪਕ ਤੇ ਸੁਝਾਉ ਸੀ। ਇਨ੍ਹਾਂ ਕਵਿਤਾਵਾਂ ਦੁਆਰਾ ਕਵੀ ਨੇ ਕੁਦਰਤ ਦੇ ਭਾਵ ਅਤੇ ਸੁੰਦਰਤਾ ਨੂੰ ਮੂਰਤੀਮਾਨ ਕਰਦਿਆਂ ਆਪਣੇ ਮਨ ਦੇ ਅੰਤਰੀਵ ਵੇਗ ਨੂੰ ਦਰਸਾਇਆ ਸੀ। ਭਾਈ ਵੀਰ ਸਿੰਘ ਨੇ ਸ੍ਰੀ ਨਗਰ (ਕਸ਼ਮੀਰ) ਨੇੜੇ ਪ੍ਰਸਿੱਧ ਡੱਲ ਝੀਲ ਨੂੰ ਦੇਖਣ ਉਪਰੰਤ ਆਪਣੇ ਮਨੋਵੇਗ ਨੂੰ ਇਸ ਤਰ੍ਹਾਂ ਦਰਸਾਇਆ :

ਨੀਵੇਂ ਠੁਕਵੇਂ ਥਾਇਂ  
ਕੁਦਰਤ ਬਾਗ ਲਗਾਇਆ  
ਉਤੋਂ ਪਾਣੀ ਪਾਇ।  
ਆਪਣੇ ਵਲੋਂ ਕੱਜਿਆ,  
ਪਰਦਾ ਪਾਣੀ ਪਾੜ  
—ਸੁੰਦਰਤਾ ਨਾ ਲੁਕ ਸਕੀ,—  
ਰੂਪ ਸਵਾਇਆ ਚਾੜ੍ਹ  
ਨਿਖਰ ਸੰਵਰ ਸਿਰ ਕੱਢਿਆ  
ਤਖ਼ਤਾ ਪਾਣੀ ਸਾਫ਼  
ਵਿਛਿਆ ਹੋਇਆ ਜਾਪਦਾ,  
ਪਰੀਆਂ ਜਿਉਂ ਕੁਹ ਕਾਫ਼  
ਕਵਲਾਂ ਦਾ ਨਾਚ ਹੈ।[1]

ਕੁਦਰਤ ਦੇ ਖੇੜੇ ਵਿਚ ਲਿਵਲੀਨਤਾ ਸ੍ਰਿਜਨਾਤਕਤਾ ਦਾ ਮੂਲ ਸਿਧਾਂਤ ਹੈ ਅਤੇ ਭਾਈ ਵੀਰ ਸਿੰਘ ਅਨੁਸਾਰ ਇਸ ਨੂੰ ਕੁਦਰਤ ਨਾਲ ਇਕਮਿਕ ਹੋ ਕੇ ਵੇਗਮਈ ਅਵਸਥਾ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ।

ਰੁਬਾਈਆਂ ਦਾ ਖਾਸਾ ਇਹ ਹੈ ਕਿ ਉਹ ਕੋਮਲ ਭਾਵਾਂ ਨੂੰ ਦਰਸਾਂਦੀਆਂ ਹਨ :

---

1. "ਡੱਲ" ਮਟਕ ਹੁਲਾਰੇ, ੧੯੬੬ ਦਾ ਸੰਸਕਰਣ ਪੰਨਾ ੫੪

ਮੀਂਹ ਪੈ ਹਟਿਆ ਤਾਰ ਨਾਲ ਇਕ
ਤੁਪਕਾ ਸੀ ਲਟਕੰਦਾ,
ਡਿਗਦਾ ਜਾਪੇ, ਪਰ ਨਾ ਡਿੱਗੇ ।—
ਪੁਛਿਆ ਰੋਇ ਸੁਣੰਦਾ—
ਅਰਸ਼ਾਂ ਤੋਂ ਲੱਖਾਂ ਹੀ ਸਾਥੀ
ਕੱਠੇ ਹੋ ਸਾਂ ਆਏ ?
ਕਿਹ ਵੱਲ ਲੋਪ ਯਾਰ ਓ ਹੋਏ ?
ਮੈਂ ਲਾ ਨੀਝ ਤਕੰਦਾ ।1

ਇਕੱਲ ਦੁਖਦਾਈ ਹੈ ਤੇ ਮਿਲਣ ਵਿਚ ਅਨੰਦ ਹੈ। ਕਵੀ ਉਸ ਅਗੰਮੀ ਛੋਹ ਲਈ ਲੌਚਦਾ ਹੈ ਜਿਹੜੀ ਕਿ ਦੂਰੀ ਅਤੇ ਦ੍ਵੈਤ ਨੂੰ ਮਿਟਾਉਂਦੀ ਹੈ। ਏਕਤਾ ਦੇ ਇਸ ਭਾਵ ਤੋਂ ਜਿਹੜੇ ਕਾਵਿ ਦੀ ਸਿਰਜਣਾ ਹੋਈ ਹੈ ਉਹ ਕਵੀ ਦੀ ਅੰਤਰਿਕ ਸੂਝ ਅਤੇ ਪ੍ਰਾਪਤੀ ਦੀ ਲਖਾਇਕ ਹੈ। ਪ੍ਰਭੂ ਨਾਲ ਮਿਲਾਪ ਦੀ ਚਾਹ ਕੇਵਲ ਅਥਾਹ ਭਾਵਕ ਚਾਹ ਹੀ ਨਹੀਂ ਅਤੇ ਇਸਦੇ ਸਿੱਟੇ ਵਜੋਂ ਕੇਵਲ ਉਦਗਾਰ ਮਈ ਰਹੱਸ ਹੀ ਉਤਪਨ ਨਹੀਂ ਹੁੰਦਾ, ਇਸਦੀ ਕੋਈ ਨਿਕਾਰਾਤਮਕ ਡਰਕਮਈ ਕੀਮਤ ਨਹੀਂ ਹੈ। ਇਹ ਪਿਆਰ ਅਨੁਭਵ ਜੀਵਨ ਦਾ ਮੂਲ ਸਿਧਾਂਤ ਹੈ। ਇਹ ਅਨੰਤ ਦਾ ਅਜਿਹਾ ਦੀਰਘ ਅਨੁਭਵ ਹੈ ਜਿਹੜਾ ਕਿ ਮਨੁਖੀ ਹੋਣੀ ਨੂੰ ਨਵਾਂ ਭਾਵ ਪ੍ਰਦਾਨ ਕਰਦਾ ਹੈ । ਭਾਈ ਵੀਰ ਸਿੰਘ ਅਨੁਸਾਰ ਪ੍ਰੇਮ ਕਦੇ ਵੀ ਅਜਾਂਈਂ ਨਹੀਂ ਜਾਂਦਾ । ਸਗੋਂ ਇਸ ਦਾ ਉੱਤਰ ਸਾਕਾਰਤਮਕ ਹੋ ਸਕਦਾ ਹੈ :

"ਔਪਰ ਨੂਰ ਚਮਕਦਾ ਮੱਥਾ
ਅਸਾਂ ਜਦੋਂ ਤਧੇ ਦਾ ਡਿੱਠਾ,
ਛੁਹ ਬਖਸ਼ਣ ਦਾ ਸ਼ੌਕ ਤੁਸਾਂ ਵਿਚ
ਸਾਨੂੰ ਝੁਲ੍ਦਾ ਨਜ਼ਰੀਂ ਆਏ ।"2

"ਮਹਿੰਦੀ" ਨਾਂ ਦੀ ਕਵਿਤਾ ਵਿਚ ਕਵੀ ਕਹਿੰਦਾ ਹੈ।

"ਜਿੰਦੜੀ ਸਾਡੀ ਅੰਗ ਸਮਾਂ ਲਈ
ਵੇਖ ਵੇਖ ਖੁਸ਼ ਹੋਵੇ
ਕਿਉਂ ਸਹੀਓ :—ਕੋਈ ਸਵਾਦ ਸਜਨ ਜੇ
ਛੁਹ ਸਾਡ਼ੀ ਦਾ ਭੀ ਚਖਿਆ ।"3

1. ਮਟਕ ਹੁਲਾਰੇ 'ਕੋਈ ਹਰਿਆ ਬੂਟ' ਰਿਹੇ ਰੀ' ਪੰਨਾ ੪੩
2. ਮਟਕ ਹੁਲਾਰੇ : ਨੂਰ ਚਮਕਦਾ ਮੱਖਾ, ਪੰਨਾ ੩੪
3. ਮਹਿੰਦੀ : ਮਟਕ ਹੁਲਾਰੇ, ਪੰਨਾ ੩੬

ਇਸ ਕਵਿਤਾ ਵਿਚ ਅਜਿਹੇ ਹੀ ਕੋਮਲ ਭਾਵ ਦਰਸਾਏ ਗਏ ਹਨ । ਆਪਣੀ ਕਵਿਤਾ ਵਿਚ ਕਵੀ ਨੇ ਬਾਰ ਬਾਰ ਇਸ ਅਨਾਦੀ ਖੋਜ ਨੂੰ ਆਪਣਾ ਵਿਸ਼ਾ ਬਣਾਇਆ ਹੈ।

ਇਕ ਦੇ ਬਾਦ ਦੂਸਰੀ ਸਰੋਦੀ ਕਵਿਤਾ ਵਿਚ ਕਵੀ ਨੇ ਆਪਣੇ ਕਿਸੇ ਨਿਜੀ ਅਨੁਭਵ ਨੂੰ ਪਰਗਟਾਇਆ ਹੈ । ਉਸ ਦੇ ਆਪਣੇ ਕਥਨ ਅਨੁਸਾਰ ਉਹ ਪਿਆਰ ਗ੍ਰਸਿਆ ਹੈ। ਉਹ ਬਾਰ ਬਾਰ ਇਸ ਗੱਲ ਦੀ ਚਰਚਾ ਕਰਦਾ ਹੈ ਅਤੇ ਇਸ ਤਰ੍ਹਾਂ ਕਰਨ ਵਿਚ ਅਨੰਦ ਮਹਿਸੂਸ ਕਰਦਾ ਹੈ । ਇਹ ਦਾਸਤਾ ਉਸ ਨੂੰ ਇਸ ਗੱਲ ਦਾ ਹੌਂਸਲਾ ਦੇਂਦੀ ਹੈ ਕਿ ਉਹ ਹੋਰ ਕਿਸੇ ਪਰਕਾਰ ਦੇ ਬੰਧਨ ਤੋਂ ਮੁਕਤ ਹੋ ਜਾਏ। ਇਸ ਭਾਵ ਨੂੰ ਕਵੀ ਨੇ ਆਪਣੀ ਬਿਆਨੀਆ ਕਵਿਤਾ "ਗੰਗਾ ਰਾਮ" ਵਿਚ ਪ੍ਰਗਟਾਇਆ ਹੈ। ਇਹ ਕਵਿਤਾ ਦੂਸਰੀਆਂ ਕਵਿਤਾਵਾਂ ਕੋਲੋਂ ਆਪਣਾ ਨਵੇਕਲਾ ਸਵਰ ਰਖਦੀ ਹੈ ਅਤੇ ਅਡਰੀ ਭਾਂਤ ਦੀ ਹੈ। ਗੰਗਾ ਰਾਮ ਨਾਮੀ ਤੋਤੇ ਦੇ ਬਿਰਤਾਂਤ ਦੁਆਰਾ ਕਵੀ ਨੇ ਗੁਲਾਮੀ ਦੀ ਨਿੰਦਾ ਕੀਤੀ ਹੈ । ਭਾਵੇਂ ਕਿ ਤੋਤਾ ਪਿੰਜਰੇ ਦੀ ਹਿਫ਼ਾਜ਼ਤ ਪਸੰਦ ਕਰਦਾ ਹੈ ਪਰ ਉਸ ਨੂੰ ਅਰਸ਼ੀ ਉਡਾਰੀਆਂ ਲਾਣ ਦੀ ਖੁੱਲ੍ਹ ਨਹੀਂ । ਉਸ ਨੇ ਸਰਲ ਵੇਗਮਈ ਕਾਵਿ ਦੁਆਰਾ ਜਿਸ ਵਿਚ ਕਿ ਸਿਠਨੀ ਤੇ ਹਾਸਰਸ ਦਾ ਭਾਵ ਮਿਲਿਆ ਹੋਇਆ ਹੈ, ਗੁਲਾਮੀ ਦੇ ਬੁਰੇ ਅਸਰਾਂ ਅਰਥਾਤ ਨੀਚਤਾ, ਪਰਅਧੀਨਤਾ, ਨਿਰਾਦਰ ਹੋਣਾ ਅਤੇ ਵਿਅਕਤਿਤਵ ਦਾ ਨਸ਼ਟ ਹੋਣ ਆਦਿ ਨੂੰ ਦਰਸਾਇਆ ਹੈ। ਗੁਲਾਮੀ ਵਿਅਕਤੀ ਨੂੰ ਕਮੀਨਾ ਬਣਾਉਂਦੀ ਹੈ । ਇਸ ਨਾਲ ਮਨੁੱਖੀ ਆਤਮਾ ਦਾ ਗਲਾ ਘੁਟਿਆ ਜਾਂਦਾ ਹੈ ਅਤੇ ਇਸਦਾ ਵਿਕਾਸ ਰੁਕ ਜਾਂਦਾ ਹੈ। ਦਬਾਅ ਹੇਠਾਂ ਜਿਹੜੀ ਹਿਫ਼ਾਜ਼ਤ ਮਿਲਦੀ ਹੈ ਉਹ ਨਿਰਾਰਥਕ ਹੈ ਅਤੇ ਇਸ ਤਰ੍ਹਾਂ ਪਰਾਪਤ ਕੀਤੀ ਖੁਸ਼ਹਾਲੀ ਦਾ ਕੋਈ ਫ਼ਾਇਦਾ ਨਹੀਂ ।

(੧) "ਪੇਟ ਭਰੇ ਚਹਿ ਊਣਾ ਰਹਿ ਜਾਏ
ਖੁੱਲ ਨਾ ਸਾਡੀ ਕਦੇ ਮਰੇ।"[1]

(੨) ਆਜ਼ਾਦੀ ਦਾ ਹੱਕ ਤੇਰਾ ਦਿਤਾ
ਸਭ ਨੂੰ ਦਾਤ ਕਮਾਈ ਤੂੰ[2]

ਕਾਵਿ ਬਿਰਤਾਂਤ ਵਿਚ ਵਧੇਰੇ ਸਜੀਵਤਾ ਆ ਜਾਂਦੀ ਹੈ ਜਦੋਂ ਕਵੀ ਸਭਿਤਾ ਦੀ ਨਿੰਦਾ ਕਰਦਾ ਹੈ ਅਤੇ ਇਹ ਕਹਿੰਦਾ ਹੈ ਕਿ ਸਭਿੱਤਾ ਕਾਰਣ ਦੁਆਰਾ ਹੀ ਦਾਸਤਾ ਅਤੇ ਗੁਲਾਮੀ ਦੇ ਹੀਣ ਭਾਵ ਉਤਪਨ ਹੁੰਦੇ ਹਨ । ਇਹ ਕਵਿਤਾ ਕਵੀ ਦੇ ਸਮਕਾਲਿਕ ਬੋਧ ਦੀ ਲਖਾਇਕ ਹੈ ਅਤੇ ਇਸ ਗੱਲ ਨੂੰ ਵੀ ਦਰਸਾਂਦੀ ਹੈ ਕਿ ਬਰਤਾਨਵੀ ਰਾਜ ਸਮੇਂ ਹਿੰਦੁਸਤਾਨ ਦੀ ਦਸ਼ਾ ਕੀ ਸੀ। ਇਸ ਵਿਚ ਸਿਖ ਰਾਜ ਦੇ ਪਤਨ ਵੱਲ ਵੀ ਸੈਨਤ

---

1. 'ਗੰਗਾ ਰਾਮ' ਬਿਜਲੀਆਂ ਦੇ ਹਾਰ ੧੯੬੭, ਪੰਨਾ ੧੦੫
2. ਪਹਿਲੇ ਵਾਲਾ ਹਵਾਲਾ, ਪੰਨਾ ੧੦੪

ਕੀਤੀ ਗਈ ਹੈ । ਸਿੱਖ ਰਾਜ ਦਾ ਪਤਨ ਬਰਤਾਨੀਆ ਦੀ ਹਿੰਦੁਸਤਾਨ ਵਿਚ ਅੰਤਮ ਵਿਜੈ ਸੀ । ਉਹ ਕਹਿੰਦਾ ਹੈ :

''ਜ਼ੋਰ ਰਹੇ ਹਿਕ ਸਾਡੀ ਭਰਿਆ
ਡਰ ਖਾ ਧੌਣ ਨਾ ਕਦੇ ਢਹੇ ।[1]

''ਅਟਕ'' ਨਾਂ ਦੀ ਇਕ ਹੋਰ ਕਵਿਤਾ ਵਿਚ ਕਵੀ ਹਾਂ ਪਖੀ ਸੁਰ ਛੇੜਦਾ ਹੈ । ਪੰਜਾਬੀ ਵਿਚ ਅਟਕ ਦਾ ਸ਼ਾਬਦਿਕ ਭਾਵ ''ਰੁਕਾਵਟ'' ਹੈ । ਕਵੀ ਅਟਕ ਦਰਿਆ ਦੇ ਨਾਂ ਨਾਲ ਇਸ ਸ਼ਾਬਦਿਕ ਅਰਥ ਦਾ ਟਾਕਰਾ ਕਰਕੇ ਇਹ ਕਹਿੰਦਾ ਹੈ ਕਿ ਜਿਹੜੇ ਰੁਕਦੇ ਹਨ ਉਨ੍ਹਾਂ ਦਾ ਨਾਸ਼ ਹੁੰਦਾ ਹੈ ।

ਅਟਕਣਾ ਨਾ ਕੰਮ ਮੇਰਾ
ਅਟਕਿਆ ਸੋ ਮਾਰਿਆ,
ਅਟਕ ਨਾਮ ਮੌਤ ਦਾ ਹੈ,
ਕੋਈ ਅਟਕਦਾ ਨਹੀਂ ।
ਤੇਰੇ ਵਿਚ ਤੁਰਿਆ ਜਾਵੇ,
ਸਾਰਾ ਜੱਗ ਦਿਸਦਾ ਜੋ,
ਤੁਰੇ ਰਹਿਣਾਂ, ਤੁਰੇ ਰਹਿਣਾ,
ਕਾਰ ਧੁਰੋਂ ਏ ਪਈ ।
... ...
ਅਟਕ ਜਦੋਂ ਇਹ ਜਾਸੀ,
ਰੂਪ ਨਾਮ ਬਿਨਸ ਜਾਸੀ,
ਦ੍ਰਿਸ਼ਟਮਾਨ ਰਹੇ ਨਾਹੀਂ,
ਕਲਾ ਇਸ ਦੀ ਹੋ ਇਹੀ ।[2]

ਆਪਣੀ ਇਕ ਹੋਰ ਕਵਿਤਾ ਵਿਚ ਕਵੀ ਏਸੇ ਗਤੀਸ਼ੀਲ ਜੀਵਨ ਦਰਸ਼ਨ ਨੂੰ ਇੰਜ ਪ੍ਰਗਟਾਉਂਦਾ ਹੈ ।

''ਇਹ ਠਹਿਰਨ ਜਾਚ ਨਾ ਜਾਣਦਾ
ਲੰਘ ਗਿਆ ਨਾ ਮੁੜ ਕੇ ਆਂਵਦਾ''[3]

ਡਬਲੀਊ ਬੀ. ਏਟਸ ਵਾਂਗ ਪ੍ਰੌੜ੍ਹ ਅਵਸਥਾ ਪਹੁੰਚਣ ਤਕ ਭਾਈ ਵੀਰ ਸਿੰਘ ਦੀ ਕਵਿਤਾ ਹੋਰ ਵੀ ਸ਼ਕਤੀਸ਼ਾਲੀ ਹੋ ਗਈ ਅਤੇ ਬੁਢੇਪਾ ਆਉਣ ਨਾਲ ਉਸਦੀ ਕਾਵਿ ਸਿਰਜਣਾ ਦੀ ਤੀਬਰਤਾ ਅਤੇ ਇਸਦੀ ਤਾਜ਼ਗੀ ਵਿਚ ਕੋਈ ਘਾਟ ਨਾ ਆਈ ।

1. ਬਿਜਲੀਆਂ ਦੇ ਹਾਰ, ਪੰਨਾ ੧੦੮
2. ਅਟਕ, ਬਿਜਲੀਆਂ ਦੇ ਹਾਰ, ਪੰਨਾ ੪੫
3. ਸਮਾਂ, ਬਿਜਲੀਆਂ ਦੇ ਹਾਰ, ਪੰਨਾ ੫

੮੧ ਸਾਲ ਦਾ ਹੋ ਕੇ ਉਨ੍ਹਾਂ ਆਪਣਾ ਕਾਵਿਸੰਗ੍ਰਹਿ "ਮੇਰੇ ਸਾਈਆਂ ਜੀਉ" ਪ੍ਰਕਾਸ਼ਤ ਕੀਤਾ। ਉਸਦੇ ਅੰਤਲੇ ਕਾਵਿ ਸੰਗ੍ਰਹਿ ਵਿਚ ਉਹਦੀ ਤਰਲਤਾ, ਆਂਤਰਿਕ ਰੀਝਾਂ ਦਾ ਤੀਬਰ ਪ੍ਰਗਟਾਵਾ ਅਤੇ ਸੁਹਜਭਾਵੀ ਸ਼ੈਲੀ ਵਿਦਮਾਨ ਹੈ ਜਿਹੜੀ ਕਿ ਉਨ੍ਹਾਂ ਦੀਆਂ ਮੁਢਲੀਆਂ ਰਚਨਾਵਾਂ, ਵੱਡ-ਮੁਲੀਆਂ ਰੁਬਾਈਆਂ ਅਤੇ ਕਸ਼ਮੀਰ ਬਾਰੇ ਲਿਖੀਆਂ ਕਵਿਤਾਵਾਂ ਦਾ ਮੀਰੀ ਗੁਣ ਹੈ।

ਭਾਈ ਵੀਰ ਸਿੰਘ ਦੇ ਮੁਢਲੇ ਕਾਵਿ ਅਨੁਭਵ ਵਿਚ ਇੰਨੀਂ ਜਿੰਦ ਜਾਨ ਤੇ ਪ੍ਰਾਣ-ਤ੍ਰਾਣ ਹੈ ਕਿ ਉਸਦੇ ਅੰਦਰਲੇ ਕਾਵਿਕ ਵੇਗ ਦੇ ਅਗੰਮੀ ਨਾਦ ਅਤੇ ਅਨੁਭਵ ਪ੍ਰਤੀ ਵਫ਼ਾਦਾਰੀ ਦੇ ਜਿਹੜੇ ਗੁਣ ਉਸ ਅਪਣਾਏ, ਸਮਾਂ ਬੀਤਣ ਨਾਲ ਉਨ੍ਹਾਂ ਵਿਚ ਕੋਈ ਅੰਤਰ ਨਾ ਆਇਆ ਅਤੇ ਉਨ੍ਹਾਂ ਦੀਆਂ ਪਿਛਲੇਰੀਆਂ ਸਿਰਜਨਾਤਮਕ ਰਚਨਾਵਾਂ ਵਿਚ ਪਹਿਲਾਂ ਵਾਲੀ ਤਾਜ਼ਗੀ ਰਹੀ। ਉਸਦੀ ਸਰੋਦੀ ਉਮੰਗ ਅਤੇ ਕਾਵਿ ਕੌਸ਼ਲ ਪਹਿਲੇ ਵਾਂਗ ਹੀ ਸਜੀਵ ਰਿਹਾ। ਇਸੇ ਤਰ੍ਹਾਂ ਆਪਣੀ ਉਮਰ ਦੇ ਦੂਜੇ ਦਹਾਕੇ ਵਿਚ ਜਿਹੜੇ ਆਦਰਸ਼ ਉਸ ਅਪਣਾਏ ਸਨ, ਉਨ੍ਹਾਂ ਵਿਚ ਵੀ ਕੋਈ ਫ਼ਰਕ ਨਾ ਪਿਆ। ਆਸ ਪਾਸ ਦੀਆਂ ਤਬਦੀਲੀਆਂ ਅਤੇ ਤੌਖਲਿਆਂ ਗ੍ਰਸੇ ਉਤਾਰ ਚੜ੍ਹਾਵਾਂ ਵਿਚ ਉਹ ਨਿਰਲੇਪ ਰਿਹਾ ਅਤੇ ਪਿਛਲੇ ਦਹਾਕੇ ਦੇ ਇਸ ਉਤਾਰ ਚੜ੍ਹਾਅ ਨੇ ਉਸਦੇ ਮਾਨਸਿਕ ਟਿਕਾਉ ਅਤੇ ਮਨ ਭਾਉਂਣੇ ਆਦਰਸ਼ ਵਿਚ ਕੋਈ ਅੰਤਰ ਨਾ ਲਿਆਂਦਾ। ਇਸ ਗੱਲ ਤੋਂ ਉਸ ਦੇ ਵਿਚਾਰਾਂ ਦੀ ਪਕਿਆਈ ਅਤੇਂ ਕਾਵਿਕ ਆਦਰਸ਼ ਦੀ ਪਰਪੱਕਤਾ ਦੀ ਸ਼ਲਾਘਾ ਕਰਨ ਦੀ ਪ੍ਰੇਰਨਾ ਮਿਲਦੀ ਹੈ। ਕਵੀ ਦੇ ਮੌਲਿਕ ਅਨੁਭਵ ਦਾ ਪ੍ਰੇਰਨਾ ਸ੍ਰੋਤ ਉਸਦਾ ਧਾਰਮਕ ਸਿਦਕ ਸੀ। ਜਿਸ ਧਾਰਮਕ ਸਿਦਕ ਨੇ ਉਸਦੀ ਆਤਮਾ ਵਿਚ ਪੱਕੇ ਨਿਸ਼ਚੇ ਦਾ ਰੂਪ ਧਾਰਨ ਕਰ ਲਿਆ ਸੀ। ਉਸਦੀ ਦ੍ਰਿੜ੍ਹ ਭਾਵੀ ਨਿਸ਼ਠਾ ਅਤੇ ਜੀਵਨ ਦੇ ਅਧਿਆਤਮਕ ਪੰਥ ਬਾਰੇ, ਸਬੰਧਕ ਜਾਨਕਾਰੀ ਨੇ ਉਸ ਦੀ ਸ਼ਾਨਦਾਰ ਦੂਰ ਦ੍ਰਿਸ਼ਟੀ ਨੂੰ ਕਾਇਮ ਰਖਿਆ। ਉਸ ਦਾ ਸਾਰਾ ਕਾਵਿ ਏਸੇ ਸੌਂਦਰਜ ਅਨੁਭੂਤੀ ਉਤੇ ਕੇਂਦ੍ਰਿਤ ਹੈ ਅਤੇ ਏਸ ਦੇ ਗੁਹਝ ਨੂੰ ਸਮਝਾਣ ਦਾ ਇਕ ਜਤਨ ਹੈ :

"ਕਿਉਂ ਹੋਇਆ ਤੇ ਕੀਕੂੰ ਹੋਇਆ
ਖਪ ਖਪ ਮਰੇ ਸਿਆਣੇ,
ਉਸੇ ਰਾਹ ਪਵੇਂ ਕਿਉਂ ਜਿੰਦੇ,
ਜਿਸ ਰਾਹ ਪੂਰ ਮੁਹਾਣੇ,
ਭਟਕਣ ਛਡੋ, ਲਟਕ ਲਾ ਇਕੋ
ਖੀਵੀ ਹੋ ਸੁਖ ਮਾਣੀਂ,
ਹੋਸ਼ਾਂ ਨਾਲੋਂ ਮਸਤੀ ਚੰਗੀ,
ਰਖਦੀ ਸਦਾ ਟਿਕਾਣੇ।"[1]

1. ਹੋਸ਼ ਮਸਤੀ, ਲਹਿਰ ਹੁਲਾਰੇ, ੧੯੫੮, ਪੰਨਾ ੨੩

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਵੀ ਭਾਵਕ ਜੀਵਨ ਮਾਣਨ ਲਈ ਤਾਂਘ ਰਿਹਾ ਸੀ। ਇਸ ਦਾ ਭਾਵ ਇਹ ਨਹੀਂ ਕਿ ਉਹ ਕਵਿਤਾ ਦੇ ਬੌਧਿਕ ਰਹੱਸ ਤੋਂ ਨਾਵਾਕਿਫ਼ ਸੀ। ਉਸਦੇ ਆਪਣੇ ਕਥਨ ਅਨੁਸਾਰ ਦਰਸ਼ਨ ਵਾਂਗ ਕਵਿਤਾ ਦੁਆਰਾ ਵੀ ਜੀਵਨ ਦੇ ਗਹੁਝ ਨੂੰ ਜਾਣਿਆ ਜਾ ਸਕਦਾ ਹੈ ਅਤੇ ਇਸ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਇਹ ਉਤਰ ਉਸਨੇ ਆਪਣੇ ਹੀ ਢੰਗ ਨਾਲ ਦਿਤਾ ਹੈ। ਇਕ ਸੁੰਦਰ ਲਗਰ ਵਰਗੀ ਜਵਾਨ ਔਰਤ ਝੀਲ ਦੇ ਕੰਢੇ ਤੇ ਆਉਂਦੀ ਹੈ। ਉਹ "ਸੰਗਮਰਮਰੀ ਟੁਕੜੇ ਵਾਂਗ ਚਿੱਟੀ ਹੈ ਤੇ ਲਿਸ਼ਲਿਸ਼ ਕਰਦੀ ਹੈ।" ਉਹ ਝੀਲ ਦੀ ਸੁੰਦਰਤਾ ਤੋਂ ਏਨੀ ਪ੍ਰਭਾਵਿਤ ਹੁੰਦੀ ਹੈ ਕਿ ਉਹ ਇਹ ਅਨੁਭਵ ਕਰਦੀ ਹੈ ਕਿ ਅਨਾਦੀ ਭੇਤਾਂ ਨੂੰ ਇਸ ਦੇ ਨਿਰਮਲ ਜਲ ਵਿਚ ਝਾਕ ਕੇ ਜਾਣਿਆ ਜਾ ਸਕਦਾ ਹੈ। ਪ੍ਰੰਤੂ ਇਹ ਝੀਲ ਦੇ ਕੰਡੇ ਕਿਸੇ ਵੀ ਭੇਤ ਨੂੰ ਨਹੀਂ ਖੋਲ੍ਹਦੇ। ਕੁਝ ਦਿਨਾਂ ਉਪਰੰਤ ਉਹ ਮੁੜ ਕੇ ਝੀਲ ਕੰਢੇ ਆਉਂਦੀ ਹੈ ਤੇ ਦੇਖਦੀ ਹੈ ਕਿ ਝੀਲ ਵਿਚ ਅਨੇਕ ਕੰਵਲ ਦੇ ਫੁਲ ਖਿੜੇ ਹੋਏ ਹਨ। ਉਸਦੇ ਮਨ ਉਤੇ ਇਸ ਦ੍ਰਿਸ਼ ਦੀ ਸੁੰਦਰਤਾ ਦਾ ਗਹਿਰਾ ਪ੍ਰਭਾਵ ਪੈਂਦਾ ਹੈ। ਉਸਦਾ ਮਨ ਮਿਠਾਸ ਨਾਲ ਭਰ ਜਾਂਦਾ ਹੈ ਤੇ ਖਿੜ ਉਠਦਾ ਹੈ। ਉਹ ਫੁੱਲਾਂ ਦੇ ਨਾਲ ਝੂੰਮ ਉਠਦੀ ਹੈ। ਉਸਨੂੰ ਨਵੀਂ ਸੋਝੀ ਪ੍ਰਾਪਤ ਹੁੰਦੀ ਹੈ। ਉਹ ਸਾਰੇ ਪ੍ਰਸ਼ਨ ਭੁੱਲ ਜਾਂਦੀ ਹੈ। ਉਹ ਆਪਣੇ ਆਪ ਗੁਣਗੁਣਾਉਂਦੀ ਹੋਈ ਕਹਿੰਦੀ ਹੈ, "ਜੀਵਨ ਇਹ ਹੀ ਹੈ।"

ਜੀਵਨ ਦਾ ਇਹ ਪ੍ਰਫੁਲਤ ਦ੍ਰਿਸ਼ ਭਾਈ ਵੀਰ ਸਿੰਘ ਦੀ ਲੋਚਾ ਸੀ ਅਤੇ ਇਸੇ ਪ੍ਰਫੁਲਤ ਦ੍ਰਿਸ਼ ਨੂੰ ਆਪਣੇ ਪਾਠਕਾਂ ਲਈ ਉਹ ਮੂਰਤੀ ਮਾਨ ਕਰਦਾ ਸੀ। ਇਸ ਦਾ ਭਾਵ ਇਹ ਨਹੀਂ ਕਿ ਉਸ ਨੇ ਜ਼ਿੰਦਗੀ ਦੇ ਅਧਿਆਤਮਕ ਘੇਰੇ ਨੂੰ ਹੋਰ ਚੌੜ੍ਹਾ ਕੀਤਾ ਸੀ। ਭਾਈ ਵੀਰ ਸਿੰਘ ਦਾ ਇਹ ਵਿਸ਼ਵਾਸ ਸੀ ਕਿ ਇਹ ਹੀ ਠੀਕ ਸੂਝ ਬੂਝ ਸੀ ਅਤੇ ਇਸ ਨਾਲ ਹੀ ਭਰਮ ਭੁਲੇਖਾ ਦੂਰ ਹੁੰਦਾ ਹੈ। "ਸਚ" ਨਾਲ ਇਸ ਅਧਿ-ਆਤਮਕ ਮੇਲ ਦੁਆਰਾ ਹੀ ਆਪੇ ਦੀ ਸੋਝੀ ਹੋ ਸਕਦੀ ਹੈ। ਭਾਈ ਵੀਰ ਸਿੰਘ ਦੀ ਕਵਿਤਾ ਦਾ ਕੇਂਦਰੀ ਭਾਵ ਇਹ ਹੈ ਕਿ ਪ੍ਰਮਾਤਮਾ ਵਿਚ ਲਿਵਲੀਨ ਹੋ ਕੇ ਤੇ ਇਸੇ ਟੀਚੇ ਨੂੰ ਦ੍ਰਿਸ਼ਟੀ ਵਿਚ ਰਖ ਕੇ ਆਤਮਾ ਦੀ ਜਗਿਆਸਾ ਦੀ ਤ੍ਰਿਪਤੀ ਹੋ ਸਕਦੀ ਹੈ। ਇਹ ਅਤਿ ਦਰਜੇ ਦੀ ਆਦਰਸ਼ਵਾਦੀ ਕਵਿਤਾ ਹੈ ਪਰ ਇਹ ਸੱਚੀ ਭਾਵਨਾ ਦੀ ਉੱਪਜ ਹੈ। ਕਿਸੇ ਕਲਾ ਕ੍ਰਿਤੀ ਵਾਂਗ ਇਸ ਨਾਲ ਸੂਖਮ ਭਾਵਨਾਂ ਦ੍ਰਿੜ੍ਹ ਹੁੰਦੀ ਹੈ ਅਤੇ ਇਸ ਨਾਲ ਪਾਠਕ ਨੂੰ ਹਮੇਸ਼ਾਂ ਹੀ ਹਾਰਦਿਕ ਖੁਸ਼ੀ ਮਿਲੀ ਹੈ।

ਸਧਾਰਨ ਰੂਪ ਵਿਚ ਨਿਜਤਵ ਦਾ ਅਜਿਹਾ ਭਾਵਿਕ ਪ੍ਰਗਟਾਵਾ ਲੋਕਪ੍ਰਿਯ ਨਹੀਂ ਹੁੰਦਾ ਪ੍ਰੰਤੂ ਭਾਈ ਵੀਰ ਸਿੰਘ ਨੇ ਆਪਣੇ ਨਿੱਜੀ ਅਨੁਭਵ ਨੂੰ ਬਾਹਰਲੇ ਯਥਾਰਥ ਨਾਲ ਇਸ ਢੰਗ ਨਾਲ ਜੋੜਿਆ ਹੈ ਕਿ ਸਰਲ ਬਿੰਬਾਵਲੀ ਦਾ ਸਦਕਾ ਉਸ ਦਾ ਉਦੇਸ਼ ਸਰਲ ਤੇ ਸਪਸ਼ਟ ਹੋ ਨਿਬੜਿਆ ਹੈ। ਉਸ ਨੇ ਆਪਣੀ ਕਵਿਤਾ ਕੁਦਰਤੀ ਵਿਸ਼ਿਆਂ, ਫੁੱਲਾਂ, ਪੰਛੀਆਂ ਅਤੇ ਰੁੱਖਾਂ ਦੁਆਲੇ ਰੱਚੀ ਹੈ। ਪੰਜਾਬ ਦੇ ਰੋਮਾਂਚਕ

ਕਿਸਿਆਂ ਦੇ ਪਾਤਰਾਂ-ਹੀਰ ਰਾਂਝਾ, ਸੱਸੀ ਪੁੰਨੂ, ਸੋਹਣੀ ਮਹੀਂਵਾਲ—ਨੂੰ ਉਸ ਨੇ ਆਪਣੀ ਕਲਪਣਾ ਦਾ ਸਜੀਵ ਪੱਖ ਬਣਾ ਲਿਆ ਅਤੇ ਇਸ ਤਰ੍ਹਾਂ ਉਸ ਨੂੰ ਆਪਣੀ ਆਤਮਾ ਦੇ ਉਦਗਾਰ ਪਰਗਟਾਉਣ ਵਿਚ ਸਹਾਇਤਾ ਮਿਲੀ। ਕਈ ਵਾਰ ਇਤਿਹਾਸਕ ਸਥਾਨ ਜਿਹਾ ਕਿ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਜਮਨਾ ਕੰਢੇ ਤੇ ਉਸਰਿਆ ਪਾਉਂਟਾ ਸਾਹਿਬ ਦਾ ਗੁਰਦੁਆਰਾ, ਕੁਤਬ ਦੀ ਲਾਠ, ਰੋਸ਼ਨਆਰਾ ਦਾ ਮਕਬਰਾ— ਉਸ ਦੀ ਕਲਪਨਾ ਨੂੰ ਟੁੰਬਦੇ ਅਤੇ ਉਹ ਇਨ੍ਹਾਂ ਸਥਾਨਾਂ ਨੂੰ ਸਾਕਾਰ ਰੂਪ ਵਿਚ ਪੇਸ਼ ਕਰਦੇ। ਉਸ ਦੀ ਬੁਧੀ ਅਤੇ ਅੰਤਰੀਵ ਭਾਵਨਾ ਨੇ ਰੂਪਕ ਪੱਖ ਨੂੰ ਉਹਲੇ ਨਾ ਹੋਣ ਦਿਤਾ ਅਤੇ ਇਸੇ ਕਾਰਨ ਉਸ ਨੇ ਆਪਣੀਆਂ ਭਾਵਕ ਬਿਰਤੀਆਂ ਨੂੰ ਕਾਬੂ ਵਿਚ ਰਖਿਆ ਅਤੇ ਕਵਿਤਾ ਨੂੰ ਜਾਣ ਪਛਾਣੇ ਰੂਪਾਂ ਵਿਚ ਮੂਰਤੀਮਾਨ ਕੀਤਾ। ਉਹ ਸਹਿਜੇ ਹੀ ਰਾਗਾਤਮਕਤਾ ਉਪਜਾ ਸਕਦਾ ਸੀ ਅਤੇ ਉਸ ਦੀ ਕਵਿਤਾ ਦੀ ਤਰਲ ਰਾਗਾਤਮਕਤਾ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਉਸ ਦੀਆਂ ਅਨੇਕ ਛੋਟੀਆਂ ਕਵਿਤਾਵਾਂ ਆਪਣੀ ਸੁੰਦਰਤਾ, ਲੈਅਬਤਾ ਅਤੇ ਰੂਪਕ ਉਘਾੜ ਕਾਰਨ ਪੰਜਾਬ ਦੀ ਕਾਵਿ ਪਰੰਪਰਾ ਦਾ ਭਾਗ ਬਣ ਗਈਆਂ ਹਨ।

"ਮੇਰੀ ਛਿਪੀ ਰਹੇ ਗੁਲਜ਼ਾਰ ਮੈਂ ਨੀਵਾਂ ਉੱਗਿਆ,
ਕੋਈ ਲਗੇ ਨਾ ਨਜ਼ਰ ਟਪਾਰ ਮੈਂ ਪਰਬਤ ਲੁੱਕਿਆ,
ਮੈਂ ਲਿਆ ਅਕਾਸ਼ੋਂ ਰੰਗ ਜੁਸ਼ੋਖ ਨ ਵੰਨ ਦਾ,
ਹਾਂ ਧੁਰੋਂ ਗ਼ਰੀਬੀ ਮੰਗ ਮੈਂ ਆਯਾ ਜਗਤ ਤੇ,
ਮੈਂ ਪੀਆਂ ਅਰਸ਼ ਦੀ ਤ੍ਰੇਲ ਪਲਾਂ ਮੈਂ ਕਿਰਨ ਖਾ,
ਮੇਰੀ ਨਾਲ ਚਾਂਦਨੀ ਖੇਲ ਰਾਤ ਰਲ ਖੇਲੀਏ।
ਮੈਂ ਮਸਤ ਆਪਣੇ ਹਾਲ ਮਹਾਨ ਗੰਧਿ ਆਪਣੀ,
ਹਾਂ ਦਿਨ ਨੂੰ ਭੌਰੇ ਨਾਲ ਭਿ ਮਿਲਣੋਂ ਸੰਗਦਾ।
ਆ ਸ਼ੋਖੀ ਕਰਕੇ ਪੌਣ ਜਦੋਂ ਗਲ ਲਗਦੀ,
ਮੈਂ—ਨਾਹਿ ਹਿਲਾਵਾਂ ਧੌਣ ਵਾਜ ਨਾਂ ਕਢਦਾ।
ਹਾਂ ਫਿਰ ਬੀ ਟੁੱਟਾਂ ਹਾਇ ਵਿਛੋੜਨ ਵਾਲਿਓ।
ਮੇਰੀ ਭਿੰਨੀ ਇਹ ਖੁਸ਼ਬੋਇ ਕਿਵੇਂ ਨਾਂ ਛਿੱਪਦੀ।
ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣਦੀ,
ਹਾਂ ਪੂਰੀ ਹੁੰਦੀ ਨਾਂਹ ਮੈਂ ਤਰਲੇ ਲੈ ਰਹਾਂ।"[1]

ਇਕ ਕਸ਼ਮੀਰੀ ਪਹਾੜੀ ਦੀ ਗੁੱਠੇ ਉੱਗੇ ਬੱਨਫਸ਼ਾ ਦੇ ਫੁੱਲ ਦਾ ਗੀਤ ਹੈ ਪ੍ਰੰਤੂ ਇਹ ਕਵੀ ਦੇ ਆਪਣੇ ਮਾਨਸਿਕ ਹੁਲਾਰੇ ਦਾ ਪਰਗਟਾਵਾ ਹੈ ਕਿ ਕਿਤੇ ਉਸ ਦੀ ਛੁਪੇ ਰਹਿਣ ਦੀ ਚਾਹ ਅਧੂਰੀ ਨਾਂ ਰਹਿ ਜਾਏ। ਅਨੰਦ ਹੁਲਾਰਾ ਮਾਨਣ ਲਈ ਨਿਮ੍ਰਤਾ

1. ਬੱਨਫਸ਼ਾ ਦਾ ਫੁੱਲ, ਲਹਿਰ ਹੁਲਾਰੇ ਪੰਨਾ ੩੩-੩੪

ਅਤੇ ਸਮਰਪਣ ਦੀ ਭਾਵਨਾ ਜ਼ਰੂਰੀ ਹੈ। ਕਵੀ ਕਹਿੰਦਾ ਹੈ :—

"ਤੁਸਾਂ ਛੋੜਿਆ, ਅਸੀਂ ਛਿੜ ਪਏ,
ਬੀਨ ਜਿਵੇਂ ਸੁਰ ਹੋਈ,
ਛੇੜਿਆਂ ਤੁਸਾਂ ਅਸਾਂ ਚੁੱਪ ਕੀਤੀ—
ਹੱਥ ਤੁਸਾਡੇ ਜਾਦੂ ਵਸਦਾ,
ਤੁਹਿਆਂ ਜੀਉ ਜੀਉ ਪਈਏ—
ਸ਼ਾਲਾ ਕਦੇ ਵਿਛੋੜ ਨਾ ਸਾਨੂੰ,
ਨਿੱਤ ਨਿੱਤ ਇਹ ਅਰਜੋਈ।"[1]

ਇਹ ਕਾਵਿਕ ਪ੍ਰੇਰਨਾ ਰੱਬੀ ਆਵੇਸ਼ ਹੈ, ਕੋਈ ਲੁਕਵਾਂ ਹੱਥ ਹੀ ਗੀਤਾਂ ਅਤੇ ਰਾਗਾਤਮਕਤਾ ਉਪਜਾਉਂਦਾ ਅਤੇ ਇਨ੍ਹਾਂ ਨੂੰ ਨਖ ਸ਼ਿੱਖ ਦੇਂਦਾ ਹੈ। ਕਾਵਿਕ ਸਿਰਜਨਾ ਦੇ ਇਸ ਸਿਧਾਂਤ ਨੂੰ ਉਸ ਨੇ ਆਪਣੀਆਂ ਅਗਲੀਆਂ ਕਵਿਤਾਵਾਂ ਵਿਚ ਪਰਗਟ ਕੀਤਾ ਹੈ :—"ਬਿਥੁੰਨ ਪਥਰ"

"ਇਕ ਪੱਥਰ ਹੈ ਪਿਆ ਬੇਡੌਲ
ਬੁੱਤ ਤ੍ਰਾਸ਼ ਦੀ ਪਈ ਨਿਗਾਹ
ਹੈ ਬਿਥੁੰਨ ਤੇ ਕੋਈ ਨਾ ਰੂਪ।
ਉਸ ਨੇ ਉਸ ਵਿਚ ਤੱਕੀ ਤਸਵੀਰ,
ਨਾਲ ਤੱਕਿਆ ਵਾਧੂ ਦਾ ਪੱਥਰ
ਜਿਸ ਰਖੀ ਤਸਵੀਰ ਲੁਕਾਅ।
ਲੈਕੇ ਸਬਰੀ ਹੱਥ ਇਕ ਵਿਚ
ਦੂਜੀਉਂ ਦਏ ਹਥੌੜੀ ਦੀ ਸੱਟ
ਉਕਰ ਉਕਰ ਕੇ ਵਾਧੂ ਦਾ ਪੱਥਰ
ਕਰ ਵੇਖ, ਕਰ ਦਿਤੇ ਸੂ ਦੂਰ
ਦੇਖੋ ਬਣ ਗਿਆ ਸੁਹਣੀ ਤਸਵੀਰ
ਓ ਪੱਥਰ ਬੇਡੌਲ ਬੇਥੁੰਨ।

ਤਿਵੇਂ :— ਮੇਰੇ ਮਨ ਦੀ ਸ਼ਿਲਾ, ਬੇਡੌਲ
ਹੈ ਬਿਥੁੰਨ ਇਕ ਪੱਥਰ ਦੇ ਵਾਂਙ
ਪਰ ਤੂੰ ਉਸ ਵਿਚ ਆਪਣੀ ਤਸਵੀਰ
ਚਹੇਂ ਉਕਰਨੀ "ਸਾਈਆਂ" ਆਪ।
ਤੇਰੀ ਕਲਾ ਹੈ ਮਿਹਰ ਭਰਪੂਰ,
ਇਉਂ ਸਮਝਣ ਦਾ ਦਈਂ ਸੁਊਰ,

---

1. ਨਿੱਤ ਅਰਜੋਈ : ਮਟਕ ਹੁਲਾਰੇ, ਪੰਨਾ ੩੮

ਬੇਸ਼ਊਰੀਆਂ ਕਰੀਂ ਚਾ ਦੂਰ ।''[1]

ਇਹ ਹੀ ਵਿਚਾਰ ਇਕ ਹੋਰ ਕਵਿਤਾ ਵਿਚ ਵਿਦਮਾਨ ਹਨ :—

''ਵੀਣਕਾਰ ਨੂੰ ਵੀਣਾ ਪਈ ਆਖੇ :—
ਤੇਰੇ ਗੀਤਾਂ ਨੂੰ ਚਾੜ੍ਹਾਂ ਮੈਂ ਰੰਗਣਾ ।
ਵੀਣਕਾਰ ਨੇ ਪਰ੍ਹੇ ਚਾ ਰੱਖੀ
ਦਿੱਤੀ ਨਾਲ ਗਲਾਫ ਲਪੇਟ,
ਤਦੋਂ ਆ ਗਈ ਵੀਣਾ ਨੂੰ ਹੋਸ਼—
ਮੈਂ ਸਾਂ ਲੱਕੜੀ, ਤੰਦੀ ਤੇ ਤਾਰ,
ਜਿੰਦ ਹੀਣੀ ਸੀ ਮੈਂਡੜੀ ਦੇਹਿ ।
ਇਹ ਤਾਂ ਸਾਈਆਂ ਦਾ ਜਾਦੂ ਅਮੇਟ
ਭਰ ਦੇਂਦਾ ਸੀ ਨਾਲ ਸੰਗੀਤ,
ਰੋਮੋ ਰੇਸ਼ਾ ਮੇਰਾ ਤਾਰ ਤਾਰ,
ਤਦੋਂ ਬੋਲਦੀ ਸਾਂ ਪਯਾਰ ਪਯਾਰ,
ਮੇਰਾ ਸਾਈਆਂ ਜੀ ਗਾਂਦਾ ਮੈਂ ਨਾਲ,
ਮੋਹਿਤ ਹੁੰਦਾ ਸੀ ਸੁਣਦਾ ਸੰਗੀਤ,
ਹਾਂ ਗਾਂਦਾ ਵਜਾਂਦਾ ਸੀ ਆਪ,
ਫੇਰ ਝੂਮਦਾ ਸੀ ਆਪੇ ਆਪ,
ਰਸ ਲੈਂਦਾ ਸੀ ਆਪ ਰਸਾਲ ।
ਵਾਹ ਵਾਹ ਚੋਜ ਤੇਰੇ ਮੇਰੇ ਸਾਈਆਂ,
ਤੇਰੇ ਗੀਤਾਂ ਦੀਆਂ ਤੈਨੂੰ ਵਧਾਈਆਂ,
ਰਸ ਰਸੀਆਂ ਤੇ ਆਪ ਰਸਾਲ ।''[2]

ਭਾਈ ਵੀਰ ਸਿੰਘ ਦਾ ਆਦਰਸ਼ ਉਸ ਦਾ ਪ੍ਰਭੂ ਪ੍ਰਮਾਤਮਾ ਹੀ ਉਸ ਦੀ ਕਲਾ, ਪ੍ਰੇਮ ਅਤੇ ਸੌਂਦਰਯ ਅਨੁਭੂਤੀ ਦੀ ਪ੍ਰੇਰਨਾਂ ਸਰੋਤ ਹੈ :—

''ਚਾਨਣ ਜਿਵੇਂ ਅਕਾਸ਼ੋਂ ਆਵੇ,
ਸ਼ੀਸ਼ਿਆ ਤੇ ਪੈ ਚਮਕੇ,
ਇਵੇਂ ਸੁੰਦਰਤਾ ਅਰਸ਼ੋਂ ਆਵੇ,
ਸੋਹਣਿਆਂ ਤੇ ਪੈ ਚਮਕੇ ।''[3]

ਉਸਨੇ ਇਕ ਬੰਦ ਵਿਚ ਆਖਿਆ ਹੈ ਕਿ ਇਸ ਪ੍ਰਮਾਤਮਾ ਨੂੰ ਜਿਹੜਾ ਸਾਰੇ ਪ੍ਰੇਮ ਪਿਆਰ

---

1. ਬਿਬੁੰਨ ਪੱਥਰ : ਮੇਰੇ ਸਾਈਆਂ ਜੀਓ, ੧੯੬੦, ਪੰਨਾ ੫੭
2. ਰਸ ਰਸੀਆ ਰਸਾਲ : ਮੇਰੇ ਸਾਈਆਂ ਜੀਓ, ੧੯੬੦, ਪੰਨਾ ੯
3. ਗੁਲ ਦਾਉਂਦੀਆਂ ਨਹੀਂ ਆਈਆਂ : ਮਟਕ ਹੁਲਾਰੇ ਪੰਨਾ ੮੫

ਦਾ ਸਰੋਤ ਹੈ, ਉਹ ਹਮੇਸ਼ਾਂ ਅਪਣਾਉਂਦਾ ਤੇ ਪਿਆਰ ਦਾ ਸੀ। ਉਸ ਦੇ ਲਈ ਇਹ ਪ੍ਰਮਾਤਮਾ ਜਿਉਂਦੀ ਜਾਗਦੀ ਹਕੀਕਤ ਸੀ ਅਤੇ ਉਸਦੀ ਆਤਮਾ ਇਸ ਪ੍ਰਮਾਤਮਾ ਨਾਲ ਮਿਲਾਪ ਲਈ ਹਮੇਸ਼ਾਂ ਤੜਪਦੀ ਰਹਿੰਦੀ ਸੀ । ਉਸ ਤੋਂ ਵਿਯੋਗ ਸਹਿਣਾ ਇਕ ਅਕਹਿ ਤਸੀਹਾ ਸੀ। ਇਸ ਬੁਰੀ ਹਾਲਤ ਵਾਲੀ ਝਾਕੀ ਉਸ ਦੀ ਮਿਲਣ ਤਾਂਘ ਨੂੰ ਹੋਰ ਵੀ ਤੀਬਰ ਬਣਾ ਦੇਂਦੀ ਸੀ।

"ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ
ਅਸਾਂ ਧਾ ਗਲਵਕੜੀ ਪਾਈ,
ਨਿਰਾ ਨੂਰ ਤੁਸੀਂ ਹੱਥ ਨਾ ਆਏ,
ਸਾਡੀ ਕੰਬਦੀ ਰਹੀ ਕਲਾਈ।"[1]

ਕਵੀ ਦੇ ਮਨ ਦੀ ਇਕਾਗਰਤਾ ਕਦੇ ਵੀ ਭੰਗ ਨਾ ਹੋਈ। ਆਪਾ ਸਮਰਪਣ ਦੇ ਨਾਲ ਨਾਲ ਉਸ ਭਾਣਾ ਮੰਨਣ ਦਾ ਸਬਕ ਵੀ ਸਿਖ ਲਿਆ ਸੀ। ਉਹ ਹਮੇਸ਼ਾਂ ਪ੍ਰਸੰਨ ਚਿੱਤ ਪ੍ਰਭੂ ਦੀ ਇੱਛਾ ਨੂੰ ਪ੍ਰਵਾਨ ਕਰ ਲੈਂਦਾ ਸੀ। ਭਾਣਾ ਮੰਨਣਾ ਅਤੇ ਰੱਬ ਦੀ ਰਜ਼ਾ ਨੂੰ ਖਿੜੇ ਮੱਥੇ ਮੰਨਣਾ ਅਜਿਹੀਆਂ ਗੱਲਾਂ ਸਨ ਜਿਹੜੀਆਂ ਕਿ ਉਸ ਦੇ ਤੀਬਰ ਭਾਵੀ ਜਿਗਿਆਸੂ ਮਨ ਨੂੰ ਦੂਸਰੇ ਸੂਫੀ ਕਵੀਆਂ ਤੋਂ ਵਖਰਿਆਂਦੀਆਂ ਸਨ। ਆਸ਼ਾ ਵਾਦ ਭਾਈ ਵੀਰ ਸਿੰਘ ਦੀਆਂ ਸਾਰੀਆਂ ਕਵਿਤਾਵਾਂ ਦਾ ਮੁਖੀ ਸੁਰ ਹੈ। ਉਸ ਦਾ ਇਹ ਦ੍ਰਿੜ੍ਹ ਨਿਸਚਾ ਸੀ ਕਿ ਕਦੇ ਉਹ ਆਪਣੇ ਆਦਰਸ਼ ਨੂੰ ਪ੍ਰਾਪਤ ਕਰ ਲਵੇਗਾ। ਸਮੇਂ ਨਾਲ ਕੋਈ ਅੰਤਰ ਨਹੀਂ ਸੀ ਪੈਣਾ । ਅਸਲੀ ਹੁਲਾਰਾ ਤਾਂ ਇਸੇ ਗੱਲ ਵਿਚ ਸੀ ਕਿ ਪ੍ਰਭੂ ਦਾ ਸਿਮਰਣ ਕੀਤਾ ਜਾਏ ਅਤੇ ਉਸੇ ਦੀ ਭਾਲ ਜਾਰੀ ਰਹੇ।

ਭਾਈ ਵੀਰ ਸਿੰਘ ਕੁਦਰਤ ਨਾਲ ਇਸ ਮੇਲ ਤੋਂ ਪੂਰਨ ਅਨੰਦ ਮਾਣਦਾ ਸੀ। ਇਹ ਉਸ ਲਈ ਹੁਲਾਸਮਈ ਤ੍ਰੰਗ ਮਾਣਨ ਦਾ ਇਕੋ ਇੱਕ ਢੰਗ ਸੀ। ਉਹ ਕਾਦਰ ਨੂੰ ਕੁਦਰਤ ਵਿਚ ਵਿਦਮਾਨ ਦੇਖਦਾ ਸੀ ਅੰਤੇ ਕਾਦਰ ਦਾ ਨੇੜ ਪ੍ਰਾਪਤ ਕਰਨ ਲਈ ਆਪਾ ਵਾਰਦਾ ਸੀ। ਕੁਦਰਤ ਦੇ ਦ੍ਰਿਸ਼ ਵਰਣਨ ਵਿਸ਼ੇਸ਼ ਕਰਕੇ ਕਸ਼ਮੀਰੀ ਕੁਦਰਤੀ ਨਜ਼ਾਰਿਆਂ ਨੂੰ ਉਹ ਪਿਆਰਦਾ ਸੀ। ਕੁਦਰਤ ਦਾ ਦ੍ਰਿਸ਼ ਵਰਣਨ ਅਤਿ ਮਨ-ਮੋਹਕ ਹੈ ਅਤੇ ਪਾਠਕ ਦੇ ਮਨ ਵਿਚ ਅਨਾਦੀ ਤੇ ਅਗੰਮੀ ਰੀਝਾਂ ਉਪਜਾਉਂਦਾ ਹੈ । ਕਸ਼ਮੀਰ ਦੇ ਚਸ਼ਮੇਂ, ਪਹਾੜ ਅਤੇ ਫੁੱਲ-ਵਿਸ਼ੇਸ਼ ਕਰਕੇ ਗੁਲਦਾਉਂਦੀ ਇਨ੍ਹਾਂ ਸਭਨਾਂ ਨਾਲ ਉਸ ਦੀ ਭਾਵਕ ਸਾਂਝ ਸੀ ਅਤੇ ਇਨ੍ਹਾਂ ਨੇ ਉਸਦੀ ਕਲਪਨਾ ਨੂੰ ਇਸ ਤਰ੍ਹਾਂ ਟੁੰਬਿਆਂ ਸੀ ਕਿ ਉਹ ਬਾਰ ਬਾਰ ਇਨ੍ਹਾਂ ਬਾਰੇ ਲਿਖਦਾ ਸੀ । ਇਨ੍ਹਾਂ ਨੂੰ ਦੇਖਣ ਦੇ ਢੇਰ ਚਿਰ ਬਾਅਦ ਵੀ ਉਹ ਯਾਦ ਸ਼ਕਤੀ ਦੁਆਰਾ ਇਨ੍ਹਾਂ ਦਾ ਅਨੰਦ ਮਾਣਦਾ ਰਿਹਾ ਸੀ। ਉਹ ਕਹਿੰਦਾ ਹੈ :—

1. ਕੰਬਦੀ ਕਲਾਈ : ਮਟਕ ਹੁਲਾਰੇ, ਪੰਨਾ ੪੬

"ਸੁਹਣਿਆਂ ਤੋਂ ਜਦ ਵਿਛੁੜਨ ਲਗੀਏ
ਦਿਲ ਦਿਲਗੀਰੀ ਖਾਵੇ
ਪਰ ਤੈਥੋਂ ਟੁਰਦਯਾਂ ਕਸ਼ਮੀਰੇ।
ਸਾਨੂੰ ਦੁੱਖ ਨਾ ਆਵੇ।"[1]

ਆਪਣੇ ਅਖ਼ੀਰਲੇ ਕਾਵਿ ਸੰਗ੍ਰਹਿ ਵਿਚ ਭਾਈ ਵੀਰ ਸਿੰਘ ਨੇ ਕਸ਼ਮੀਰ ਦੀ, ਸੁਹਜਮਈ ਸੁੰਦਰਤਾ ਦਾ ਵਰਣਨ ਕਰਨ ਦੀ ਥਾਂ ਮਸ਼ੋਬਰਾ ਦੀ ਪਤਝੜ ਦਾ ਵਰਣਨ ਕੀਤਾ ਹੈ।

"ਆਵੇ ਵੀਰ ਮਸ਼ੋਬਰਾਤ ਦੱਸ—
ਤੂੰ ਉਹੋ ਜੋ ਫਲੀ ਸੋ ਫਲਿਆ ?
ਖਿੜੀ ਹੋਈ ਸੀ ਜਿਹੜੀ ਗੁਲਜ਼ਾਰ,
ਆਹ ਜਿਸਦੇ ਸਨ ਸਬਜ਼ਾ ਜ਼ਾਰ,
ਪੈ ਗਿਆ ਏ ਪੀਲਾ ਉਹ ਘਾਹ,
ਹੋ ਰਿਹਾ ਹੈ ਖਰਾ ਉਦਾਸ;
ਤੇਰੇ ਫੁੱਲਾਂ ਨੇ ਖਾਧੀ ਕੁਮਲਾਇ;
ਸਿਰ ਸਿੱਟ ਕੇ ਖੜੇ ਉਦਾਸ।
ਜਾਵਣ ਸੁਕਦੇ ਤੇ ਪਏ ਕਿਰਨ,
ਬੱਚਿਉਂ ਵਿਛੱੜੀ ਮਾਉਂਦੇ ਵਾਂਙ
ਫਲ ਦਾਰ ਹਨ ਫਲਾਂ ਤੋਂ ਹੀਨ
ਦਿਸ ਪਏ ਜਿਉਂ ਵਿਚ ਵਿਲਾਪ।
ਨਾਲ ਪੱਤੇ ਵੀ ਰੰਗ ਵਟਾਇ
ਡਿਗਦੇ ਹਵਾ ਦੇ ਝੋਂਕਿਆ ਨਾਲ,[2]

ਪਤਝੜੀ ਵਾਤਾਵਰਣਨ ਕਾਰਨ ਕਵੀ ਦੇ ਦ੍ਰਿਸ਼ਟੀਕੋਣ ਵਿਚ ਕੋਈ ਫ਼ਰਕ ਨਹੀਂ ਪੈਂਦਾ। ਉਸ ਦੇ ਕਾਵਿ ਦੇ ਮੂਲ ਅਧਾਰ ਪਹਿਲੇ ਵਾਲੇ ਹੀ ਰਹਿੰਦੇ ਹਨ। ਉਸਦਾ ਮੂਲ ਅਧਾਰ ਉਹ ਅਧਿਆਤਮਕ ਆਦਰਸ਼ ਸੀ ਜਿਹੜਾ ਕਿ ਸੀਮਤ ਹਯਾਤੀ ਦੀ ਹਦਬੰਦੀ ਤੋਂ ਉਤਾਂਹ ਹੋ—ਇਹ ਇਕ ਅਜਿਹਾ ਆਦਰਸ਼ ਸੀ ਜਿਸ ਨੇ ਕੋਮਲ ਭਾਵੀ ਆਤਮਾਵਾਂ ਨੂੰ ਸਾਰੇ ਦੇਸ਼ਾਂ ਵਿਚ ਹਰ ਸਮੇਂ ਪ੍ਰੇਰਨਾ ਦਿੱਤੀ ਹੈ। ਅਤੇ ਉਸ ਨੇ ਇਸ ਪ੍ਰੇਰਨਾ ਸਦਕਾ ਆਪਣੇ ਉਦਗਾਰ ਪ੍ਰਗਟਾਏ ਹਨ। ਪ੍ਰੰਤੂ ਇਸ ਪ੍ਰਗਟਾਏ ਵਿਚ ਉਹ ਸੌਂਦਰਯ ਅਨੁਭੂਤੀ ਅਤੇ ਅਸਾਧਾਰਨ ਸਿਰਜਨਾਤਮਿਕਤਾ ਹੈ ਜਿਹੜੀ ਕਿ ਹਮੇਸ਼ਾਂ ਹੀ ਮਨੁੱਖੀ ਆਤਮਾ ਦੀ ਪਰਗਟਾਵੇ ਦਾ ਮੂਲ ਲਛਣ ਰਹੀ ਹੈ।

---

1. ਕਸ਼ਮੀਰ ਤੋਂ ਵਿਦਾਇਗੀ : ਲਹਿਰ ਹੁਲਾਰੇ, ਪੰਨਾ ੫੯
2. ਮਸ਼ੋਬਰਾ : ਮੇਰੇ ਸਾਈਆਂ ਜੀਓ, ਪੰਨਾ ੩੫

# ਵਿਦਵਤਾ ਭਰਪੂਰ ਰਚਨਾਵਾਂ

ਭਾਈ ਵੀਰ ਸਿੰਘ ਦੀ ਵਧੇਰੇ ਰੁਚੀ ਕਾਵਿ ਰਚਨਾ ਵਲ ਸੀ ਪਰ ਇਸ ਨਾਲ ਉਸ ਦੀ ਪ੍ਰਤਿਭਾ ਦਾ ਪੂਰਨ ਪ੍ਰਗਟਾਵਾ ਨਾ ਹੋਇਆ। ਇਸ ਦੇ ਨਾਲ ਹੀ ਉਸ ਦੀ ਪ੍ਰਤਿਭਾ ਦਾ ਪ੍ਰਗਟਾਵਾ ਸਿਰਜਨਾਤਮਕ ਢੰਗ ਨਾਲ ਅਤੇ ਪੂਰੀ ਲਗਨ ਨਾਲ ਗਿਆਨ ਭਰਪੂਰ ਰਚਨਾਵਾਂ ਦੁਆਰਾ ਹੋਇਆ। ਭਾਈ ਵੀਰ ਸਿੰਘ ਇੰਨ੍ਹਾਂ ਦੋਹਾਂ ਪਿੜਾਂ ਵਿਚ ਸਮਰਾਟ ਤੇ ਨਿਪੁੰਨ ਕਲਾਕਾਰ ਸਾਬਤ ਹੋਇਆ। ਉਸ ਬਾਰੇ ਇਹ ਦੋ ਟੂਕ ਫ਼ੈਸਲਾ ਦੇਣਾ ਮੁਸ਼ਕਲ ਹੈ ਕਿ ਉਹ ਨਿਪੁੰਨ ਵਿਦਵਾਨ ਕਵੀ ਸਨ ਜਾਂ ਕਾਵਿ ਮਿਸ੍ਰਿਤ ਗਿਆਨ ਦੇ ਭਰਪੂਰ ਖਜ਼ਾਨੇ। ੧੯੦੭ ਪਿਛੋਂ ਉਸ ਨੇ ਕੋਈ ਨਾਵਲ ਨਹੀਂ ਲਿਖਿਆ। ਕੇਵਲ ਇਕੋ ਨਾਟਕ ਲਿਖਿਆ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਨਾਵਲ ਰਚਨਾ ਉਸ ਦੀ ਪ੍ਰਤਿਭਾ ਦਾ ਵਕਤੀ ਉਭਾਰ ਸੀ, ਪ੍ਰੰਤੂ ਕਾਵਿ ਰਚਨਾ ਅਤੇ ਗਿਆਨ ਭਰਪੂਰ ਰਚਨਾਵਾਂ ਦਾ ਸਿਰਜਨਾ ਉਸ ਨੇ ਉਮਰ ਭਰ ਕੀਤੀ। ਇਨ੍ਹਾਂ ਦੋਹਾਂ ਪਿੜਾਂ ਵਿਚ ਉਸ ਨੂੰ ਆਪਣੇ ਜੀਵਨ ਦੇ ਅਰੰਭ ਵਿਚ ਹੀ ਦਿਲਚਸਪੀ ਸੀ ਅਤੇ ਉਸਨੇ ਅੰਤਲੇ ਸਾਲਾਂ ਤਕ ਇਸ ਪਹਿਲੇ ਸ਼ੌਕ ਨੂੰ ਬਚਨ ਬੱਧ ਹੋ ਕੇ ਨਿਭਾਇਆ। ਪੰਜਾਬੀ ਕਾਵਿ ਪਰੰਪਰਾ ਵਿਚ ਉਸਦੇ ਸਥਾਨ ਨੂੰ ਕੋਈ ਵੰਗਾਰ ਨਹੀਂ ਸਕਦਾ। ਅਤੇ ਇਹ ਹੀ ਗੱਲ ਉਸਦੀਆਂ ਗਿਆਨ ਭਰਪੂਰ ਰਚਨਾਵਾਂ ਬਾਰੇ ਆਖੀ ਜਾ ਸਕਦੀ ਹੈ। ਜਿਹੜਾ ਸੰਪਾਦਨ ਉਸ ਨੇ ਪੁਰਾਣੀਆਂ ਲਿਖਤਾਂ ਦਾ ਕੀਤਾ, ਜਿਹੜੇ ਟੀਕੇ ਗੁਰਬਾਣੀ ਦੇ ਲਿਖੇ ਅਤੇ ਇਤਿਹਾਸਕਾਰ ਵਜੋਂ ਜਿਹੜਾ ਕੰਮ ਉਸ ਸਿਰੇ ਚਾੜ੍ਹਿਆ ਉਹ ਸਭ ਕੁਝ ਉਸਦੇ ਰਸਿਕ ਗਿਆਨ ਦਾ ਪ੍ਰਤੀਕ ਹੈ ਅਤੇ ਉਸਨੂੰ ਹਮੇਸ਼ਾਂ ਸਤਕਾਰਿਆ ਜਾਏਗਾ। ਆਪਣੇ ਅਖਬਾਰੀ ਕੰਮ ਅਤੇ ਕਿਤਾਬੜੀਆਂ ਵਿਚ ਉਸਨੇ ਆਪਣੀਆਂ ਵਿਦਿਅਕ ਅਤੇ ਦਾਰਸ਼ਨਿਕ ਦੀ ਝਲਕ ਦਖਾਈ ਸੀ। ਆਪਣੀ ਮੁਢਲੀ ਜਵਾਨੀ ਵਿਚ ਹੀ ਉਸ ਸਿੱਖ ਇਤਿਹਾਸ ਅਤੇ ਧਰਮ ਦੀ ਪੂਰੀ ਜਾਣਕਾਰੀ ਪ੍ਰਾਪਤ ਕਰ ਲਈ ਸੀ। ਜਿਹੜੇ ਨਾਵਲ ਉਸ ਆਪਣੇ ਸਾਹਿਤਕ ਜੀਵਨ ਦੇ ਆਦਿ ਭਾਗ ਵਿਚ ਲਿਖੇ ਉਹ ਉਸਦੀ ਏਸੇ ਰੁਚੀ ਦਾ ਸਿੱਟਾ ਸਨ, ਪਰ ਉਹ ਸੁਲਝੇ ਹੋਏ ਢੰਗ ਨਾਲ ਸਿੱਖ ਹੱਥ ਲਿਖਤਾਂ ਵਿਚ ਹਮੇਸ਼ਾ ਦਿਲਚਸਪੀ ਲੈਂਦਾ ਰਿਹਾ।

ਜਿਹੜੀ ਪ੍ਰਾਚੀਨ ਕ੍ਰਿਤ ਉਸ ਗਿਆਨ ਮਈ ਟੀਕਾ ਕਰਨ ਲਈ ਚੁਣੀ ਉਹ ਸੀ ਭਾਈ ਮਨੀ ਸਿੰਘ (੧੬੪੪-੧੭੩੫) ਲਿਖਤ "ਸਿਖਾਂ ਦੀ ਭਗਤਮਾਲਾ।" ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਵਲੋਂ ਵਰੋਸਾਏ ਗੁਰਮਤਿ ਦੇ ਵਿਸ਼ੇਸ਼ ਪ੍ਰਚਾਰਕ ਸਨ। ਭਾਈ ਵੀਰ ਸਿੰਘ ਨੇ ਪ੍ਰਾਚੀਨ ਹੱਥ ਲਿਖਤ ਦਾ ਸੰਪਾਦਨ ਕਰਕੇ ਇਸਨੂੰ ੧੯੧੨ ਵਿਚ ਪ੍ਰਕਾਸ਼ਿਤ ਕਰਾਇਆ।

ਉਸ ਨੇ ਪ੍ਰਸਿਧ ਰਚਨਾ ਪੁਰਾਤਨ ਪਥ ਪ੍ਰਕਾਸ਼ ਦਾ ਪਹਿਲੀ ਵਾਰ ਟੀਕਾ ਤਿਆਰ ਕੀਤਾ ਅਤੇ ਇਸ ਨੂੰ ਪ੍ਰਕਾਸ਼ਿਤ ਕਰਾਇਆ। ਇਹ ਰਚਨਾ ਅਠਾਰਵੀਂ ਸ਼ਤਾਬਦੀ ਦੇ ਪ੍ਰਸਿਧ ਯੋਧੇ ਤੇ ਸ਼ਹੀਦ ਮੀਰਾਂ ਕੋਟੀਏ ਭਾਈ ਮਹਿਤਾਬ ਸਿੰਘ ਦੇ ਪੋਤਰੇ ਰਤਨ ਸਿੰਘ ਭੰਗੂ ਦੀ ਕ੍ਰਿਤ ਸੀ। ਸਿੱਖ ਰਾਜ ਨਾਲ ਲਗਦੀ ਸਰਹੱਦ ਉਤੇ ਲੁਧਿਆਣੇ ਵਿਖੇ ਬਰਤਾਨਵੀ ਏਜੰਟ ਕਪਤਾਨ ਮਰੇ ਨੇ ਰਤਨ ਸਿੰਘ ਨੂੰ ਇਸ ਕਾਰੇ ਲਾਇਆ ਕਿ ਉਹ ਸਿੱਖਾਂ ਦੇ ਆਦਿ ਅਤੇ ਇਤਿਹਾਸ ਬਾਰੇ ਪ੍ਰਮਾਣੀਕ ਜਾਣਕਾਰੀ ਦੇਵੇ। ਜਿਹੜੀ ਜਾਣਕਾਰੀ ਉਸ ਦੁਭਾਸ਼ੀਆ ਰਾਹੀਂ ਅੰਗਰੇਜ਼ ਕਪਤਾਨ ਨੂੰ ਦਿੱਤੀ ਉਸ ਨੂੰ ਰਤਨ ਸਿੰਘ ਨੇ ਕਾਨੀਬੱਧ ਕਰ ਲਿਆ। ਇਸ ਦੇ ਸਿੱਟੇ ਵਜੋਂ ਉਤਮ ਇਤਿਹਾਸਕ ਮਹੱਤਤਾ ਵਾਲੀ ਦਸਤਾਵੇਜ਼ ਤਿਆਰ ਹੋ ਗਈ।

ਗੁਰੂ ਸਾਹਿਬਾਨ ਦੇ ਸਮੇਂ ਬਾਰੇ ਸਰਸਰੀ ਜਾਣਕਾਰੀ ਦੇਣ ਪਿਛੋਂ ਰਤਨ ਸਿੰਘ ਨੇ ਅਠਾਰਵੀਂ ਸਦੀ ਦੇ ਘਲੂਘਾਰਿਆਂ ਭਰੇ ਸਮੇਂ ਦਾ ਵਿਸਥਾਰ ਨਾਲ ਵਰਨਣ ਕੀਤਾ ਅਤੇ ਦਸਿਆ ਕਿ ਕਿਸ ਪ੍ਰਕਾਰ ਇਸ ਸਮੇਂ ਸਿਖਾਂ ਨੇ ਜਾਣ ਹੂਲਣੀਂ ਟਕਰ ਲੈ ਕੇ ਸਿਖ ਰਾਜ ਦੀ ਨੀਂਹ ਰਖੀ। ਉਸਦਾ ਜਨਮ ਯੋਧਿਆਂ ਤੇ ਸ਼ਹੀਦਾਂ ਦੇ ਟੱਬਰ ਵਿਚ ਹੋਇਆ। ਉਨ੍ਹਾਂ ਮੂੰਹ ਚੜ੍ਹੇ ਕਿੱਸਿਆਂ ਤੇ ਵਾਰਤਾਵਾਂ ਜਿਹੜੀਆਂ ਕਿ ਉਸ ਸਮੇਂ ਬਾਰੇ ਪ੍ਰਮਾਣੀਕ ਸਮਗਰੀ ਸੀ ਉਸ ਕਈ ਸਾਕਿਆਂ ਨੂੰ ਅੱਖੀਂ ਡਿੱਠਾ ਸੀ ਅਤੇ ਉਸ ਨੂੰ ਇਤਿਹਾਸਕ ਸੂਝ ਇਕ ਪਰਕਾਰ ਨਾਲ ਰਥੋਂ ਮਿਲੀ ਹੋਈ ਸੀ। ਭਾਈ ਵੀਰ ਸਿੰਘ ਨੇ ਤਿੱਥ ਮਿਤੀ ਬਾਰੇ ਸਹੀ ਹੋਣ ਲਈ ਉਸ ਦੀ ਸ਼ਲਾਘਾ ਕੀਤੀ ਹੈ ਅਤੇ ਇਹ ਸਿਧ ਕੀਤਾ ਹੈ ਕਿ ਉਸ ਵਲੋਂ ਦਿੱਤੀਆਂ ਤਰੀਕਾਂ ਮੁਸਲਮਾਨ ਲੇਖਕਾਂ ਅਨੁਸਾਰ ਵੀ ਸਹੀ ਹਨ।[1]

ਇਸ ਦੀ ਪਹਿਲੀ ਐਡੀਸ਼ਨ ਜਿਹੜੀ ਭਾਈ ਵੀਰ ਸਿੰਘ ਨੇ ੧੯੧੪ ਵਿਚ ਪ੍ਰਕਾਸ਼ਿਤ ਕੀਤੀ, ਦਾ ਅਧਾਰ ਇਸ ਪੁਸਤਕ ਦੀ ਇਕੋ ਇਕ ਹੱਥ ਲਿਖਤ ਸੀ। ਇਸ ਪਿਛੋਂ ਉਸ ਨੂੰ ਇਕ ਹੋਰ ਹੱਥ ਲਿਖਤ ਮਿਲ ਗਈ। ਅਤੇ ਉਸ ਨੇ ਦੋਹਾਂ ਹਥ ਲਿਖਤਾਂ ਦੇ ਅਧਾਰ ਤੇ ਨਵਾਂ ਐਡੀਸ਼ਨ ਪ੍ਰਕਾਸ਼ਿਤ ਕੀਤਾ। ਹੱਥ ਲਿਖਤ ਦਾ ਟੀਕਾ ਤਿਆਰ ਕਰਨ ਲਗਿਆਂ ਭਾਈ ਵੀਰ ਸਿੰਘ ਨੇ ਰਚਨਾ ਦੇ ਆਰੰਭ ਬਾਰੇ ਲੇਖਕ

1. **ਭਾਈ ਵੀਰ ਸਿੰਘ** ਦੁਆਰਾ ਸੰਪਾਦਿਤ ਪ੍ਰਾਚੀਨ ਪੰਥ ਪ੍ਰਕਾਸ : ਖਾਲਸਾ ਸਮਾਚਾਰ **ਅੰਮ੍ਰਿਤਸਰ ੧੯੬੨** ਪਹਿਲੇ ਸੰਸਕਰਣ, ਦੀ ਭੂਮਿਕਾ ਵਿਚੋਂ ਪੰਨਾ ੨

ਵਲੋਂ ਦਸਤਾਵੇਜ਼ੀ ਸਬੂਤ ਦੇ ਆਧਾਰ ਤੇ ਪਾਠ ਅੰਤਰਾਂ ਦਾ ਬਿਊਰਾ ਦਿੱਤਾ, ਵਿਆਖਿਆਤਮਕ ਸਿਰਨਾਵੇਂ ਦਿੱਤੇ ਪਦ ਟੂਕਾਂ ਦਿੱਤੀਆਂ ਅਤੇ ਸ਼ਬਦਾਵਲੀ ਵਿਚ ਅਜਿਹੇ ਸ਼ਬਦਾਂ ਦੀ ਵਿਆਖਿਆ ਦਿੱਤੀ ਜਿਨ੍ਹਾਂ ਬਾਰੇ ਵਧੇਰੇ ਜਾਣਕਾਰੀ ਦੀ ਅਵਸ਼ਕਤਾ ਉਸ ਮਹਿਸੂਸ ਕੀਤੀ।

ਭਾਈ ਵੀਰ ਸਿੰਘ ਦੀ ਇਤਿਹਾਸਕ ਸੂਝ ਬੂਝ ਅਤੇ ਗਿਆਨਵਾਨ ਸਮਝ ਦੇ ਕਾਰਨ ਅਠਾਰਵੀਂ ਸ਼ਤਾਬਦੀ ਦੇ ਪੰਜਾਬ ਬਾਰੇ ਇਕ ਵੱਡਮੁਲੀ ਹੱਥ ਲਿਖਤ ਨੂੰ ਬਚਾਇਆ ਜਾ ਸਕਿਆ ਅਤੇ ਇਤਿਹਾਸ ਦੀ ਵਿਦਿਆਰਥੀਆਂ ਦੇ ਲਾਭ ਹਿਤ ਇਸ ਨੂੰ ਪੇਸ਼ ਕੀਤਾ ਜਾ ਸਕਿਆ।

ਇਕ ਹੋਰ ਪੁਰਾਣੀ ਹੱਥ ਲਿਖੀ ਜਨਮਸਾਖੀ, ਜਿਸ ਬਾਰੇ ਭਾਈ ਵੀਰ ਸਿੰਘ ਨੇ ਕੰਮ ਕੀਤਾ ਪੂਰਬੀ ਵਿਦਿਆ ਦੇ ਜਰਮਨ ਵਿਦਵਾਨ ਅਰਨਸਟ ਟਰੰਪ ਨੇ ਲੱਭੀ ਸੀ। ਇਹ ਕੰਮ ਟਰੰਪ ਦੇ ਜ਼ਿੰਮੇ ਬਰਤਾਨਵੀ ਸਰਕਾਰ ਵਲੋਂ ਲਾਇਆ ਗਿਆ ਸੀ ਕਿ ਉਹ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੇ। ਜਿਹੜੀਆਂ ਪਵਿਤਰ ਪੁਸਤਕਾਂ ਅਤੇ ਗੁਰਮੁਖੀ ਲਿਪੀ ਵਿਚ ਲਿਖੀਆਂ ਹੱਥ ਲਿਖਤਾਂ ਉਸਦੇ ਹਵਾਲੇ ਕੀਤੀਆਂ ਗਈਆਂ ਉਨ੍ਹਾਂ ਵਿਚ ਇਕ ਜਨਮ ਸਾਖੀ ਹੈਨਰੀ ਟਾਮਸਕੋਲਬਰੁਕ ਵਲੋਂ ਦੂਸਰੀਆਂ ਪੁਸਤਕਾਂ ਦੇ ਨਾਲ ਇੰਡੀਆ ਆਫਸ ਲੰਡਨ ਨੂੰ ਭੇਟ ਕੀਤੀ ਗਈ ਸੀ। ਇਹ ਉਥੇ ਅਣਗੌਲੀ ਪਈ ਰਹੀ ਸੀ। ਜਦੋਂ ਇਸਦੀ ਹੋਂਦ ਬਾਰੇ ਪਤਾ ਲਗਾ ਤਾਂ ਅੰਮ੍ਰਿਤਸਰ ਦੇ ਕੁਝ ਸਿਖਾ ਵਲੋਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਬੇਨਤੀ ਕੀਤੀ ਗਈ ਕਿ ਉਹ ਜਨਮ ਸਾਖੀ ਦੀ ਵਾਪਸੀ ਦਾ ਪ੍ਰਬੰਧ ਕਰਨ। ਹੱਥ ਲਿਖਤ ਨੂੰ ਲਾਹੌਰ ਮੰਗਵਾਇਆ ਗਿਆ ਤੇ ਸਰਕਾਰ ਨੇ ਜਿਸਤ ਦੇ ਪਤਰਿਆਂ ਰਾਹੀਂ ਇਸ ਦੇ ਕੁਝ ਉਤਾਰੇ ਕਰਾਕੇ ਪ੍ਰਤਿਨਿਧ ਸਿੱਖ ਸਰਦਾਰਾਂ ਵਿਚ ਵੰਡੇ। ਜਨਮ ਸਾਖੀ ਕੋਲ ਬਰੁਕ ਵਾਲੀ ਜਨਮ ਸਾਖੀ ਜਾਂ ਵਲਾਇਤ ਵਾਲੀ ਜਨਮ ਸਾਖੀ ਦੇ ਨਾਂ ਨਾਲ ਬਹੁਤ ਪ੍ਰਸਿਧ ਹੋਈ ਅਤੇ ਇਸਦੀ ਲੱਭਤ ਨੂੰ ਇਕ ਮਹਾਨ ਸਾਹਿਤਕ ਘਟਨਾ ਸਮਝਿਆ ਗਿਆ।

ਭਾਈ ਵੀਰ ਸਿੰਘ ਪਹਿਲਾ ਵਿਅਕਤੀ ਸੀ ਜਿਸਨੇ ਇਸ ਹੱਥ ਲਿਖਤ ਦਾ ਤੁਲਨਾਤਮਕ ਅਧਿਐਨ ਕੀਤਾ। ਇਸੇ ਸਮੇਂ ਓਰੀਐਂਟਲ ਕਾਲਜ ਦੇ ਅਧਿਆਪਕ ਸ: ਗੁਰਮੁਖ ਸਿੰਘ ਨੇ ਇਕ ਹੋਰ ਹੱਥ ਲਿਖਤ ਦਾ ਹਾਫ਼ਜ਼ਾਬਾਦ ਵਿੱਖੇ ਪਤਾ ਕਢਿਆ। ਮੈਕਸਰ ਆਰਥਰ ਮੈਕਾਲਿਫ਼, ਜੋ ਉਸ ਸਮੇਂ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਰ ਰਿਹਾ ਸੀ ਅਤੇ ਗੁਰੂ ਸਾਹਿਬਾਨ ਦੇ ਜੀਵਨ ਬ੍ਰਿਤਾਂਤ ਲਿਖ ਰਿਹਾ ਸੀ, ਨੇ ਇਸ ਨੂੰ ਆਪਣੇ ਖਰਚੇ ਤੇ ਪ੍ਰਕਾਸ਼ਿਤ ਕੀਤਾ। ਕੁਝ ਹੋਰ ਹੱਥ ਲਿਖਤਾਂ ਤੇ ਖੜਕ ਕਰਮ ਸਿੰਘ (੧੮੮੪-੧੯੩੦) ਜਿਹੜਾ ਕਿ ਸਿੱਖ ਇਤਿਹਾਸ ਦੇ ਖੋਜੀਆਂ ਦਾ ਮੋਹਰੀ ਸੀ, ਨੇ ਲੱਭੇ।

ਭਾਈ ਵੀਰ ਸਿੰਘ ਨੇ ਤੁਲਨਾਤਮਕ ਅਧਿਐਨ ਲਈ ਦੋ ਹੱਥ ਲਿਖਤਾਂ ਤੇ ਟੇਕ

ਰਖੀ। ਇਕ ਕੌਲਬਰੁਕ ਵਾਲੀ ਹਥ ਲਿਖਤ ਜਿਸਦਾ ਉਤਾਰਾ ਪੰਜਾਬ ਸਰਕਾਰ ਵਲੋਂ ਅੱਡ ਅੱਡ ਸੰਚੀਆਂ ਵਿਚ ਵੰਡਿਆ ਗਿਆ ਸੀ ਅਤੇ ਲਾਹੌਰ ਦੀ ਸਿੰਘ ਸਭਾ ਵਲੋਂ ਲਿਥੋ ਰਾਹੀਂ ਛਪਵਾਇਆ ਗਿਆ ਸੀ ਅਤੇ ਹਾਫ਼ਜ਼ਾਬਾਦ ਵਾਲੀ ਹੱਥ ਲਿਖਤ ਜਿਹੜੀ ਮੈਕਸ ਆਰਥਰ ਮੈਕਾਲਿਫ਼ ਨੇ ਪ੍ਰਕਾਸ਼ਿਤ ਕਰਵਾਈ ਸੀ।

ਪਹਿਲੀ ਨੂੰ ਮੂਲ ਅਧਾਰ ਬਣਾ ਕੇ ਉਸ ਨੇ ਇਸਦਾ ਟਾਕਰਾ ਹਾਫ਼ਜ਼ਾਬਾਦ ਵਾਲੇ ਉਤਾਰੇ ਨਾਲ ਕੀਤਾ, ਅਤੇ ਦੋਹਾਂ ਦੇ ਵਿਰੋਧਾਭਾਸ ਨੂੰ ਖ਼ਤਮ ਕਰਨ ਲਈ ਸਾਖੀਆਂ ਦੀ ਲੜੀ ਨੂੰ ਜੋੜਿਆ ਅਤੇ ਦੋਹਾਂ ਦੇ ਪਾਠ-ਅੰਤਰਾਂ ਨੂੰ ਦੂਰ ਕੀਤਾ। ਇਸ ਤਰ੍ਹਾਂ ਮਤਨ ਦਾ ਠੁਕ ਬੰਨ੍ਹ ਕੇ ੧੯੨੬ ਵਿਚ ਇਸ ਨੂੰ ਪੁਰਾਤਨ ਜਨਮ ਸਾਖੀ ਦੇ ਨਾਂ ਹੇਠਾਂ ਪ੍ਰਕਾਸ਼ਿਤ ਕੀਤਾ। ਸ਼ਬਦਾਵਲੀ ਇਕ ਸੁਰ ਕੀਤੀ। ਪੁਰਾਣੇ ਰਿਵਾਜ ਅਨੁਸਾਰ ਗੁਰਮੁਖੀ ਲਿਪੀ ਵਿਚ ਵਾਕਾਂ ਨੂੰ ਹੀ ਇਕ ਜੁਟ ਸਮਝਿਆ ਜਾਂਦਾ ਸੀ। ਭਾਈ ਸਾਹਿਬ ਨੇ ਵਿਸਰਾਮ ਚਿੰਨ੍ਹ ਲਾਏ। ਲਿਖਤ ਵਿਚਲੀ ਗੁਰੂ ਨਾਨਕ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚਲੀ ਨਾਨਕ ਬਾਣੀ ਨਾਲ ਮੇਲ ਕੇ ਸ਼ੁਧ ਕੀਤਾ। ਟਿਪਣੀਆਂ ਲਿਖੀਆਂ ਅਤੇ ਪਦ-ਟੂਕਾਂ ਵੀ ਦਿਤੀਆਂ। ਉਸ ਨੇ ਜਨਮ ਸਾਖੀ ਲਿਖਣ ਸਮੇਂ ਦੇ ਭਾਸ਼ਾਈ ਅਧਿਐਨ ਦੁਆਰਾ ਮਤਨ ਨਿਸ਼ਚਿਤ ਕੀਤਾ। ਸਮੇਂ ਦੇ ਅੰਤਰ ਵਲ ਧਿਆਨ ਦੁਆ ਕੇ ਹੱਥ ਲਿਖਤਾਂ ਤਿਆਰ ਕਰਨ ਵਾਲਿਆਂ ਦੀਆਂ ਭੁਲਾਂ ਦਸੀਆਂ ਅਤੇ ਗੁਰੂ ਨਾਨਕ ਦੇਵ ਜੀ ਦੀ ਕਚੀ ਬਾਣੀ ਦਾ ਨਿਪਟਾਰਾ ਵੀ ਕੀਤਾ ਪ੍ਰੰਤੂ ਭਾਈ ਵੀਰ ਸਿੰਘ ਜੀਵਨ ਭਰ ਇਸ ਮੌਲਕ ਹੱਥ ਲਿਖਤ ਦੀ ਖੋਜ ਕਰਦੇ ਰਹੇ, ਜਿਸਦੇ ਆਧਾਰ ਤੇ ਚਾਲੂ ਉਤਾਰੇ ਕੀਤੇ ਗਏ ਸਨ। ਹਾਲੇ ਤਕ ਉਸਦੀ ਖੋਜ ਤੋਂ ਅਗੇਰੇ ਕੁਝ ਨਹੀਂ ਪ੍ਰਾਪਤ ਹੋ ਸਕਿਆ ਤੇ ਨਾ ਹੀ ਉਸ ਦੀ ਖੋਜ ਤੋਂ ਵਧੇਰੇ ਖੋਜ ਹੋ ਸਕੀ ਹੈ।

ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਪੁਰਾਤਨ ਜਨਮ ਸਾਖੀ ਗੁਰੂ ਨਾਨਕ ਦੇਵ ਦੀ ਜੀਵਨੀ ਬਾਰੇ ਵੱਡ-ਮੁੱਲਾ ਆਦਿ ਸਰੋਤ ਹੈ।

ਏਸੇ ਢੰਗ ਨਾਲ, ਤੁਲਨਾਤਮਕ ਢੰਗ ਨਾਲ ਜਿਹੜੀ ਇਕ ਹੋਰ ਪੁਸਤਕ ਭਾਈ ਵੀਰ ਸਿੰਘ ਨੇ ਚੁਣੀ, ਉਹ ਸੀ ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਹੜੀ ਕਿ ਆਮ ਲੋਕਾਂ ਵਿਚ ਸੂਰਜ ਪ੍ਰਕਾਸ਼ ਦੇ ਨਾਂ ਨਾਲ ਪ੍ਰਸਿਧ ਹੈ। ਇਹ ਵਡੇ ਆਕਾਰ ਦੀ ਪੁਸਤਕ ਹੈ, ਜਿਸ ਵਿਚ ਨਾਨਕ ਪ੍ਰਕਾਸ਼ ਸੰਮਲਿਤ ਹੈ ਅਤੇ ਜਿਸ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਦਰਜ ਹਨ। ਇਹ ਗ੍ਰੰਥ ਗੁਰਮੁਖੀ ਲਿਪੀ ਵਿਚ ਲਿਖਿਆ ਹੈ, ਪ੍ਰੰਤੂ ਇਸ ਦੀ ਬੋਲੀ ਸੰਸਕ੍ਰਿਤ ਮਿਸ਼੍ਰਿਤ ਬ੍ਰਿਜ ਭਾਸ਼ਾ ਹੈ। ਕਵੀ ਨੇ ਪੰਜਾਬ ਦੀਆਂ ਉਪ-ਬੋਲੀਆਂ, ਲਹਿੰਦੀ, ਮਾਝੀ, ਪੰਠੋਹਾਰੀ ਅਤੇ ਪਹਾੜੀ ਤੋਂ ਛੁਟ ਫਾਰਸੀ ਤੇ ਅਰਬੀ ਦੇ ਸ਼ਬਦ ਵੀ ਵਰਤੇ ਹਨ, ਜਿਹੜੇ ਲਿਪੀ ਅੰਤਰ ਦੇ ਕਾਰਨ ਜਾਂ ਕਵੀ ਦੀ ਵਰਤੋਂ ਦੇ ਕਾਰਨ ਵਿਗੜੇ ਰੂਪ ਵਾਲੇ ਹੋ ਗਏ ਹਨ

ਅਰਥਾਤ ਆਪਣਾ ਮੂਲ ਰੂਪ ਖੋਹ ਬੈਠੇ ਹਨ। ਉਸ ਨੂੰ ਭਾਰਤ ਦੇ ਸਨਾਤਨੀ ਸਾਹਿਤ ਅਤੇ ਸਿਖ ਸਾਹਿਤ ਬਾਰੇ ਬਹੁਤ ਜਾਣਕਾਰੀ ਸੀ। ਉਸ ਦੀਆਂ ਕਵਿਤਾਵਾਂ ਵਿਚ ਭਾਰਤੀ ਮਿਥਿਹਾਸ, ਪੌਰਾਣਿਕ ਕਥਾਵਾਂ, ਭਾਰਤੀ ਦਰਸ਼ਨ ਦੇ ਅੱਡ ਅੱਡ ਭਾਗਾਂ, ਵਿਸ਼ੇਸ਼ ਕਰ ਵੇਦਾਂਤ ਅਤੇ ਯੋਗ ਬਾਰੇ ਅਨੇਕ ਇਸ਼ਾਰੇ ਮਿਲਦੇ ਹਨ। ਏਸੇ ਤਰ੍ਹਾਂ ਪੰਜਾਬ ਦੇ ਜੀਵ ਜੰਤੂਆਂ, ਫੱਲਾਂ, ਬੂਟਿਆਂ, ਪੰਛੀਆਂ, ਢੋਰ ਡੰਗਰਾਂ, ਘੋੜਿਆਂ, ਹਾਥੀਆਂ, ਲੜਾਈ ਦੇ ਸ਼ਸਤਰਾਂ ਅਤੇ ਜੰਗੀ ਦਾਓ ਪੇਚਾਂ ਬਾਰੇ ਉਸ ਦੀ ਵਾਕਫੀ ਮਹਾਂ ਕੋਸ਼ੀ ਦੀ ਪੱਧਰ ਸੀ। ਉਸ ਆਪਣੀ ਸ਼ਬਦਾਵਲੀ ਮਨੁਖੀ ਕਰਮ ਤੇ ਚਿੰਤਨ ਦੇ ਅੱਡ ਅੱਡ ਖੇਤਰਾਂ ਚੋਂ ਲੀਤੇ। ਵਾਧਾ ਇਹ ਹੈ ਕਿ ਉਸ ਦੀ ਕਵਿਤਾ ਵਿਚ ਅਰੁਕ ਵਹਿਣ ਹੈ, ਉਸਦੀ ਬਿੰਬਾਵਲੀ ਵਿਸ਼ਾਲ ਤੇ ਵੰਨ ਸੁਵੰਨੀ ਹੈ ਅਤੇ ਸ਼ਾਬਦਿਕ ਤੜਕ ਮੜਕ ਤੇ ਜੜਤ ਹੈਰਾਨ ਕਰਨ ਵਾਲੀ ਹੈ। ਲੈਅਬੱਧਤਾ ਤੇ ਲਗਾਂ ਮਾਤਰਾ ਦੀ ਵਰਤੋਂ ਅਦੁੱਤੀ ਹੈ। ਪੰਜਾਬੀ ਚਿੰਤਨ ਨੇ ਪਹਿਲੇ ਕਦੇ ਵੀ ਆਪਣੇ ਆਪ ਨੂੰ ਇਨੇ ਵਿਸ਼ਾਲ ਪੱਧਰ ਤੇ ਨਹੀਂ ਸੀ ਫੈਲਾਇਆ ਅਤੇ ਨਾ ਹੀ ਇਸ ਦਾ ਚਿੱਤਰਪਟ ਕਦੇ ਇੰਨਾ ਮਨਮੋਹਣਾ ਬਣਿਆ ਸੀ। ਇਨ੍ਹਾਂ ਸਾਰੇ ਕਾਰਨਾਂ ਕਰ ਕੇ ਇਹ ਜਨਸਾਧਾਰਨ ਦੀ ਪਹੁੰਚ ਤੋਂ ਪਰੇ ਸੀ। ਲੋਕਾਂ ਨੂੰ ਵਰ੍ਹਿਆਂ ਬਧੀ ਵਿਦਵਾਨਾਂ ਕੋਲ ਜਾਣਾ ਪੈਂਦਾ ਸੀ, ਇਨ੍ਹਾਂ ਨੂੰ ਸਮਝਣ ਲਈ ਸੂਰਜ ਪ੍ਰਕਾਸ਼ ਦੀ ਵਿਆਖਿਆ ਕਰਨਾ ਕਿਸੇ ਮਹਾਂ ਗਿਆਨੀ ਦਾ ਹੀ ਕੰਮ ਸੀ।

ਭਾਈ ਵੀਰ ਸਿੰਘ ਨੇ ਇਸ ਕੰਮ ਨੂੰ ਇਸ ਲਈ ਅਰੰਭਿਆ ਕਿਉਂਕਿ ਉਸਨੇ ਇਕ ਜਟਿਲ ਸਮਸਿਆ ਨੂੰ ਹਲ ਕਰਨ ਦੀ ਚਣੌਤੀ ਨੂੰ ਕਬੂਲ ਕੀਤਾ ਸੀ। ਸੂਰਜ ਪ੍ਰਕਾਸ਼ ਸਿਖ ਮਤਿ ਤੇ ਸਿਖ ਇਤਿਹਾਸ ਬਾਰੇ ਵਾਕਫੀ ਦਾ ਅਥਾਹ ਭੰਡਾਰ ਸੀ ਅਤੇ ਇਹ ਭੰਡਾਰ ਅਖੁੱਟ ਸੀ। ਇਸ ਦੇ ਕਾਵਿ ਨੇ ਉਸ ਨੂੰ ਵਧੇਰੇ ਟੁੰਬਿਆ ਹੋਵੇਗਾ। ਇਸ ਵਿਚਲੇ ਇਤਿਹਾਸਕ ਬਿਰਤਾਂਤ ਉਸ ਦੀਆਂ ਆਪ ਦੀਆਂ ਰਚਨਾਵਾਂ ਦਾ ਕੱਚਾ ਮਸਾਲਾ ਸਨ।

ਸੂਰਜ ਪ੍ਰਕਾਸ਼ ਉਸ ਦੇ ਖ਼ਾਨਦਾਨ ਦੀ ਰੁਚੀ ਦਾ ਵਿਸ਼ੇਸ਼ ਕੇਂਦਰ ਸੀ ਅਤੇ ਉਸ ਦੇ ਪਿਤਾ ਡਾਕਟਰ ਚਰਨ ਸਿੰਘ ਦੇ ਇਸ ਰਚਨਾ ਬਾਰੇ ਗਿਆਨ ਨੂੰ ਪ੍ਰਮਾਣੀਕ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਇਸ ਗ੍ਰੰਥ ਨਾਲ ਉਸ ਦੀ ਵਾਕਫ਼ੀ ਬਹੁਤ ਪਹਿਲਾਂ ਤੋਂ ਸੀ ਅਤੇ ਜਿਉਂ ਜਿਉਂ ਉਸ ਇਸ ਰਚਨਾ ਦਾ ਦੀਰਘ ਅਧਿਐਨ ਕੀਤਾ ਉਸ ਦੀ ਦਿਲਚਸਪੀ ਵਧ ਗਈ।

੧੯੨੬ ਵਿਚ ਉਸ ਸਮੁੱਚੇ ਗ੍ਰੰਥ ਨੂੰ ਸੰਪਾਦਿਤ ਕਰਨ ਦਾ ਕੰਮ ਅਰੰਭ ਦਿਤਾ। ਨੌਂ ਸਾਲ ਤਕ ਉਹ ਇਸ ਮਹਾਨ ਘਾਲਨਾ ਵਿਚ ਜੁਟਿਆ ਰਿਹਾ। ਇਹ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਲਈ ਉਸ ਕੋਲ ਲੋੜੀਂਦਾ ਗਿਆਨ ਤੇ ਭਾਸ਼ਾਈ ਯੋਗਤਾ ਸੀ ਪ੍ਰੰਤੂ ਕਾਰਜ ਨੂੰ ਸਿਰੇ ਚਾੜ੍ਹਨ ਲਈ ਲਗਾਤਾਰ ਮਿਹਨਤ ਤੇ ਸਿਆਣੀ ਵਿਉਂਤ-ਬੰਦੀ ਦੀ

ਲੋੜ ਸੀ। ਰਚਨਾ ਦੇ ਖਰੜੇ ਦਾ ਸੰਪਾਦਨ ਕਰਨ ਦਾ ਕੰਮ ਸੰਸਕ੍ਰਿਤ ਮਈ ਸ਼ਬਦਾਵਲੀ ਦੇ ਕਾਰਨ ਔਖਾ ਸੀ ਕਿਉਂ ਕਿ ਖਰੜੇ ਨੂੰ ਘੋਖਿਆ ਜਾਣਾ ਸੀ ਤੇ ਕਾਵਿ-ਕਲਪਨਾ ਨੂੰ ਪੁਣਛਾਣ ਕਰਕੇ ਤੱਥਾ ਨੂੰ ਕਾਵਿ ਕਲਪਨਾ ਤੇ ਮਿਥਹਾਸਕ ਗੱਲਾਂ ਤੋਂ ਅੱਡਰਾ ਕਰਨਾ ਸੀ। ੧੮੪੩ ਵਿਚ ਰਚਨਾ ਦੇ ਸੰਪੂਰਨ ਹੋ ਜਾਣ ਉਪਰੰਤ ਜਿੰਨੀਆਂ ਵੀ ਹੱਥ ਲਿਖਤਾਂ ਤਿਆਰ ਕੀਤੀਆਂ ਗਈਆਂ ਸਨ ਉਨ੍ਹਾਂ ਸਭਨਾਂ ਚੋਂ ਸਾਰਿਆਂ ਤੋਂ ਪੁਰਾਣੀ ਹੱਥ ਲਿਖਤ ੧੮੬੨ ਵਿਚ ਤਿਆਰ ਕੀਤੀ ਹੋਈ ਮਿਲੀ ਪਰ ਪਿਛੋਂ ਜਾ ਕੇ ਇਸ ਤੋਂ ਵੀ ਪੁਰਾਣੀ ਹੱਥ ਲਿਖਤ ਮਿਲ ਗਈ ਅਤੇ ਇਸ ਦਾ ਖਰੜਾ ੧੮੬੨ ਦੀ ਲਿਖੀ ਹੱਥ ਲਿਖਤ ਤੋਂ ਸੱਤ ਵਰ੍ਹੇ ਪਹਿਲਾਂ ਦਾ ਸੀ। "ਹੁਣ ਇਹ ਪ੍ਰਬੰਧ ਕੀਤਾ ਗਿਆ ਕਿ ਇਕ ਸੱਜਣ ਪਾਠ ਕਰੀ ਜਾਏ ਬਾਕੀ ਨੁਸਖਿਆਂ ਤੋਂ ਬਾਕੀ ਸੱਜਣ ਸੁਣੀ ਜਾਣ। ਇਸ ਤਰ੍ਹਾਂ ਸਾਰੇ ਨੁਸਖਿਆਂ ਦੇ ਪਾਠਾਂ ਦਾ ਮੁਕਾਬਲਾ ਹੁੰਦਾ ਜਾਏ ਤੇ ਪਾਠਾਂਤਰ ਭੇਦ ਹੇਠਾਂ ਨਿਸ਼ਾਨ ਲਾਏ ਜਾਣ। ਐਉਂ ਨਵੇਂ ਛੱਪਣ ਵਾਲੇ ਨੁਸਖੇ ਲਈ ਇਕ ਨੁਸਖਾ ਸੋਧਿਆ ਗਿਆ ਤੇ ਜਿਥੇ ਇਕ ਤੋਂ ਵਧੀਕ ਪਾਠ ਸਨ ਉਨ੍ਹਾਂ ਦੇ ਹੇਠਾਂ ਅੰਤਰ ਭੇਦ ਲਗਾਏ ਗਏ ਤੇ ਜੋ ਪਾਠ ਮੂਲੋਂ ਅਸ਼ੁੱਧ ਹਨ, ਉਨ੍ਹਾਂ ਦੇ ਸੁਧ ਪਾਠ ਜੋ ਹੋ ਸਕਦੇ ਹਨ, ਸੋ ਬੀ ਹੇਠਾਂ ਹੀ ਦਸੇ ਗਏ।[1]

ਹੁਣ ਭਾਈ ਵੀਰ ਸਿੰਘ ਨੇ ਖਰੜੇ ਦੀ ਵਿਆਖਿਆ ਦਾ ਕੰਮ ਅਰੰਭ ਦਿਤਾ। ਸੰਤੋਖ ਸਿੰਘ ਦੁਆਰਾ ਵਰਤੀ ਬ੍ਰਿਜ ਭਾਸ਼ਾ ਜਿਸ ਵਿਚ ਤਦਭਵ ਸੰਸਕ੍ਰਿਤ ਦਾ ਮਿਸ਼ਰਣ ਸੀ, ਦੀ ਸ਼ਬਦਾਵਲੀ ਦੇ ਔਖੇ ਸ਼ਬਦਾਂ ਨੂੰ ਸਰਲ ਭਾਸ਼ਾ ਵਿਚ ਕੀਤਾ ਗਿਆ, ਮਿਥਹਾਸਕ ਅਤੇ ਸਨਾਤਨੀ ਹਵਾਲਿਆਂ ਨੂੰ ਸਪਸ਼ਟ ਕੀਤਾ, ਦਾਰਸ਼ਨਿਕ ਮਸਲੇ ਸੁਲਝਾਏ ਅਤੇ ਕਵੀ ਦੀ ਸ਼ੈਲੀ ਦੇ ਸਾਹਿਤਕ ਅਤੇ ਭਾਸ਼ਾਈ ਅਨੁਪ੍ਰਾਸ ਦੀ ਪਰਖ ਕੀਤੀ, ਇਤਿਹਾਸਕ ਅਤੇ ਭੂਗੋਲਿਕ ਵਿਰੋਧਾਂ ਨੂੰ ਦੂਰ ਕੀਤਾ ਅਤੇ ਉਸ ਪਖਪਾਤ ਦਾ ਨਿਪਟਾਰਾ ਕੀਤਾ ਜਿਹੜਾ ਕਿ ਇਸ ਢੰਗ ਦੀ ਕਾਵਿ ਰਚਨਾ ਵਿਚ ਸਹਿਜ ਸੁਭਾ ਜਾਂ ਜਾਣ ਬੁਝ ਕੇ ਘਸੋੜਿਆ ਜਾਂਦਾ ਹੈ। ਭਾਈ ਵੀਰ ਸਿੰਘ ਨੇ ਆਪਣੇ ਡੂੰਘੇ ਗਿਆਨ ਅਤੇ ਸਿਆਣੀ ਸੂਝ ਬੂਝ ਨਾਲ ਇਸ ਕੰਮ ਨੂੰ ਸਿਰੇ ਚਾੜ੍ਹਿਆ। ਕੇਵਲ ਇਤਿਹਾਸਕ ਤੱਥਾਂ ਦੇ ਨਿਪਟਾਰੇ ਲਈ ਭਾਈ ਵੀਰ ਸਿੰਘ ਨੇ ਸੰਤੋਖ ਸਿੰਘ ਦੁਆਰਾ ਵਰਤੀਆਂ ਮੂਲ ਇਤਿਹਾਸਕ ਰਚਨਾ ਦਾ ਦੋਬਾਰਾ ਪਾਠ ਕੀਤਾ ਅਤੇ ਗੁਰ-ਸਿਖ ਲੇਖਕਾਂ ਦੀਆਂ ਪਿਛੋਂ ਲਿਖੀਆਂ ਉਨ੍ਹਾਂ ਰਚਨਾਵਾਂ ਨੂੰ ਵੀ ਵਾਚਿਆ ਜਿਨ੍ਹਾਂ ਨਾਵਾਂ ਦਾ ਸੰਤੋਖ ਸਿੰਘ ਨੇ ਉਪਯੋਗ ਨਹੀਂ ਸੀ ਕੀਤਾ ਜਾਂ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਪਤਾ ਨਹੀਂ ਸੀ।

ਜਨਮ ਸਾਖੀਆਂ, ਭਾਈ ਗੁਰਦਾਸ ਲਿਖਤ ਰਚਨਾਵਾਂ ਗੁਰ-ਬਿਲਾਸ ਪਾਤਸ਼ਾਹੀ ਛੇਵੀਂ ਭਾਈ ਮਨੀ ਸਿੰਘ ਦੀਆਂ ਰਚਨਾਵਾਂ ਗੁਰੂ ਸੋਭਾ ਰਚਿਤ ਸੈਨਾ ਪਤ, ਗੁਰੂ

1. ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਗੁਰੂ ਪ੍ਰਤਾਪ ਸੂਰਜ ਗ੍ਰੰਥ, ਖਾਲਸਾ ਸਮਾਚਾਰ, ੧੯੫੪ ਸੈਂਚੀ ੧, ਪੰਨਾ ੧੧

ਬਿਲਾਸ ਦਸਵੀਂ ਪਾਤਸ਼ਾਹੀ ਰਚਿਤ ਸੁਖਾ ਸਿੰਘ ਪ੍ਰਚੀਆਂ ਲਿਖਤ ਸੇਵਾ ਦਾਸ, ਸਰੂਪ ਦਾਸ ਲਿਖਤ ਗਿਆਨੀ ਗਿਆਨ ਸਿੰਘ ਤੇ ਰਾਮ ਦਾਸ ਵਾਲੀਆਂ ਸਾਖੀਆਂ ਰਚਿਤ ਗਿਆਨੀ ਗਿਆਨ ਸਿੰਘ ਤੇ ਫਾਰਸੀ ਦੀਆਂ ਮੁਸਤਨਦ ਪੁਸਤਕਾਂ ਜਿਵੇਂ ਕਿ ਤੁਜ਼ਕੇ ਬਾਬਰੀ, ਅਰਦਸਤਾਨੀ ਦੀ ਲਿਖਤ ਦਬਿਸਤਾਨੇ ਮਜ਼ਾਹਬ, ਸੁਜਾਨ ਰਾਏ ਭੰਡਾਰੀ ਦੀ ਰਚਨਾ ਖ਼ਲਾਸਤ ਉਲ ਤਵਾਰੀਖ,ਕਾਫ਼ੀਆਂ ਰਚਿਤ ਮੁਨਤਖਬਉਲ ਲੁਬਾਬ,ਗੁਲਾਮ ਹੁਸੈਨ ਖਾਂ ਦੀ ਰਚਨਾ ਸੈਰਉਲ ਮੁਤਾਖਰੀਨ, ਗੁਲਾਮ ਮੁਹੀਉਂਦੀਨ ਦੀ ਤਵਾਰੀਖੇ ਪੰਜਾਬ ਆਦਿ ਪੁਸਤਕਾਂ ਭਾਈ ਵੀਰ ਸਿੰਘ ਨੇ ਬੜੀ ਮਿਹਨਤ ਨਾਲ ਪੜ੍ਹੀਆਂ। ਸੰਤੋਖ ਸਿੰਘ ਦੇ ਇਤਿਹਾਸਕ ਦ੍ਰਿਸ਼ਟੀਕੋਣ ਉਤੇ ਚਾਨਣ ਪਾਉਣ ਲਈ ਜਾਂ ਇਸ ਵਿਚ ਸਾਵਾਂਪਣ ਲਿਆਉਣ ਲਈ ਭਾਈ ਵੀਰ ਸਿੰਘ ਨੇ ਉਪਰੋਕਿਤ ਪੁਸਤਕਾਂ ਦੇ ਹਵਾਲੇ ਦਿਤੇ।

ਭਾਈ ਵੀਰ ਸਿੰਘ ਦੀ ਸੰਪਾਦਕ ਵਜੋਂ ਇਕ ਜਿੰਮੇਵਾਰੀ ਜੋ ਉਸ ਆਪਣੇ ਜਿੰਮੇ ਲੀਤੀ ਉਹ ਇਹ ਦੇਖਣਾ ਚਾਹੁੰਦਾ ਸੀ ਕਿ ਸੰਤੋਖ ਸਿੰਘ ਨੇ ਸਿਖ ਮਤਿ ਦੀ ਜਿਹੜੀ ਵਿਆਖਿਆ ਕੀਤੀ ਸੀ ਉਹ ਸਿੰਘ ਸਭਾ ਦੇ ਆਦਰਸ਼ਾਂ ਨਾਲ ਕਿੰਜ ਟਕਰਾ-ਉਂਦੀ ਸੀ ਜਾਂ ਕਿਸ ਪਰਕਾਰ ਉਨ੍ਹਾਂ ਆਦਰਸ਼ਾਂ ਦੇ ਅਨੁਕੂਲ ਸੀ। ਉਸ ਦਾ ਵਿਚਾਰ ਇਹ ਸੀ ਕਿ ਬ੍ਰਾਹਮਣ ਵਾਦੀ ਪੱਖਪਾਤ ਨੇ ਸਿੱਖ ਇਤਿਹਾਸ ਦੇ ਅਧਿਐਨ ਨੂੰ ਧੁੰਦਲਾ ਕਰ ਦਿਤਾ ਸੀ। ਭਾਈ ਸੰਤੋਖ ਸਿੰਘ ਦਾ ਜੀਵਨ ਬਿਰਤਾਂਤ ਬਿਆਨਦਿਆਂ ਉਸ ਵਿਸਥਾਰ ਪੂਰਨ ਦਸਿਆ ਕਿ ਕੈਥਲ ਵਿਖੇ, ਜਿਥੇ ਸਿਖ ਰਜਵਾੜੇ ਉਦੇ ਸਿੰਘ ਦੀ ਸਰਪਰਸਤੀ ਵਿਚ ਸੂਰਜ ਪ੍ਰਕਾਸ਼ ਰਚਿਆ ਗਿਆ, ਧਾਰਮਕ ਅਤੇ ਬੌਧਿਕ ਵਾਤਾਵਰਣ ਕਿਸ ਪਰਕਾਰ ਦਾ ਸੀ।

''ਕੈਥਲ ਕੁਰਛੇਤ੍ਰ ਦੀ ਧਰਮ ਛੇਤ੍ਰ ਧਰਤੀ ਦਾ ਹਿੱਸਾ ਹੈ ਇਥੇ ਸਨਾਤਨ ਸਮੇਂ ਤੋਂ ਵਸੋਂ ਬ੍ਰਾਹਮਣ ਸੀ। ਮੁਗਲ ਰਾਜ ਸਮੇਂ ਇਥੇ ਉਜਾੜਾ ਹੋਇਆ। ਅਖੀਰਲੇ ਪਠਾਨ ਰਾਜ ਰੌਲੇ ਵਿਚ ਕੈਥਲ ਦੁਖੀ ਰਿਹਾ ਹੈ ਤੇ ਉਜਾੜੇ ਵੱਲ ਰੁੱਖ ਹੋ ਗਿਆ ਸੀ। ਸਿਖ ਰਾਜ ਹੁੰਦੇ ਹੀ ਬ੍ਰਾਹਮਣੀ ਬਲ ਜਾਗ ਪਿਆ। ਸਿੱਖ ਰਾਜਿਆਂ ਨੇ ਵਿਦਿਆ ਦੀ ਸਰਪ੍ਰਸਤੀ ਕੀਤੀ, ਵਸੋਂ ਟਹਿਕ ਪਈ, ਦੂਰੋਂ ਦੂਰ ਪੰਡਿਤ ਆ ਆਬਾਦ ਹੋਏ। ਸੰਸਕ੍ਰਿਤ ਵਿਦਿਆ ਦਾ ਉਹ ਜ਼ੋਰ ਹੋਇਆ ਕਿ ਲੋਕ ਇਸ ਨੂੰ ਦੂਸਰੀ ਕਾਂਸ਼ੀ ਆਖਣ ਲਗ ਪਏ। ਉਂਝ ਵੀ ਧਰਤੀ ਕੁਰਛੇਤ੍ਰ ਦੀ ਹੋਣ ਕਰਕੇ ਕਾਂਸ਼ੀ ਵਾਂਙੂ ਪੱਵਿਤ੍ਰ ਮੰਨੀ ਹੋਈ ਸੀ।

ਭਾਈ ਉਦਯ ਸਿੰਘ ਦੇ ਵੇਲੇ ਤੱਕ ਕੋਈ ਹਜ਼ਾਰ ਤੋਂ ਵਧੀਕ ਘਰ ਵਿਦਵਾਨ ਬਰਾਮਣਾਂ ਦੇ ਕੈਥਲ ਵਿਚ ਹੋ ਗਏ ਸਨ। ਇਨ੍ਹਾਂ ਵਿਚੋਂ ਦੋ ਕੁ ਸੌ ਵਿਦਵਾਨ ਐਸੇ ਗਿਣੇ ਹੋਏ ਸਨ ਕਿ ਜੋ ਸ਼ਾਸਤ੍ਰਾਂ ਦੇ ਗਯਾਤਾ ਤੇ ਵੇਦਾਂ ਦੇ ਪੰਡਤ ਮੰਨੇ ਜਾਂਦੇ ਸਨ। ਰਾਜਾ ਆਪ ਵਿਦਵਾਨ ਸੀ ਤੇ ਵਿਦਵਾਨਾਂ ਦਾ ਕਦਰ ਦਾਨ ਸੀ।

ਇਹ ਸਾਰਾ ਪ੍ਰਭਾਵ ਬ੍ਰਾਹਮਣੀ ਤੇ ਸੰਸਕ੍ਰਿਤ ਵਿਦਿਆ ਦਾ ਸੀ।

ਮਹਾਰਾਜ ਉਦਯ ਸਿੰਘ ਦੇ ਵੇਲੇ ਤਾਂ ਦੂਰੋਂ ਦੂਰੋਂ ਵਿਦਿਆਰਥੀ ਵਿਦਿਆ ਪਾਉਣ ਲਈ ਕੈਥਲ ਪਹੁੰਚਦੇ ਸਨ। ਚੰਗੇ ਚੰਗੇ ਪੰਡਿਤ ਏਥੇ ਚਰਚਾ ਵਾਦ ਕਰਨ ਆਉਂਦੇ ਤੇ ਰਾਜਾ ਵਲੋਂ ਦਾਨ ਸਨਮਾਨ ਪਾ ਕੇ ਜਾਂਦੇ। ਚਾਰ ਹਵੇਲੀਆਂ ਗੁ: ਪ੍ਰ: ਸੂਰਜ ਦੀ ਨਿਗਰਾਨੀ ਕਰਨ ਵਾਲੇ ਪੰਡਤਾਂ ਜੋਗ ਪ੍ਰਾਪਤ ਸਨ। ਜੋਗ ਮਤ ਦੇ ਅਚਾਰਯ ਤੇ ਸੰਨਯਾਸੀ ਸਾਧੂ ਸਨਮਾਨੇ ਜਾਂਦੇ ਸਨ। ਕਾਂਸੀ ਤੋਂ ਪੰਡਤ ਸ਼ਿਵ ਸਹਾਏ ਨਾਮੇ ਵਿਦਯ ਦਾ ਧੁਰੀਧਰ ਏਥੇ ਆਦਰ ਪਾ ਕੇ ਆ ਵਸਿਆ ਸੀ। ਹੋਰ ਕਵੀ ਤੇ ਵਿਦਵਾਨ ਵੀ ਬਹੁਤ ਸਨ। ਦਰਜਨ ਤੋਂ ਵਧੀਕ ਹਿੰਦੂ ਮੰਦਰ ਉਸ ਵੇਲੇ ਗਹਿਮਾਂ-ਗਹਿਮੀ ਕਰਦੇ ਸਨ। ਸਿੱਖ ਵਸੋਂ ਬਹੁਤ ਘਟ ਸੀ। ਰਾਜਾ, ਉਸ ਦੀ ਫੌਜ ਤੇ ਕੁਝ ਹੋਰ ਘਰਾਣੇ ਜੋ ਆ ਕੇ ਵੱਸੇ ਸਨ ਗਿਣਤੀ ਵਿਚ ਬਹੁਤ ਨਹੀਂ ਸਨ। ਰਾਜਾ ਸਿੰਘ ਸੀ, ਪੂਜਯ ਘਰਾਣੇ ਦਾ ਸੀ। ਰਾਜਾ ਹੋ ਕੇ ਭਾਈ ਸਾਹਿਬ ਅਖਵਾਉਂਣਾ ਪਸੰਦ ਕਰਦਾ ਸੀ। ਸਿੱਖੀ ਵਿਚ ਸਿਆਣਾ ਪਰ ਵਿਦਿਆ ਦੇ ਪ੍ਰਭਾਵ ਹੇਠ ਉਹ ਬੀ ਝੁਕਾਉ ਉਸ ਰੁਖ ਦਾ ਰਖਦਾ ਸੀ। ਜਿਸ ਰੁਖ ਦੀ ਵਿਦਿਯਾ ਕਿ ਉੱਥੇ ਪ੍ਰਚਾਰ ਸੀ। ਕਵੀ ਜੀ ਨੇ ਇਸ ਪ੍ਰਭਾਵ, ਵਾਯੂ ਮੰਡਲ ਵਿਚ ਬੈਠ ਕੇ ਕੰਮ ਕੀਤਾ ਹੈ। ਕੈਥਲ ਪਹੁੰਚ ਕੇ ਜਪੁੱਜੀ ਦੇ ਟੀਕਾ ਦੇ ਬਾਅਦ ਰਾਮਾਯਣ ਤੇ ਆਤਮ ਪੁਰਾਣ ਦੇ ਗ੍ਰੰਥ ਉਸੇ ਮਤਿ ਦੇ ਲਿਖੇ ਹਨ ਤੇ ਰਾਜਾ ਨੇ ਰਾਮਾਯਣ ਪੜ੍ਹੀ ਤੇ ਇਕ ਪਿਡ ਇਨਾਮ ਦਿਤਾ ਹੈ। ਇਹ ਬੀ ਸੂਚਕ ਹੈ ਉਸ ਚੁਗਿਰਦੇ ਦਾ ਕਿ ਜਿਸ ਵਿਚ ਕਵੀ ਜੀ ਨੇ ਕੰਮ ਕੀਤਾ ਹੈ।''[1]

ਇਸ ਮਸਲੇ ਬਾਰੇ ਭਾਈ ਵੀਰ ਸਿੰਘ ਬੜੇ ਭਾਵਕ ਵਿਚਾਰ ਰਖਦੇ ਸਨ ਅਤੇ ਇਹ ਸਿੰਘ ਸਭਾ ਲਹਿਰ ਨਾਲ ਉਨ੍ਹਾਂ ਦੀ ਭਾਈਵਾਲੀ ਦੀ ਉਪਜ ਸੀ। ਜਿਸ ਥਾਂ ਉਸ ਨੇ ਮਹਿਸੂਸ ਕੀਤਾ ਕਿ ਕਵੀ ਸੰਤੋਖ ਸਿੰਘ ਵੇਦਾਂਤ ਦੇ ਪ੍ਰਭਾਵ ਅਧੀਨ ਸਿਖ ਮਤਿ ਦੇ ਵਿਚਾਰਾਂ ਦੇ ਵਿਪਰੀਤ ਗਿਆ ਸੀ, ਉਥੇ ਉਸ ਨੇ ਬੜੀ ਮੇਹਨਤ ਨਾਲ ਉਸ ਵਿਚਾਰਾਂ ਬਾਰੇ ਟਿਪਣੀਆਂ ਪੇਸ਼ ਕੀਤੀਆਂ। ਗੁਰੂ ਨਾਨਕ ਸਮੇਂ ਹਿੰਦੂ ਮਰਯਾਦਾ ਨੂੰ ਅਪਣਾਏ ਜਾਣ ਬਾਰੇ ਉਸ ਵਿਆਖਿਆ ਦੇਂਦਿਆ ਆਖਿਆ, ''ਸਿਖੀ ਅਜੇ ਪ੍ਰਚਾਰ ਨਹੀਂ ਹੋਈ ਸੀ, ਸ੍ਰੀ ਕਾਲੂ ਜੀ ਖੱਤਰੀ ਹਿੰਦੂ ਸਨ। ਉਨ੍ਹਾਂ ਨੇ ਕੁਲਾਹੀਣ ਕਹਨੀ, ਬ੍ਰਾਹ-ਮਣ ਮੰਨਣਾ, ਪੱਤਰੀ ਬਨਾਉਣੀ ਕੁਦਰਤੀ ਗੱਲ ਸੀ। ਇਥੇ ਬ੍ਰਾਹਮਣ ਦੇ ਕਥਨ ਦਾ ਭਾਈ ਸਾਹਿਬ ਅਨੁਵਾਦ ਕਰ ਰਹੇ ਹਨ। ਇਨ੍ਹਾਂ ਗੱਲਾਂ ਦਾ ਗੁਰਸਿੱਖਯਾ ਨਾਲ ਕੋਈ ਸਬੰਧ ਨਹੀਂ।''[2]

ਇਸੇ ਤਰ੍ਹਾਂ ਦੀਆਂ ਟਿਪਣੀ-[illegible] ਵਿਆਖਿਆਵਾਂ ਥਾਂ ਥਾਂ ਮਿਲਦੀਆਂ ਹਨ। ਕੁਝ ਹੋਰ ਆਲੋਚਨਾਤਮਕ, [illegible] ਟਿਪਣੀਆ ਮਿਲਦੀਆ ਹਨ।

1. ਪਹਿਲੇ ਵਾਲਾ ਹਵਾਲਾ [illegible]
2. [illegible] ਸੂਰਜ [illegible], ਅੰਮ੍ਰਿਤਸਰ, ੧੯੬੧, ਸੈਂਚੀ ੨, ਪੰਨਾ ੧੫੫ [illegible]

ਅਜਿਹੀਆਂ ਸਭ ਟਿਪਣੀਆਂ ਗਿਆਨ ਭਰਪੂਰ, ਪ੍ਰਮਾਣਿਕ ਅਤੇ ਤਰਕ ਸੰਗਤ ਹਨ । ਇਨ੍ਹਾਂ ਵਿਚੋਂ ਕੁਝ ਤਾਂ ਆਪਣੇ ਆਪ ਵਿਚ ਸੰਪੂਰਨ ਹੋਣ ਦੇ ਨਾਤੇ ਚੰਗੀ ਕਿਤਾਬੜੀ ਦਾ ਰੂਪ ਧਾਰਨ ਕਰ ਸਕਦੀਆਂ ਹਨ ।

ਇਕ ਅਜਿਹੀ ਟਿਪਣੀ ਸੰਤੋਖ ਸਿੰਘ ਦੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦੇਵੀ ਪੂਜਾ ਬਾਰੇ ਹੈ । ਸਿਖ ਰਹੁ ਰੀਤ ਦੀ ਰੋਸ਼ਨੀ ਵਿਚ ੫੦[1] ਪੰਨਿਆਂ ਦੀ ਟਿਪਣੀ ਵਿਆਖਿਆ ਦਿਤੀ ਗਈ ਹੈ । ਸ਼ਾਇਦ ਇਹ ਕਿਸੇ ਸਿੱਖ ਵਿਦਵਾਨ ਦੁਆਰਾ ਪ੍ਰਸਤੁਤ ਸਾਹਿਆਂ ਤੋਂ ਲੰਮੀ ਪਦ ਟੂਕ ਹੈ ।[2]

ਇਨ੍ਹਾਂ ਟਿਪਣੀਆਂ ਦੁਆਰਾ ਸਿਖ ਇਤਿਹਾਸ ਦੇ ਕਈ ਹਨੇਰਾ ਪੱਖਾਂ ਨੂੰ ਰੁਸ਼ਨਾਇਆ ਗਿਆ ਅਤੇ ਵਾਦ ਗ੍ਰਸਤ ਕਈ ਇਕ ਮਸਲੇ ਸੁਲਝਾਏ ਗਏ ਅਤੇ ਪੰਜਾਬੀ ਵਿਦਵਾਨਾਂ ਨੂੰ ਸੁਲਝੇ ਹੋਏ ਖੋਜ ਢੰਗ ਸੁਝਾ ਕੇ ਖੋਜ ਦੇ ਨਵੇਂ ਦਰ ਖੋਲ੍ਹੇ ਗਏ ।

ਭਾਈ ਵੀਰ ਸਿੰਘ ਦੀ ਆਪਣੀ ਖੋਜ ਸੰਤੋਖ ਸਿੰਘ ਰਚਿਤ ਬਿਰਤਾਂਤ ਦੇ ਮਸਲਿਆਂ ਤਕ ਸੀਮਤ ਨਹੀਂ ਸੀ । ਉਸ ਨੇ ਗੁਰਬਾਣੀ ਦਾ ਸਿਖ ਇਤਿਹਾਸ ਦੇ ਸਰੋਤ ਵਜੋਂ ਡੂੰਘਾ ਅਧਿਐਨ ਕੀਤਾ । ਇਤਿਹਾਸ ਬਾਰੇ ਇਕ ਦਾਰਸ਼ਨਿਕ ਦ੍ਰਿਸ਼ਟੀਕੋਣ ਨਿਸ਼ਚਿਤ ਕੀਤਾ ਤੇ ਸਿਖ ਮਤਿ ਦੇ ਅਧਿਐਨ ਲਈ ਇਤਿਹਾਸ ਦੀ ਮਹੱਤਤਾ ਨੂੰ ਦਰਸਾਂਦਿਆਂ ਭਾਈ ਸੰਤੋਖ ਸਿੰਘ ਦੀ ਜੀਵਨੀ ਬਾਰੇ ਖੋਜ ਭਰੀ ਸਮਗਰੀ ਇਕੱਠੀ ਕੀਤੀ । ਨਵੇਂ ਸੂਰਜ ਪ੍ਰਕਾਸ਼ ਦੀ ਭੂਮਿਕਾ ਵਜੋਂ ਇਸ ਸਾਰੀ ਖੋਜ ਦੀ ਵਰਤੋਂ ਕੀਤੀ ਗਈ । ਏਸੇ ਸੈਂਚੀ ਵਿਚ ਉਨ੍ਹਾਂ ਲੇਖ ਦਰਜ ਕੀਤੇ ਜਿਨ੍ਹਾਂ ਵਿਚ ਕਿ ਸੰਤੋਖ ਸਿੰਘ ਦੀ ਕਾਵਿ ਸ਼ੈਲੀ ਬਿੰਬਾਵਲੀ, ਭਾਸ਼ਾ, ਛੰਦਾ ਬੰਦੀ ਕੁਦਰਤ ਚਿਤ੍ਰਣ ਰੁਤਾਂ ਆਦਿ ਬਾਰੇ ਭਰਪੂਰ ਜਾਣਕਾਰੀ ਦਿਤੀ ਗਈ ।

ਇਸ ਰਚਨਾ ਨੂੰ ੧੪ ਸੈਂਚੀਆਂ ਵਿਚ ਪ੍ਰਕਾਸ਼ਿਤ ਕਰਨਾ ਭਾਈ ਵੀਰ ਸਿੰਘ ਦੀ ਬਹੁਤ ਵੱਡੀ ਪ੍ਰਾਪਤੀ ਸੀ ਤੇ ਉਸ ਨੂੰ ਇਸ ਉਤੇ ਯੋਗ ਮਾਨ ਸੀ । ਇਹ ਗੱਲ ਸੈਂਚੀਆਂ ਦੇ ਅੰਤ ਵਿਚ ਦਿਤੇ ਮੰਗਲਾਚਰਨ ਤੋਂ ਸਿੱਧ ਹੈ । ਉਸ ਨਿਮ੍ਰਤਾ ਪੂਰਨ ਭਾਵਕ ਢੰਗ ਨਾਲ ਆਖਿਆ । "ਜਾਣੀ ਜਾਨ ਹੀ ਘਾਲਣਾ ਬਾਰੇ ਜਾਣਦਾ ਹੈ।" ਭਾਈ ਵੀਰ ਸਿੰਘ ਇਸ ਮਹਾਨ ਸਨਮਾਨਨੀ ਪ੍ਰਾਪਤੀ ਲਈ ਵਧਾਈ ਦਾ ਪਾਤਰ ਸੀ । ੧੯੩੪ ਵਿਚ ਪ੍ਰਕਾਸ਼ਿਤ ਸੂਰਜ ਪ੍ਰਕਾਸ਼ ਦਾ ਸੰਸਕਰਣ ਪੰਜਾਬੀ ਵਿਦਵਤਾ ਦਾ ਸਿਖਰ ਅਖਵਾ ਸਕਦਾ ਹੈ । ਇਸ ਮਹਾਨ ਸਾਹਿਤ ਮਈ ਇਤਿਹਾਸਕ ਰਚਨਾ ਜਿਹੜੀ ਕਾਵਿ ਰੂਪ ਵਿਚ ਅਤੇ [illegible] ਵਿਚ ਲਿਖੀ ਗਈ ਸੀ, ਸਧਾਰਣ ਪਾਠਕ ਦੀ ਪਹੁੰਚ ਵਿਚ

1. ਗੁਰੂ ਪ੍ਰਤਾਪ ਸੂਰਜ ਗ੍ਰੰਥ : ਖਾਲਸਾ ਸਮਾਚਾਰ, ਅੰਮ੍ਰਿਤਸਰ ਸੈਂਚੀ ੧੨
   ਪੰਨਾ ੪੯੬੮-੫੦੧੨+੧੨
2. ਹਰਬੰਸ ਸਿੰਘ ਦੁਆਰਾ ਸੰਪਾਦਿਤ ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ,
   ਡਾ: ਗੰਡਾ ਸਿੰਘ ਰਚਿਤ ਲੇਖ, ਪੰਨਾ ੨੫੩

ਆਣ ਜੋਗੀ ਬਣਾ ਦਿਤੀ ਗਈ। ਇਸ ਦਾ ਪੰਜਾਬੀ ਸਾਹਿਤ ਉਤੇ ਦੂਰ-ਗਾਮੀ ਪ੍ਰਭਾਵ ਪਿਆ।

ਸੂਰਜ ਪ੍ਰਕਾਸ਼ ਬਾਰੇ ਕੰਮ ਸ਼ੁਰੂ ਕਰਨ ਤੋਂ ਥੋੜੀ ਦੇਰ ਪਹਿਲਾਂ ੧੯੨੫ ਵਿਚ ਭਾਈ ਵੀਰ ਸਿੰਘ ਨੇ ਸ੍ਰੀ ਕਲਗੀਧਰ ਚਮਤਕਾਰ ਪ੍ਰਕਾਸ਼ਿਤ ਕੀਤਾ ਸੀ ਤੇ ਇਸ ਪਿਛੋਂ ੧੯੨੮ ਵਿਚ ਸ੍ਰੀ ਗੁਰੂ ਨਾਨਕ ਚਮਤਕਾਰ ਪ੍ਰਕਾਸ਼ਿਤ ਕੀਤਾ ਗਿਆ। ਇਨ੍ਹਾਂ ਰਚਨਾਵਾਂ ਦੀ ਬਹੁਤੀ ਸਾਰੀ ਸਾਮਗਰੀ ਉਹ ਕਿਤਾਬੜੀਆਂ ਸਨ ਜਿਹੜੀਆਂ ਕਿ ਲੇਖਕ ਨੇ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤਾਂ ਵਜੋਂ ਗੁਰੂ ਪੁਰਬਾਂ ਦੇ ਸਮੇਂ ਲਿਖੀਆਂ ਸਨ। ਇਹ ਕਿਤਾਬੜੀਆਂ ਸਮੇਂ ਸਮੇਂ ਖਾਲਸਾ ਟ੍ਰੈਕਟ ਸੋਸਾਇਟੀ ਵਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ ਅਤੇ ਪਿਛੋਂ ਜਾਕੇ ਇਨ੍ਹਾਂ ਨੂੰ ਦੋ ਅੱਡ ਅੱਡ ਸੈਂਚੀਆਂ ਵਿਚ ਇਕੱਤਰ ਕੀਤਾ ਗਿਆ ਸੀ। ਘਟਨਾਵਾਂ ਨੂੰ ਜੋੜਨ ਲਈ ਟਿਪਣੀਆਂ ਲਿਖੀਆਂ, ਗਈਆਂ ਅਤੇ ਖੱਪਿਆਂ ਨੂੰ ਪੂਰਨ ਲਈ ਨਵੀਆਂ ਕਹਾਣੀਆਂ ਲਿਖੀਆਂ ਗਈਆਂ। ਇਨ੍ਹਾਂ ਪੁਸਤਕਾਂ ਨੂੰ ਬੜੀ ਲੋਕ-ਪ੍ਰਿਯਤਾ ਮਿਲੀ ਅਤੇ ਜਲਦੀ ਹੀ ਇਨ੍ਹਾਂ ਦੇ ਉਤਸ਼ਾਹੀ ਸ਼ਰਧਾਲੂ ਪਾਠਕਾਂ ਦੀ ਗਿਣਤੀ ਵਧ ਗਈ। ਇਨ੍ਹਾਂ ਰਚਨਾਵਾਂ ਦੇ ਪਿਛੋਂ ਜਾ ਕੇ ਅਨੇਕ ਸੰਸਕਰਣ ਪ੍ਰਕਾਸ਼ਿਤ ਕੀਤੇ ਗਏ ਅਤੇ ਹੁਣ ਤੱਕ ਸ਼ਰਧਾਲੂ ਪਾਠਕ ਇਨ੍ਹਾਂ ਨੂੰ ਰੀਝ ਨਾਲ ਪੜ੍ਹਦੇ ਹਨ ਅਤੇ ਵਿਦਵਾਨਾਂ ਤੇ ਪ੍ਰਚਾਰਕਾਂ ਦੁਆਰਾ ਇਨ੍ਹਾਂ ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਜਾਂਦਾ ਹੈ।

ਪੰਜਾਬੀ ਸਾਹਿਤ ਵਿਚ ਗੱਦ ਅਤੇ ਜੀਵਨੀ ਸਾਹਿਤ ਦੇ ਪਿੜ ਵਿਚ ਇਨ੍ਹਾਂ ਚਮਤਕਾਰਾਂ ਦੀ ਵਿਸ਼ੇਸ਼ ਮਹਾਨਤਾ ਹੈ। ਆਪਣੀ ਭਰਪੂਰ ਸੁਹਜਮਈ ਸ਼ੈਲੀ ਦਾ ਸਦਕਾ ਇਨ੍ਹਾਂ ਨੇ ਪੰਜਾਬੀ ਵਾਰਤਕ ਸ਼ੈਲੀ ਨੂੰ ਬੜਾ ਪ੍ਰਭਾਵਤ ਕੀਤਾ ਹੈ। ਇਹ ਗੱਲ ਨਿਰਸੰਦੇਹ ਹੈ ਕਿ ਇਨ੍ਹਾਂ ਵਿਚ ਲਿਖਣ ਢੰਗ ਕਰੁਣਾਮਈ ਹੈ ਤੇ ਪਵਿਤਰਤਾ ਦਾ ਧਾਰਨੀ ਹੈ।

ਲੇਖਕ ਅਨੁਸਾਰ ਕਿਸੇ ਧਾਰਮਕ ਜਾਂ ਈਸ਼ਵਰੀ ਵਿਅਕਤੀ ਨੂੰ ਕੇਵਲ ਇਸ ਢੰਗ ਨਾਲ ਹੀ ਸਮਝਿਆ ਜਾ ਸਕਦਾ ਹੈ। ਮਿਥਿਹਾਸਕ ਅਤੇ ਲੋਕ ਕਥਾਵਾਂ ਤਥਾਤਮਕ ਹੋ ਨਿਬੜਦੀਆਂ ਹਨ। ਇਤਿਹਾਸ ਕਿਸੇ ਦੁਨਿਆਵੀ ਰਾਜੇ ਸੰਬੰਧੀ ਇਤਿਹਾਸ ਵਾਂਗ ਇਕ ਸਾਰ ਤਥਾਤਮਕ ਨਹੀਂ ਹੁੰਦਾ।

ਇਸ ਕਰਕੇ ਰੂਹਾਨੀ ਸਖ਼ਸੀਅਤਾਂ ਦੇ ਹਾਲਾਤ ਵਿਗਿਯਾਨਿਕ ਪੱਖ ਦੇ ਲੇਖਕਾਂ ਤੋਂ ਛੁੱਟ ਉਨਰੀ ਇਤਿਹਾਸ ਵਿਚ ਜ਼ਰੂਰ ਤੱਕਣੇ ਚਾਹੀਦੇ ਹਨ, ਕਿਉਂਕਿ ਇਹ ਉਨ੍ਹਾਂ ਦੀ ਦਿਲੀ ਅਸਲੀਅਤ ਨੂੰ ਖੋਹਲਦੇ ਹਨ"[1]

ਲੇਖਕ ਨੇ ਗੁਰੂ ਨਾਨਕ ਚਮਤਕਾਰ ਅਤੇ ਸ੍ਰੀ ਕਲਗੀਧਰ ਚਮਤਕਾਰ ਲਈ ਇਕੋ ਜਿਹੀ ਭੂਮਿਕਾ ਲਿਖੀ ਹੈ। ਭਾਈ ਵੀਰ ਸਿੰਘ ਇਸ ਭੂਮਿਕਾ ਵਿਚ ਲਿਖਦੇ ਹਨ।"

1. ਗੁਰ ਪ੍ਰਤਾਪ ਸੂਰਜ ਗ੍ਰੰਥ : ਖਾਲਸਾ ਸਮਾਚਾਰ ਅੰਮ੍ਰਿਤਸਰ ੧੯੫੪, ਸੈਂਚੀ ੧, ਪੰਨਾਂ ੭੧।

''ਨਿਰੇ ਸੰਮਤ, ਤ੍ਰੀਕਾਂ ਤੇ ਵਾਕਿਆਤ ਦੀਆਂ ਸੂਚੀ ਪੱਤ੍ਰਾਂ ਨਾਲ ਲੇਖਾ ਪਤਾ ਲਭਦਾ ਹੈ, ਪਰ ਜੀਵਨ ਰੁਮਕੇ ਰੌਆਂ ਨਹੀਂ ਮਾਰ ਉਠਦੇ। ਹਾਂ ਜੀਵਨ ਲਹਿਰਾ ਵਲ ਵਲੇ ਵਿਚ ਆਉਂਦਾ ਹੈ ਜੇ ਜ਼ਿੰਦਗੀਆਂ ਜੀਕੂੰ ਬਸਰ ਹੋਈਆਂ ਤਿਵੇਂ ਹੂ-ਬ-ਹੂ ਹਿਲਦੀਆਂ ਜੁਲਦੀਆਂ, ਕੰਮ ਕਰਦੀਆਂ, ਸੁਖੀ ਦੁਖੀ ਹੁੰਦੀਆਂ, ਚੜ੍ਹਦੀਆਂ ਫਿਸਲ-ਦੀਆਂ, ਉੱਠਦੀਆਂ, ਹੰਭਲੇ ਮਾਰਦੀਆਂ, ਕਾਮਯਾਬ ਹੁੰਦੀਆਂ, ਕੰਦਦੀਆਂ, ਬਰ ਬਰਾਉਂਦੀਆਂ ਅੱਖਾਂ ਅਗੇ ਆਉਣ'' ।1

ਭਾਈ ਵੀਰ ਸਿੰਘ ਇੰਨ੍ਹਾਂ ਪੁਸਤਕਾਂ ਬਾਰੇ ਲਿਖਦੇ ਹਨ ''ਇਹ ਪੁਸਤਕਾਂ ਨਿਰਾ ਇਤਿਹਾਸ ਨਹੀਂ ਹਨ, ਬਲਕਿ ਗੁਰੂ ਗ੍ਰੰਥ ਅਤੇ ਦਸਾਂ ਗੁਰੂਆਂ ਦੀਆਂ ਸਿਖਿਆਵਾਂ ਦੀ ਇਤਿਹਾਸ ਦੀ ਬੋਲੀ ਵਿਚ ਵਿਆਖਿਆਵਾਂ ਹਨ।''

ਇਸ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਚਮਤਕਾਰਾਂ ਦੀਆਂ ਸੈਂਚੀਆਂ ਲਿਖੀਆਂ ਗਈਆਂ ਸਨ। ਇਸੇ ਹੀ ਉਦੇਸ਼ ਨਾਲ ਅਤੇ ਇਸੇ ਹੀ ਸ਼ੈਲੀ ਵਿਚ ਭਾਈ ਵੀਰ ਸਿੰਘ ਬਾਕੀ ਦੇ ਅੱਠ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਲਿਖਕੇ ਸੰਚੀਆਂ ਪੂਰੀਆਂ ਕਰਨਾ ਚਾਹੁੰਦਾ ਸੀ।

ਪਰੰਤੂ ਆਪਣੇ ਜੀਵਨ ਕਾਲ ਵਿਚ ਉਹ ਚਾਰ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਲਿਖ ਸਕਿਆ ੧੯੫੨ ਵਿਚ ਉਸਨੇ ਇਨ੍ਹਾਂ ਵਿਚੋਂ ਤਿੰਨਾਂ ਨੂੰ ਸ੍ਰੀ ਅਸ਼ਟ ਗੁਰੂ ਚਮਤਕਾਰ ਦੇ ਨਾਂ ਹੇਠਾਂ ਪ੍ਰਕਾਸ਼ਤ ਕੀਤਾ। ਗੁਰੂ ਅਰਜਨ ਦੇਵ ਦਾ ਜੀਵਨ ਬ੍ਰਿਤਾਂਤ ਉਸਦੇ ਸਵਰਗਵਾਸ ਹੋਣ ਉਪਰੰਤ ਛਪਿਆ ਅਤੇ ਉਸਦੇ ਭਰਾ ਡਾਕਟਰ ਬਲਬੀਰ ਸਿੰਘ ਨੇ ਇਕ ਵਿਦਵਿਤਾ ਭਰੀ ਭੂਮਿਕਾ ਵਿਚ ਭਾਈ ਵੀਰ ਸਿੰਘ ਦੀ ਸਿਰਜਨਾਤਮਕ ਦੂਰ ਦ੍ਰਿਸ਼ਟੀ ਦਾ ਮੁਲਅੰਕਨ ਕੀਤਾ ਅਤੇ ਇਸ ਦੇ ਸਰੋਤ ਵੀ ਦਸੇ। ਇਸੇ ਵਿਉਂਤੀ ਦੀ ਹੱਦਬੰਦੀ ਵਿਚ, ਗੁਰੂ ਸਾਖੀਆਂ, ਛੋਟੀ ਉਮਰ ਦੇ ਪਾਠਕਾਂ ਲਈ ਲਿਖੀਆਂ ਗਈਆਂ। ਇਨ੍ਹਾਂ ਦੀ ਪਹਿਲੀ ਸੈਂਚੀ ਗੁਰੂ ਬਾਲਮ ਸਾਖੀਆਂ ਦੇ ਨਾਂ ਹੇਠਾਂ ੧੯੫੫ ਵਿਚ ਪ੍ਰਕਾਸ਼ਿਤ ਕੀਤੀ ਗਈ।

ਜਿਉਂ ਹੀ ਸੂਰਜ ਪ੍ਰਕਾਸ਼ ਦੇ ਕੰਮ ਸਿਰੇ ਚੜ੍ਹਿਆ, ਭਾਈ ਵੀਰ ਸਿੰਘ ਨੇ ਇਕ ਵਧੇਰੇ ਕਠਨ ਅਤੇ ਵਧੇਰੇ ਵਿਸ਼ਾਲ ਵਿਉਂਤ ਬਣਾਈ। ਇਹ ਵਿਉਂਤ ਗੁਰੂ ਗ੍ਰੰਥ ਦਾ ਵਿਸਥਾਰ ਪੂਰਨ ਟੀਕਾ ਤਿਆਰ ਕਰਨਾ ਸੀ। ਇਕ ਢੰਗ ਨਾਲ ਇਹੋ ਇਨ੍ਹਾਂ ਦੀ ਜੀਵਨ ਭਰ ਦੀ ਘਾਲਨਾ ਸੀ। ਆਪਣੇ ਸਾਹਿਤਕ ਜੀਵਨ ਦਾ ਮੁੱਢ ਵਿਚ ਉਸ ਨੇ ਚੋਣਵੀਂ ਗੁਰੂ ਗ੍ਰੰਥ ਬਾਣੀ ਦਾ ਟੀਕਾ ੧੯੦੬ ਵਿਚ ਪੰਜ ਗਰੰਥੀ ਸਟੀਕ ਦੇ ਨਾਂ ਹੇਠਾਂ ਪ੍ਰਕਾਸ਼ਿਤ ਕੀਤਾ ਸੀ। ਉਸਨੇ ਆਪਣੇ ਨਾਨਾ ਜੀ ਵਲੋਂ ਤਿਆਰ ਕੀਤੇ ਗੁਰੂ ਗ੍ਰੰਥ ਕੋਸ਼ ਨੂੰ ਸੋਧ ਕੇ ਵਿਸਤਰਿਤ ਰੂਪ ਦੇ ਕੇ ੧੯੨੭ ਵਿਚ ਪ੍ਰਕਾਸ਼ਿਤ ਕੀਤਾ ਸੀ। ਉਸ ਦੇ ਸਾਰੇ ਸਾਹਿਤਕ ਜੀਵਨ ਦੀ ਕਮਾਈ ਤੇ ਪ੍ਰਯੋਜਨ ਇਹ ਸੀ ਕਿ ਗੁਰੂ ਗ੍ਰੰਥ ਦੇ ਸੰਦੇਸ਼ ਨੂੰ ਪ੍ਰਚਾਰਿਆ

1. ਸ੍ਰੀ ਕਲਗੀਧਰ ਚਮਤਕਾਰ : ਖਾਲਸਾ ਸਮਾਚਾਰ ਅੰਮ੍ਰਿਤਸਰ ੧੯੬੩, ਸੈਂਚੀ ਪਹਿਲੀ ਦੀ ਭੂਮਿਕਾ।

ਜਾਏ ਅਤੇ ਉਸ ਇਸ ਬਾਰੇ ਖੁਲ੍ਹੇ ਆਮ ਆਖਿਆ ਕਿ ਉਸਦੀਆਂ ਸਾਰੀਆਂ ਸਹਿਤਕ ਰਚਨਾਵਾਂ ਕੇਵਲ ਗੁਰੂ ਬਾਣੀ ਦੀਆਂ ਵਿਆਖਿਆ ਹੀ ਸਨ । ਇਸ ਲਈ ਜਦੋਂ ਉਸ ਨੇ ਸੰਪੂਰਨ ਗੁਰੂ ਗਰੰਥ ਸਾਹਿਬ ਦਾ ਟੀਕਾ ਕਰਨ ਦਾ ਬੀੜਾ ਤਾਂ ਅਜਿਹਾ ਕਰਨ ਲਈ ਉਸਦੀਆਂ ਆਤਮਕ ਰੁਚੀਆਂ ਜਾਂ ਵਿਦਿਅਕ ਯੋਗਤਾ ਕਿੰਤੂ ਮੁਕਤ ਸੀ । ਕਈ ਸਾਲਾਂ ਤਕ ਉਹ ਇਸ ਕੰਮ ਵਿਚ ਜੁਟਿਆ ਰਿਹਾ ਅਤੇ ਇਹ ਅਜਿਹਾ ਕੰਮ ਸੀ ਜਿਹੜਾ ਕਿ ਉਨ੍ਹਾਂ ਸਾਰੇ ਕੰਮਾਂ ਤੋਂ ਵਡੇਰਾ ਸੀ ਜਿਹੜੇ ਕੰਮ ਉਸ ਹਾਲੇ ਤਕ ਛੋਹੇ ਸਨ । ਪ੍ਰੰਤੂ ਇਹ ਖੇਦ ਦੀ ਗੱਲ ਹੈ ਕਿ ਵਿਆਖਿਆ ਮਈ ਅਨੁਵਾਦ ਦਾ ਇਹ ਕੰਮ ਉਸਦੇ ਜੀਵਨ ਕਾਲ ਵਿਚ ਸੰਪੂਰਨ ਨਾ ਹੋ ਸਕਿਆ । ਉਹ ਗੁਰੂ ਗਰੰਥ ਦੇ ਅੱਧੇ ਭਾਗ ਦਾ ਹੀ ਵਿਆਖਿਆ ਟੀਕਾ ਤਿਆਰ ਕਰ ਸਕਿਆ ਅਤੇ ਉਸਦੇ ਭਰਾ ਡਾਕਟਰ ਬਲਬੀਰ ਸਿੰਘ ਨੇ ਭਰਾਤਰੀ ਸਨੇਹ ਅਤੇ ਵਿਦਵਤਾ ਭਰੇ ਸੰਪਾਦਨ ਕਾਲ ਨੂੰ ਛੇ ਵੱਡੇ ਅਕਾਰੀ ਸੈਂਚੀਆਂ ਵਿਚ ਪ੍ਰਕਾਸ਼ਿਤ ਕੀਤਾ । "ਸ੍ਰੀ ਗੁਰੂ ਗਰੰਥ ਸਾਹਿਬ ਸੰਥਾ ਪੋਥੀਆਂ ।" ਜਿਹੜਾ ਕਿ ਇਨ੍ਹਾਂ ਸੈਂਚੀਆਂ ਦਾ ਨਾਂ ਹੈ, ਭਾਈ ਵੀਰ ਸਿੰਘ ਦੀ ਕਰੜੀ ਘਾਲਨਾ, ਸਿਖ ਮਤਿ ਦੀ ਪਵਿਤਰ ਬਾਣੀ ਬਾਰੇ ਉਸਦੇ ਅਧਿਕਾਰ ਪੂਰਨ ਗਿਆਨ ਅਤੇ ਭਾਰਤੀ ਸਾਹਿਤ ਦਰਸ਼ਣ, ਭਾਸ਼ਾਈ ਵਿਗਿਆਨ ਅਤੇ ਵਿਆਕਰਣ ਬਾਰੇ ਉਸ ਦੀ ਵਿਸ਼ਾਲ ਵਾਕਫ਼ੀ ਦਾ ਸੂਚਕ ਹੈ ।

ਜਿਹੜੀ ਅਖ਼ੀਰਲੀ ਪੁਸਤਕ ਭਾਈ ਵੀਰ ਸਿੰਘ ਦੁਆਰਾ ਸੰਪਾਦਨ ਕਰਨ ਲਈ ਚੁਣੀ ਗਈ ਸੀ ਉਹ ਸੀ ਸਾਖੀ ਪੋਥੀ । ਇਸ ਪੁਸਤਕ ਵਿਚ ਕਿਸੇ ਗੁਮਨਾਮ ਲੇਖਕ ਦੁਆਰਾ ਮਾਲਵਾ (ਪੰਜਾਬ) ਵਿਖੇ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਯਾਤਰਾਵਾਂ ਦਾ ਵਰਨਣ ਹੈ । ਇਸ ਪੁਸਤਕ ਬਾਰੇ ਜਾਣਕਾਰੀ ਤਾਂ ੧੯੦੬ ਤੋਂ ਉਪਲਭਦ ਸੀ ਕਿਉਂਕਿ ਭਦੌੜ ਦੇ ਸਰ ਅਤਰ ਸਿੰਘ ਨੇ ਇਸਦਾ ਅੰਗਰੇਜ਼ੀ ਅਨੁਵਾਦ ਪ੍ਰਕਾਸ਼ਿਤ ਕੀਤਾ ਸੀ ਪ੍ਰੰਤੂ ਬਾਦ ਵਿਚ ਇਸਦਾ ਮੂਲ ਪੰਜਾਬੀ ਰੂਪ ਗੁੰਮ ਹੋ ਗਿਆ ਸੀ । ਭਾਈ ਸਾਹਿਬ ਸਿੰਘ ਗਿਆਨੀ ਨੇ ਇਸਦਾ ਇਕ ਪੁਰਾਣਾ ਖਰੜਾ ਲੱਭਿਆ ਤੇ ਉਸ ਨੇ ਇਹ ਭਾਈ ਵੀਰ ਸਿੰਘ ਦੀ ਭੇਟਾ ਕਰ ਦਿੱਤਾ । ਭਾਈ ਸਾਹਿਬ ਨੇ ਇਸ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਅਤੇ ੧੯੫੦ ਵਿਚ ਇਸ ਨੂੰ ਛਾਪ ਦਿੱਤਾ । ਇਸ ਗੱਲ ਦਾ ਪ੍ਰਤੱਖ ਪ੍ਰਮਾਨ ਮਿਲਦਾ ਹੈ ਕਿ ਭਾਈ ਸੰਤੋਖ ਸਿੰਘ ਕੋਲ ਇਸ ਦਾ ਇਕ ਖਰੜਾ ਹੈ ਸੀ ਅਤੇ ਉਸਨੇ ਇਸ ਖਰੜੇ ਨੂੰ ਸੂਰਜ ਪ੍ਰਕਾਸ਼ ਲਿਖਣ ਸਮੇਂ ਵਰਤਿਆ ਸੀ । ਪਿਛੋਂ ਜਾ ਕੇ ਐਰਨਸਟ ਟਰੰਪ ਨੂੰ ਇਹ ਮਿਲਿਆ ਤੇ [illegible] ਫਰੈਡ ਰਿਕ ਪਿੰਨਕੋਟ ਅਤੇ ਸਯਦ ਮੁਹੰਮਦ ਲਤੀਫ਼ ਜਿਹੇ ਵਿਦਵਾਨਾਂ ਨੇ ਇਸਨੂੰ ਆਪਣੀਆਂ ਰਚਨਾਵਾਂ ਲਈ ਵਰਤਿਆ ।

ਮੂਲ ਖਰੜੇ ਵਿਚ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਯਾਤਰਾਵਾਂ ਦਾ ਅੱਡੋ ਅੱਡ ਨਿਰਣੈ ਨਹੀਂ ਸੀ ਕੀਤਾ ਗਿਆ । ਇਸ ਕਾਰਨ ਗਲਤ

ਵਰਨਣ ਕੀਤਾ । ਭਾਈ ਵੀਰ ਸਿੰਘ ਨੇ ਇਸ ਗਲਤੀ ਦੀ ਸੁਧਾਈ ਕੀਤੀ ਅਤੇ ਉਨ੍ਹਾਂ ਇਹ ਸਿਧ ਕੀਤਾ ਕਿ ਪਹਿਲੀਆਂ ੩੪ ਸਾਖੀਆਂ ਗੁਰੂ ਤੇਗ ਬਹਾਦਰ ਦੇ ਜੀਵਨ ਬ੍ਰਿਤਾਂਤ ਬਾਰੇ ਸਨ ਅਤੇ ੮੦ ਅਖ਼ੀਰਲੀਆਂ ਗੁਰੂ ਗੋਬਿੰਦ ਸਿੰਘ ਬਾਰੇ। ਦੋ ਸਾਖੀਆਂ ਪਿਛੋਂ ਪਾਈਆਂ ਗਈਆਂ ਸਨ ਅਤੇ ਭਾਈ ਵੀਰ ਸਿੰਘ ਨੇ ਇਨ੍ਹਾਂ ਨੂੰ ਪੁਸਤਕ ਦੇ ਵਾਧੂ ਪੰਨਿਆਂ ਵਿਚ ਅਖੀਰ ਤੇ ਅੰਤਕਾ ਵਜੋਂ ਦਿੱਤਾ ।

# ਵਿਅਕਤੀਤਵ ਦਾ ਪ੍ਰਭਾਵ

ਜਿਹਾ ਕਿ ਅਸਾਂ ਦੇਖ ਲਿਆ ਹੈ ਭਾਈ ਵੀਰ ਸਿੰਘ ਦੀ ਸਾਹਿਤ ਘਾਲਨਾ ਅਥਾਹ ਸੀ। ਦੁਨੀਆਂ ਦੇ ਸਾਹਿਤਕਾਰਾਂ ਵਿਚੋਂ ਬਹੁਤ ਘਟ ਸਾਹਿਤਕਾਰ ਅਜਿਹੇ ਹੋਣਗੇ ਜਿਨ੍ਹਾਂ ਨੇ ਗਿਣਤੀ ਵਿਚ ਇੰਨੀਆਂ ਰਚਨਾਵਾਂ ਰਚੀਆਂ ਹੋਣ ਜਾਂ ਸਾਹਿਤ ਦੀਆਂ ਇੰਨੀਆਂ ਭਿੰਨ-ਭਿੰਨ ਵੰਨਗੀਆਂ ਤੇ ਹੱਥ ਅਜ਼ਮਾਇਆ ਹੋਵੇ। ਇਹ ਉਸ ਲਈ ਕੁਲ-ਵਕਤੀ ਰੁਝੇਵਾਂ ਸੀ ਅਤੇ ਇਹ ਰੁਝੇਵਾਂ ਉਸ ਦੀਆਂ ਸਾਰੀਆਂ ਮਾਨਸਿਕ ਅਤੇ ਅਧਿ-ਆਤਮਕ ਰੁਚੀਆਂ ਦਾ ਕੇਂਦਰ ਬਿੰਦੂ ਸੀ ਪ੍ਰੰਤੂ ਉਸ ਨੇ ਕਦੇ ਇਹ ਨਾ ਹੋਣ ਦਿਤਾ ਕਿ ਆਪਣੀ ਸਿਰਜਨਾਤਮਕਤਾ ਥਲੇ ਦਬ ਕੇ ਰਹਿ ਜਾਏ। ਉਸ ਦੇ ਵਿਅਕਤਿਤਵ ਦੀ ਮਹਾਨਤਾ ਉਸ ਦੇ ਮਹਾਨ ਕੰਮ ਵਿਚੋਂ ਉਘੜਵੀਂ ਨਜ਼ਰ ਆਉਂਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਉਸ ਦੇ ਜੀਵਨ ਅਤੇ ਰਚਨਾਵਾਂ ਵਿਚਾਲੇ ਸਾਵਾਂਪਨ ਪਰਤੱਖ ਦਿਸ ਆਉਂਦਾ ਹੈ। ਦੋਹਾਂ ਦਾ ਸਪਸ਼ਟ ਰੂਪ ਵਿਚ ਸੁਮੇਲ ਹੈ। ਇਸੇ ਵਿਚ ਉਸ ਦੀ ਸਮਰੱਥਾ ਦਾ ਭੇਦ ਹੈ। ਕਥਨੀ ਅਤੇ ਕਰਨੀ ਸਜੀਵ ਆਸਥਾ ਦੇ ਬਿੰਦ ਤੇ ਇਕ ਜੁਟ ਸਨ। ਜੋ ਕੁਝ ਵੀ ਉਹ ਕਹਿਣਾ ਚਾਹੁੰਦਾ ਸੀ ਪਹਿਲਾਂ ਉਸ ਕਰਣੀ ਦੁਆਰਾ ਆਪਣੇ ਜੀਵਨ ਵਿਚ ਅਪਣਾ ਲਿਆ ਸੀ। ਉਸ ਦਾ ਮਨ ਸੁੰਦਰਤਾ ਅਤੇ ਇਕਸਾਰਤਾ ਦੇ ਅਨਾਦੀ ਸਰੋਤ ਤੋਂ ਪ੍ਰੇਰਿਤ ਸੀ। ਉਸ ਨੇ ਆਪਣੇ ਅਨੁਭਵ ਨੂੰ ਜਿਹੜਾ ਕਿ ਉਹ ਦੂਸਰਿਆਂ ਨਾਲ ਸਾਂਝਾ ਕਰਨਾ ਚਾਹੁੰਦਾ ਸੀ ਅਤੇ ਜਿਸ ਦਾ ਬੌਧਿਕ ਵਿਸ਼ਲੇਸ਼ਣ ਉਸ ਕੀਤਾ ਸੀ, ਆਪਣੇ ਜੀਵਨ ਵਿਚ ਸਮੋ ਲਿਆ ਸੀ। ਇਸ ਕਾਰਨ ਉਸ ਦਾ ਵਿਅਕਤੀਤਵ ਉਸ ਦੀਆਂ ਰਚਨਾਵਾਂ ਦਾ ਜ਼ਰੂਰੀ ਭਾਗ ਹੈ। ਇਸ ਨਾਲ ਉਸ ਦੁਆਲੇ ਇਕ ਜਿਊਤੀ ਚੱਕਰ ਵਿਧਮਾਨ ਹੋ ਗਿਆ ਤੇ ਆਪਣੇ ਜੀਵਨ ਕਾਲ ਵਿਚ ਉਸਨੂੰ ਪਵਿਤ੍ਰ ਆਤਮਾ ਵਾਲੇ ਸੰਤ ਸਰੂਪ ਰਹੱਸਵਾਦੀ ਵਾਲਾ ਸਤਿਕਾਰ ਮਿਲਣ ਲਗ ਪਿਆ।

ਪਰੰਤੂ ਇੰਨੀ ਲੋਕਪ੍ਰਿਯਤਾ ਮਿਲਣ ਤੇ ਇੰਨਾ ਸਤਿਕਾਰ ਪ੍ਰਾਪਤ ਕਰਨ ਉਪਰੰਤ ਵੀ ਉਸ ਆਪਣੇ ਅੰਤਰੀਵ ਮਾਨਵਵਾਦ ਨੂੰ ਨਾ ਤਿਆਗਿਆ। ਭਾਵੇਂ ਉਸ ਧਰਮ ਅਤੇ ਅਧਿਆਤਮਕ ਪਿੜ ਵਿਚ ਇੰਨੀ ਵੱਡੀ ਪ੍ਰਾਪਤੀ ਕੀਤੀ ਉਹ ਕਦੇ ਵੀ ਕੋਰੀ ਉਤੇ

ਸਥਾਪਿਤ ਮੂਰਤੀ ਨਹੀਂ ਸੀ ਬਣਿਆ । ਉਸ ਨੇ ਭਰਪੂਰ ਜੀਵਨ ਜੀਵਿਆਂ ਅਤੇ ਆਪਣੇ ਦੁਨਿਆਵੀ ਫ਼ਰਜ਼ਾਂ ਨੂੰ ਭਲੀ ਪਰਕਾਰ ਨਿਭਾਇਆ। ਉਹ ਦੁਨੀਆਂ ਦੀਆਂ ਚੰਗੀਆਂ ਵਸਤੂਆਂ ਨੂੰ ਪਿਆਰ ਕਰਦਾ ਸੀ । ਉਸ ਨੇ ਛਾਪੇਖਾਨੇ ਦੇ ਆਪਣੇ ਕੰਮ ਦੀ ਸੁਘੜ ਵਿਉਂਤ ਬਣਾਈ ਅਤੇ ਇਸ ਕੰਮ ਨੂੰ ਸਫਲਤਾ ਪੂਰਨ ਸਿਰੇ ਚਾੜ੍ਹਿਆ। ਉਹ ਫੁੱਲਾਂ ਦਾ ਦਿਲਦਾਦਾ ਸੀ ਅਤੇ ਜਿਹੜੇ ਵੀ ਭਵਨ ਉਸ ਉਸਾਰੇ ਉਨ੍ਹਾਂ ਵਿਚ ਟਹਿਕ ਦੀਆਂ ਫੁਲਵਾੜੀਆਂ ਲਗਾਈਆਂ ।

ਉਹ ਰਾਗ ਦਾ ਸੂਝਵਾਨ ਕਦਰਦਾਨ ਸੀ ਅਤੇ ਸਤਾਰ ਤੇ ਦਿਲਰੁਬਾ ਦੇ ਪ੍ਰਵੀਨ ਕਲਾਕਾਰਾਂ ਤੋਂ ਉਸ ਇਨ੍ਹਾਂ ਜੰਤਰਾਂ ਦੇ ਰਾਗ ਦਾ ਅਨੰਦ ਮਾਣਿਆ। ਉਹ ਆਪਣੀਆਂ ਸਭ ਗਰਮੀਆਂ ਕਸ਼ਮੀਰ ਬਿਤਾਉਂਦਾ ਸੀ ਅਤੇ ੧੯੪੮ ਪਿਛੋਂ ਜਦੋਂ ਕਸ਼ਮੀਰ ਦੀ ਵਾਦੀ ਦੀ ਸ਼ਾਂਤੀ ਭੰਗ ਹੋ ਗਈ ਤਾਂ ਉਹ ਡੇਹਰਾਦੂਨ ਰਹਿਣ ਲਗ ਪਿਆ ਸੀ । ਏਥੇ ਉਸ ਦਾ ਗ੍ਰਹਿ ਮਧੂਧਾਮ ਸੀ ਅਤੇ ਵਿਸ਼ਾਲ ਲਾਅਨਜ਼ ਵਿਚ ਬੁਤਕਾਰੀ ਦੇ ਅਦੁਤੀ ਨਮੂਨੇ ਰਖੇ ਹੋਏ ਸਨ । ਉਹ ਆਪਣੇ ਬਚਨਾਂ ਤੇ ਪਹਿਰਾ ਦੇਂਦਾ ਸੀ ਪ੍ਰੰਤੂ ਉਹ ਬਚਨ ਬਿਲਾਸ ਦੇ ਅਨੰਦ ਤੋਂ ਭਲੀ ਪਰਕਾਰ ਜਾਣੂੰ ਸੀ। ਸ਼ਾਮਾਂ ਵੇਲੇ ਉਹ ਮਿਲਣ ਆਉਣ ਵਾਲਿਆਂ ਲਈ ਸਮਾਂ ਕਢਦਾ ਸੀ। ਜ਼ਿੰਦਗੀ ਦੇ ਹਰ ਭਾਗ ਚੋਂ ਲੋਕ ਉਸ ਨੂੰ ਮਿਲਣ ਆਉਂਦੇ ਸਨ। ਗੱਲ ਬਾਤ ਸਮੇਂ ਜਿਥੇ ਉਹ ਧਰਮ ਜਾਂ ਪਰਲੋਕਿਕ ਮਸਲਿਆਂ ਬਾਰੇ ਚਰਚਾ ਛੇੜਦਾ ਸੀ ਉਥੇ ਮੌਕੇ ਸਿਰ ਹੱਸੀ ਠੱਠਾ ਵੀ ਕਰਦਾ ਸੀ। ਉਹ ਲੰਮਾ ਕੋਟ ਪਹਿਨਦਾ ਸੀ ਜਾਂ ਪਸ਼ਮੀਨੇ ਦੀ ਚਾਦਰ ਮੋਢਿਆਂ ਦੁਆਲੇ ਲਪੇਟਦਾ ਸੀ, ਉਸਦਾ ਚਿਹਰਾ ਉੱਜਲ ਦੀਦਾਰ ਸੀ, ਅਖੀਆਂ ਗੰਭੀਰ ਰਹੱਸ ਦੀਆਂ ਧਾਰਨੀ ਸਨ; ਨੱਕ ਸਿੱਧਾ ਸੀ ਤੇ ਸਿਰ ਉਤਲੀ ਵੱਡੀ ਪੱਗ ਗੰਭੀਰ ਚਿਹਰੇ ਉਤੇ ਫਬਦੀ ਸੀ। ਇਸ ਰੂਪ ਵਿਚ ਉਸਦਾ ਚਿਹਰਾ ਮੁਹਰਾ ਕਿਸੇ ਯੂਨਾਨੀ ਬੁੱਤ ਵਾਂਗ ਖਿੱਚ ਪਾਉਂਦਾ ਸੀ ।

ਉਸ ਦਾ ਵਿਅਕਤਿਤਵ ਮਿਕਨਾਤੀਸੀ ਸੀ । ਇਸ ਨਾਲ ਕਈ ਲੋਕ ਕੀਲੇ ਗਏ ਅਤੇ ਜੀਵਨ ਭਰ ਉਸਦਾ ਗੁਣ ਗਾਇਣ ਕਰਦੇ ਰਹੇ। ਉਸ ਕੋਲ ਮਿਤ੍ਰਤਾ ਦੀ ਦਾਤ ਸੀ ਅਤੇ ਲੋਕਾਂ ਨੂੰ ਉਹ ਝਟ ਆਪਣਾ ਬਣਾ ਲੈਂਦਾ ਸੀ । ਅਜਿਹੀ ਸਾਂਝੀਦਾਰੀ ਦਾ ਹੀ ਉਹ ਸ਼ਕਤੀਸ਼ਾਲੀ ਪ੍ਰਤੀਕ ਸੀ। ਉਸ ਛਾਪਾ ਖਾਨਾ ਆਪਣੇ ਇਕ ਮਿਤ੍ਰ ਵਜ਼ੀਰ ਸਿੰਘ ਨਾਲ ਭਾਈ ਵਾਲੀ ਕਰਕੇ ਸ਼ੁਰੂ ਕੀਤਾ । ਖਾਲਸਾ ਟ੍ਰੈਕਟ ਸੋਸਾਇਟੀ ਦੀ ਸਥਾਪਨਾ ਉਸ ਇਕ ਹੋਰ ਮਿਤ੍ਰ ਕੌਰ ਸਿੰਘ ਧੂਪੀਆਂ ਨਾਲ ਰਲ ਕੇ ਕੀਤੀ। ਸਰ ਸੁੰਦਰ ਸਿੰਘ ਮਜੀਠੀਆ (੧੮੭੨-੧੯੪੭) ਨਾਲ ਉਸਦੀ ਨਿੱਘੀ ਮਿਤ੍ਰਤਾ ਚਿਰਕਾਲੀ ਸੀ। ਇਨ੍ਹਾਂ ਦੀ ਤ੍ਰੈ ਮੂਰਤੀ ਆਪਣੇ ਸਮੇਂ ਪੰਜਾਬ ਦੀ ਪ੍ਰਭਾਵਸ਼ਾਲੀ ਮਿਤ੍ਰ ਮੰਡਲੀ ਸੀ। ਸਰ ਸੁੰਦਰ ਸਿੰਘ ਪੰਜਾਬ ਦੇ ਪੁਰਾਣੇ ਸਰਦਾਰਾਂ ਦੇ ਖਾਨਦਾਨ ਵਿਚੋਂ ਸੀ। ਉਸਨੇ ਵਿਦਿਆ ਦੇ ਪਿੜ ਵਿਚ ਬੜਾ ਕੰਮ ਕੀਤਾ ਅਤੇ ਲੋਕਾਂ ਵਿਚ ਬੜਾ ਨਾਮਣਾ ਖੱਟਿਆ। ਉਹ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਰਕਾਰ ਵਲੋਂ ਪ੍ਰਵਾਣਿਤ ਗੁਰਦੁਆਰਾ ਪ੍ਰਬੰਧਕ ਕਮੇਟੀ

ਦਾ ਪਹਿਲਾ ਪ੍ਰਧਾਨ ਬਣਿਆ। ਇਮਪੀਰੀਅਲ ਕੌਂਸਲ ਦਾ ਮੈਂਬਰ ਬਣਿਆ ਅਤੇ ਪਿਛੋਂ ਜਾ ਕੇ ਪੰਜਾਬ ਦੀ ਵਜ਼ੀਰ ਮੰਡਲੀ ਲਈ ਚੁਣਿਆ ਗਿਆ।

ਸਰਦਾਰ ਤ੍ਰਲੋਚਨ ਸਿੰਘ ਘਟ ਬੋਲਣ ਵਾਲਾ, ਕਰਮਸ਼ੀਲ ਸਿਆਣਾ ਵਿਅਕਤੀ ਸੀ ਅਤੇ ਉਹ ਅਜਿਹੀਆਂ ਸੰਸਥਾਵਾਂ ਜਿਹੀਆਂ ਕਿ ਚੀਫ ਖਾਲਸਾ ਦੀਵਾਨ, ਸਿਖ ਐਜੂਕੇਸ਼ਨਲ ਕਾਨਫਰੰਸ, ਖਾਲਸਾ ਕਾਲਜ ਅੰਮ੍ਰਿਤਸਰ ਅਤੇ ਪੰਜਾਬ ਸਿੰਧ ਬੈਂਕ ਚਲਾਣ ਵਾਲਾ ਵਿਅਕਤੀ ਸੀ।

ਭਾਈ ਵੀਰ ਸਿੰਘ ਦਾ ਯੋਗਦਾਨ ਇਹ ਸੀ ਕਿ ਉਹ ਇਨ੍ਹਾਂ ਸੰਸਥਾਵਾਂ ਦਾ ਪ੍ਰੇਰਕ ਸੀ ਅਤੇ ਇਨ੍ਹਾਂ ਦੇ ਸੰਚਾਲਨ ਲਈ ਉਸ ਦੀ ਸਲਾਹ ਲਿੱਤੀ ਜਾਂਦੀ ਸੀ। ਉਹ ਟੈਨਸ ਖੇਡਦੇ ਸਨ ਆਪਸੀ ਹਾਸਾ ਠੱਠਾ ਵੀ ਚਲਦਾ ਸੀ ਅਤੇ ਇਕ ਰਾਏ ਹੋ ਕੇ ਸਿੱਖਾਂ ਦੀ ਯੋਗ ਅਗਵਾਈ ਵੀ ਕਰਦੇ ਸਨ। ਇਸ ਮ੍ਰਿਤ ਮੰਡਲੀ ਦੇ ਵਿਸ਼ਾਲ ਘੇਰੇ ਵਿਚ ਸਭਰਾਵਾਂ ਦੀ ਲੜਾਈ ਦੇ ਮੁਖ ਨਾਇਕ ਜਨਰਲ ਸ਼ਾਮ ਸਿੰਘ ਦਾ ਪੜਪੋਤਾ ਸਰਦਾਰ ਹਰਬੰਸ ਸਿੰਘ ਅਟਾਰੀ ਵਾਲਾ, ਭਾਈ ਜੋਧ ਸਿੰਘ (ਜਨਮ ੧੮੮੨) ਜਿਹੜਾ ਗੁਰਮਤਿ ਦਾ ਵਿਆਖਿਆਕਾਰ ਅਤੇ ਵਿਦਿਆ ਸ਼ਾਸਤ੍ਰੀ ਹੈ ਅਤੇ ਇਕ ਮੁਸਲਮਾਨ ਹਿਸਾਬ ਦਾ ਵਿਦਵਾਨ ਤੇ ਸੂਫੀ ਖੁਦਾ ਦਾਦ ਨਾਮੀ ਸ਼ਾਮਲ ਸੀ। ਖੁਦਾ ਦਾਦ ਨੇ ਆਪਣੀਆਂ ਕਵਿਤਾਵਾਂ ਵਿਚ ਸਰ ਸੁੰਦਰ ਸਿੰਘ ਮਜੀਠੀਆ, ਸਰਦਾਰ ਤਰਲੋਚਨ ਸਿੰਘ ਤੇ ਸਰਦਾਰ ਹਰਬੰਸ ਸਿੰਘ ਅਟਾਰੀ ਦਾ ਗੁਣ ਗਾਇਣ ਕੀਤਾ ਹੈ। ਭਾਈ ਵੀਰ ਸਿੰਘ ਦਾ ਫਾਰੇਸਟ ਰੀਸਰਚ ਇਨਸਟੀਚਿਊਟ ਦੇ ਪ੍ਰੋਫੈਸਰ ਪੂਰਨ ਸਿੰਘ ਨਾਲ ਨਿਘੀ ਤੇ ਨਿਕਟ ਵਰਤੀ ਮਿਤ੍ਰਤਾ ਸੀ। ਪੂਰਨ ਸਿੰਘ ਨੇ ਵਿਗਿਆਨੀ ਵਜੋਂ ਸਿਖਲਾਈ ਪ੍ਰਾਪਤ ਕਰ ਰਿਹਾ ਸੀ ਅਤੇ ਉਹ ਬੜਾ ਕੋਮਲ ਭਾਵੀ ਸੀ। ਜਦੋਂ ਉਹ ਜਾਪਾਨ ਵਿਖੇ ਸਨਅਤੀ ਭੌਤਿਕ ਵਿਗਿਆਨ ਦੀ ਸਿਖਲਾਈ ਪ੍ਰਾਪਤ ਕਰ ਰਿਹਾ ਸੀ ਤਾਂ ਉਹ ਸਵਾਮੀ ਰਾਮ ਤੀਰਥ ਦੇ ਪ੍ਰਭਾਵ ਅਧੀਨ ਹੋ ਗਿਆ। ਉਸ ਨੇ ਸਿਖ ਮਤਿ ਦੇ ਪ੍ਰਤੀਕ ਪੰਜ ਕਕਾਰਾਂ ਨੂੰ ਤਿਆਗ ਦਿਤਾ ਅਤੇ ਸਨਿਆਸੀ ਬਣ ਗਿਆ। ਉਸ ਦੇ ਮਾਂ ਬਾਪ ਨੂੰ ਇਸ ਤੇ ਬੜਾ ਦੁੱਖ ਹੋਇਆ ਉਹ ਭਾਰਤ ਪਰਤ ਆਇਆ। ਪਰੰਤੂ ਮਾਂ ਬਾਪ ਦੇ ਘਰ ਨਾ ਗਿਆ। ਅਖੀਰ ਵਿਚ ਉਸ ਦੀ ਭੈਣ ਦੇ ਪਿਆਰ ਨੇ ਉਸ ਨੂੰ ਘਰੇ ਮੋੜ ਲਿਆਂਦਾ ਅਤੇ ਭਾਈ ਵੀਰ ਸਿੰਘ ਦੇ ਚੁੰਬਕੀ ਪ੍ਰਭਾਵ ਨਾਲ ਉਸ ਨੇ ਆਪਣੇ ਖਾਨਦਾਨੀ ਧਰਮ ਵਿਚ ਮੁੜ ਪ੍ਰਵੇਸ਼ ਕੀਤਾ।

੧੯੧੨ ਵਿਚ ਸਿਖ ਐਜੂਕੇਸ਼ਨਲ ਕਾਨਫਰੰਸ ਦੇ ਸਾਲਾਨਾ ਸਮਾਗਮ ਸਮੇਂ ਪੂਰਨ ਸਿੰਘ ਭਾਈ ਵੀਰ ਸਿੰਘ ਨੂੰ ਮਿਲਿਆ।

ਉਹ ਸਰ ਜੋਗਿੰਦਰ ਸਿੰਘ (੧੮੭੭-੧੯੪੬) ਜਿਹੜਾ ਕਿ ਪ੍ਰਸਿਧ ਸਿਖ ਬੁੱਧੀ ਜੀਵੀ ਅਤੇ ਸਿਆਸਤ ਦਾਨ ਸੀ ਤੇ ਕਾਨਫਰੰਸ ਦਾ ਪ੍ਰਧਾਨ ਸੀ, ਦੇ ਸੱਦੇ ਤੇ ਸਿਆਲ ਕੋਟ ਗਿਆ ਸੀ। ਸਰ ਜੋਗਿੰਦਰ ਸਿੰਘ ਨੇ ਪੂਰਨ ਸਿੰਘ ਨੂੰ ਸੱਤ ਅਪਰੈਲ ਵਾਲੇ ਉਦਘਾਟਨੀ ਸਮਾਗਮ 'ਚ ਬੋਲਣ ਲਈ ਆਖਿਆ। ਉਸ ਨੇ ਆਪਣੇ ਮਿੱਤ੍ਰ ਦੀ

ਜਾਣ ਪਛਾਣ ਕਰਾਉਂਦਿਆਂ ਆਖਿਆ, "ਇਸ ਨੇ ਅੱਡ ਅੱਡ ਧਰਮਾਂ ਦਾ ਅਧਿਐਨ ਕੀਤਾ ਹੈ ਅਤੇ ਅੰਤ ਵਿਚ ਇਸ ਨੂੰ ਸਿੱਖ ਮਤਿ ਵਿਚ ਸੱਚ ਦੀ ਪ੍ਰਾਪਤੀ ਹੋਈ ਹੈ।"[1] ਪੂਰਨ ਸਿੰਘ ਖਾਲਸਾ ਜੀ ਦੇ ਏਨੇ ਵਡੇ ਸਮਾਗਮ ਨੂੰ ਦੇਖ ਕੇ ਆਪਣੀ ਆਤਮਾ ਦੀਆਂ ਡੂੰਘਾਣਾਂ ਤਕ ਪਰੇਰਿਆ ਗਿਆ। ਉਸ ਨੇ ਅੰਗਰੇਜ਼ੀ ਵਿਚ ਪ੍ਰਭਾਵਸ਼ਾਲੀ ਭਾਸ਼ਨ ਦਿੱਤਾ ਅਤੇ ਲੋਕਾਂ ਦੀ ਬੇਨਤੀ ਤੇ ਇਸ ਨੂੰ ਮੁੜ ਕੇ ਪੰਜਾਬੀ ਵਿਚ ਦੁਹਰਾਇਆ ਗਿਆ। ਉਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਗੁਰੂ ਸਾਹਿਬਾਨ ਦੇ ਸੰਦੇਸ ਤੇ ਤਥਾ-ਆਤਮਕ ਅੰਤਰੀਵ ਗੂਹਜ ਨੂੰ ਜਾਣਿਆਂ ਜਾਏ। ਇਕੱਠ ਵਿਚ ਉਸਦੇ ਭਾਸ਼ਨ ਨੇ ਆਪਣੀ ਮੌਲਕਿਤਾ ਅਤੇ ਆਪ ਮੁਹਾਰੇ ਪਣ ਸਦਕਾ ਬਿਜਲੀ ਦੀ ਲਹਿਰ ਜਿਹੀ ਦੁੜਾ ਦਿੱਤੀ।

ਭਾਈ ਵੀਰ ਸਿੰਘ ਮੰਚ ਉੱਤੇ ਬੈਠਾ ਹੋਇਆ ਸੀ ਉਸ ਨੇ ਭਾਸ਼ਨ ਉਪਰੰਤ ਪੂਰਨ ਸਿੰਘ ਦੀ ਕੰਡ ਤੇ ਪਿਆਰ ਥਾਪੀ ਦਿੱਤੀ। ਸਮਾਗਮ ਦੇ ਅਖ਼ੀਰ ਤੇ ਉਹ ਪੂਰਨ ਸਿੰਘ ਨੂੰ ਆਪਣੇ ਨਿਵਾਸ ਅਸਥਾਨ ਤੇ ਲੈ ਗਏ। ਦੋਹਾਂ ਨੇ ਇਕੱਠਿਆਂ ਰੋਟੀ ਖਾਂਦੀ ਅਤੇ ਰਾਤ ਨੂੰ ਬੜੀ ਦੇਰ ਤਕ ਦੋਹਾਂ ਵਿਚਾਲੇ ਚਰਚਾ ਚਲਦਾ ਰਿਹਾ। ਪੂਰਨ ਸਿੰਘ ਨੇ ਸਾਹਿਤ, ਧਰਮ ਦਰਸ਼ਨ ਵਿਸ਼ੇਸ਼ ਕਰਕੇ ਵੇਦਾਂਤ ਦਾ ਤੁਲਨਾਤਮਕ ਅਧਿਐਨ ਕੀਤਾ ਹੋਇਆ ਸੀ ਉਸ ਨੇ ਭਾਈ ਵੀਰ ਸਿੰਘ ਤੋਂ ਅਨੇਕ ਸਵਾਲ ਪੁਛੇ ਅਤੇ ਆਪਣੇ ਵਿਚਾਰਾਂ ਦੇ ਹੱਕ ਵਿਚ ਅਨੇਕ ਉਕਤੀਆਂ ਪੇਸ਼ ਕੀਤੀਆਂ ਪ੍ਰੰਤੂ ਭਾਈ ਵੀਰ ਸਿੰਘ ਨੇ ਆਪਣੇ ਉਤਰਾਂ ਨਾਲ ਉਸਦੀ ਪੂਰੀ ਪੂਰੀ ਤਸਲੀ ਕਰਾ ਦਿੱਤੀ। ਭਾਈ ਵੀਰ ਸਿੰਘ ਦੇ ਸਾਦੇ ਸ਼ਬਦਾਂ ਦਾ ਅਧਾਰ ਤਥਾਤਮਕ ਆਂਤਰਿਕ ਨਿਰਣੈ ਜਨਕ ਵਿਚਾਰ ਸੀ ਅਤੇ ਇਨ੍ਹਾਂ ਸ਼ਬਦਾਂ ਦਾ ਪੂਰਨ ਸਿੰਘ ਦੇ ਮਨ ਉਤੇ ਸਿੱਧਾ ਪ੍ਰਭਾਵ ਪਿਆ। ਉਸ ਮਹਿਸੂਸ ਕੀਤਾ ਕਿ ਉਸ ਦੇ ਅੰਦਰ ਨਵਾਂ ਸੋਮਾ ਫੁੱਟ ਪਿਆ ਹੈ। ਉਸ ਦੇ ਸਾਰੇ ਸ਼ੰਕੇ ਮਿਟ ਗਏ ਅਤੇ ਉਸ ਮਹਿਸੂਸ ਕੀਤਾ ਕਿ ਉਸਦੀ ਭਾਲ ਸਫਲ ਹੋਈ ਹੈ। ਉਸ ਰਾਤ ਨੂੰ ਉਹ ਇਕੋ ਹੀ ਕਮਰੇ ਅੰਦਰ ਸੁੱਤੇ ਅਤੇ ਪੂਰਨ ਸਿੰਘ ਨੂੰ ਇਸ ਸਹਿਵਾਸ ਦੀ ਯਾਦ ਉਮਰ ਭਰ ਰਹੀ। ਉਸ ਆਪਣੇ ਪੂਰਵ ਜੀਵਾਂ ਦੇ ਧਰਮ ਨੂੰ ਮੁੜ ਗ੍ਰਹਿਣ ਕਰ ਲਿਆ ਅਤੇ ਖਾਲਸੇ ਦੇ ਪ੍ਰਤੀਕਾਤਮਕ ਚਿੰਨ੍ਹ ਮੁੜ ਆਪਣਾ ਲਏ। ਪੂਰਨ ਸਿੰਘ ਦੀ ਧਰਮ ਪਤਨੀ ਮਾਇਆ ਦੇ ਸ਼ਬਦਾਂ ਵਿੱਚ "ਜਦੋਂ ਉਹ ਦੇਹਰਾਦੂਨੋਂ ਮੁੜੇ ਉਹ ਹੋਰ ਹੀ ਵਿਅਕਤੀ ਸਨ।"[2]

ਪੂਰਨ ਸਿੰਘ ਦਾ ਮੁੜ ਆਪਣੇ ਧਰਮ ਨੂੰ ਗ੍ਰਹਿਣ ਕਰਨਾ ਨਾ ਕੇਵਲ ਪੂਰਨ ਸਿੰਘ ਨਾਲ ਵਿਅਕਤੀ ਗਤ ਰੂਪ ਵਿਚ, ਸਗੋਂ ਪੰਜਾਬੀ ਸਾਹਿਤ ਦੇ ਇਤਿਹਾਸ ਲਈ ਮਹੱਤਤਾ ਪੂਰਨ ਘਟਨਾ ਸੀ। ਉਸਦੀ ਪ੍ਰਤਿਭਾ ਅਤੇ ਲਿਆਕਤ ਨੂੰ ਇਕ ਕੇਂਦਰ ਮਿਲ

---

1. ਖਾਲਸਾ ਸਮਾਚਾਰ : ਅਪ੍ਰੈਲ ੧੯੧੨, ਪੰਨਾ ੪
2. ਮਹਿੰਦਰ ਸਿੰਘ ਰੰਧਾਵਾ : ਸੰਪਾਦਕ : ਪੂਰਨ ਸਿੰਘ ਜੀਵਨੀ ਤੇ ਕਵਿਤਾ : ਸਾਹਿਤ ਅਕਾਦਮੀ, ਨਵੀਂ ਦਿਲੀ, ਪੰਨਾ ੭੫

ਗਿਆ ਅਤੇ ਉਸ ਦੀ ਪ੍ਰਬਲ ਸਿਰਜਨਾਤਮਕਤਾ ਦੇ ਵੇਗ ਨੂੰ ਇਕ ਨਿਸਚਿੱਤ ਵਹਿਣ ਮਿਲਿਆ। ਉਸ ਨੇ ਅਤਿ ਸੁੰਦਰ ਪੰਜਾਬੀ ਕਵਿਤਾ ਤੇ ਵਾਰਤਕ ਲਿਖੀ ਅਤੇ ਸਿਖ ਮਤਿ ਬਾਰੇ ਅਨੇਕਾਂ ਕਿਤਾਬਾਂ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਕਰਵਾਈਆਂ[1]।

ਪੂਰਨ ਸਿੰਘ ਨੇ ਭਾਈ ਵੀਰ ਸਿੰਘ ਦੇ ਇਹਸਾਨ ਦਾ ਇਸ ਪ੍ਰਕਾਰ ਵਰਣਨ ਕੀਤਾ ਹੈ "ਉਹ ਗੁਰੂ ਜੀ ਦੀ ਮਿਹਰ ਦਾ ਦਰਵਾਜ਼ਾ ਜਿਥੋਂ ਮੈਂ ਨੱਸ ਕੇ ਚਲਾ ਗਿਆ ਸੀ, ਮੁੜ ਖੁਲ੍ਹਿਆ, ਮੈਨੂੰ ਅੰਦਰ ਮੁੜ ਦਾਖ਼ਲ ਕੀਤਾ ਗਿਆ ਗੁਰੂ ਜੀ ਦੇ ਦੇਸ਼, ਸਿੱਖੀ ਸਿਦਕ ਤੇ ਗੁਰੂ ਜੀ ਦੇ ਚਰਨਾਂ ਦਾ ਪਿਆਰ ਮੁੜ ਮਿਲਿਆ। ਉਸ ਸੁਭਾਗ ਘੜੀ ਗੁਰੂ ਜੀ ਦੇ ਦਰ ਤੇ ਇਕ ਮਹਾਂਪੁਰਖ ਦੇ ਦੀਦਾਰ ਹੋਏ ਅਰ ਆਪ ਦੇ ਕਿਰਪਾ ਕਟਾਖਯ ਨਾਲ ਪੰਜਾਬੀ ਸਾਹਿਤਯ ਦਾ ਸਾਰਾ ਬੋਧ ਤੇ ਖਿਆਲ ਦੀ ਉਡਾਰੀ ਆਈ। ਕਵਿਤਾ ਵੀ ਮਿਲੀ ਤੇ ਉਸੀ ਮਿਹਰ ਦੀ ਨਜ਼ਰ ਵਿਚ ਉਸ ਮਿਠੇ ਸਾਧ ਵਚਨ ਵਿੱਚੋਂ ਮੈਨੂੰ ਪੰਜਾਬੀ ਬੋਲੀ ਆਪ ਮੁਹਾਰੀ ਆਈ। ਆਪ ਮੁਹਾਰੀ ਆਈ ਚੀਜ਼ ਦੇ ਔਗੁਣ ਸਭ ਸ਼ਖਸ਼ੀ ਹੁੰਦੇ ਹਨ ਤੇ ਗੁਣ ਕੁਲ ਉਸ ਬਖਸ਼ਨ ਵਾਲੇ ਦੇ ਸੋ ਮੈਂ ਹਾਂ। ਤੇ ਉਹ ਨਿਰਮਾਣ ਦਰ ਭਿਖ ਮੰਗਦਾ ਪਰ ਮੇਰੀ ਅੱਖ ਦੀ ਲਾਲੀ ਉਨ੍ਹਾਂ ਦੀ ਹੈ। ਮੇਰੇ ਦਿਲ ਵਿਚ ਮਘਦੀ ਹੀਰੇ ਦੀ ਕਣੀ ਚਮਕਦੀ ਹੈ, ਉਹ ਉਨ੍ਹਾਂ ਦੀ ਹੈ।[2]

ਦੇਹਰਾਦੂਨ ਦੇ ਵਾਸ ਸਮੇਂ ਭਾਈ ਵੀਰ ਸਿੰਘ ਦੀ ਇਕ ਹੋਰ ਮਿਤ੍ਰ ਮੰਡਲੀ ਬਣ ਗਈ। ਇਸ ਮਿਤ੍ਰ ਮੰਡਲੀ ਦੇ ਉਘੇ ਵਿਅਕਤੀ ਸਨ, ਡਾ: ਬਲਬੀਰ ਸਿੰਘ, ਪੂਰਨ ਸਿੰਘ ਅਤੇ ਖ਼ੁਦਾਦਾਦ ਇਨ੍ਹਾਂ ਮਿਤ੍ਰਾਂ ਨੇ ਇਕ ਮਰਾਠੀ ਵਿਦਵਾਨ ਵਿਗਿਆਨੀ ਗੋਪਾਲ ਰਾਓ, ਜਿਹੜਾ ਕਿ ਪੂਰਨ ਸਿੰਘ ਨਾਲ ਫਾਰੈਸਟ ਰੀਸਰਚ ਇਨਸਟੀਚਿਊਟ ਵਿਚ ਕੰਮ ਕਰਦਾ ਸੀ, ਦੀ ਜਾਣ ਪਛਾਣ ਕਰਾਈ। ਭਾਈ ਵੀਰ ਸਿੰਘ ਨੇ ਪਹਿਲੀ ਹੀ ਮਿਲਣੀ ਵਿਚ ਉਸਨੂੰ ਬੜਾ ਪ੍ਰਭਾਵਤ ਕੀਤਾ। ਉਸ ਨੇ ਰੀਸਰਚ ਇਨਸਟੀਚਿਊਟ ਦੀ ਇਕ ਉਚੀ ਪਦਵੀ ਵਾਲੀ ਨੌਕਰੀ ਨੂੰ ਤਿਆਗ ਦਿਤਾ ਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਭੌਤਿਕ ਵਿਗਿਆਨ ਦੀ ਲੈਕਚਰਾਰੀ ਕਰ ਲਈ। ਏਥੇ ਉਹ ਭਾਈ ਵੀਰ ਸਿੰਘ ਦੀ ਸੰਗਤ ਦਾ ਲਾਭ ਉਠਾ ਸਕਦਾ ਸੀ। ਗੋਪਾਲ ਰਾਓ ਟਾਇਫ਼ੈਡ ਨਾਲ ਬੀਮਾਰ ਪੈ ਕੇ ਕਾਲ ਵਸ ਹੋਣ ਸਮੇਂ ਕਾਲਜ ਦਾ ਕਾਰਜਕਾਰੀ ਪ੍ਰਿੰਸੀਪਲ ਲਗਾ ਹੋਇਆ ਸੀ। ਭਾਈ ਵੀਰ ਸਿੰਘ ਉਸ ਖਾਨਦਾਨ ਦੇ ਨਿਕਟੀ ਦੋਸਤਾਂ 'ਚੋਂ ਪਹਿਲਾਂ ਵਿਅਕਤੀ ਸੀ ਜਿਸ ਨੂੰ ਕਿ ਦੁਖਦਾਇਕ ਘਟਨਾ ਦੀ ਖਬਰ ਦਿੱਤੀ ਗਈ। ਉਹ ਉਸੇ ਵੇਲੇ ਖਾਲਸਾ ਕਾਲਜ ਪਹੁੰਚਿਆ। ਦੁਖੀ ਪਤਨੀ ਨੂੰ ਧਰਵਾਸ

---

1. ਪੂਰਨ ਸਿੰਘ ਦੀਆਂ ਅੰਗਰੇਜ਼ੀ ਤੇ ਪੰਜਾਬੀ ਵਿਚ ਕੁਝ ਲਿਖਤਾਂ ਉਸਦੇ ਸਪੁੱਤਰ ਸਰਦਾਰ ਰਾਮਿੰਦਰ ਸਿੰਘ ਵਲੋਂ ਪੰਜਾਬੀ ਯੂਨੀਵਰਸਟੀ, ਪਟਿਆਲਾ ਨੂੰ ਦਾਨ ਵਜੋਂ ਦਿੱਤੀਆਂ ਗਈਆਂ ਹਨ।
2. ਪੂਰਨ ਸਿੰਘ, ਖੁਲ੍ਹੇ ਲੇਖ ਦੂਸਰਾ ਸੰਸਕਰਣ ੧੯੫੨, ਭੂਮਿਕਾ।

ਦਿੱਤੀ ਅਤੇ ਬੇਵਾ ਇਸਤਰੀ ਨੂੰ ਆਪਣੇ ਸ਼ਹਿਰ ਵਿਖੇ ਰਖ ਕੇ ਉਸ ਨਾਲ ਦੁਧ ਵੰਡਾਇਆ। ਸਾਰੀ ਰਾਤ ਉਹ ਮ੍ਰਿਤਕ ਸਰੀਰ ਲਾਗੇ ਸੁਖਮਨੀ ਸਾਹਿਬ ਦਾ ਪਾਠ ਕਰਦੇ ਕਰਾਂਦੇ ਰਹੇ।[1]

ਗੋਪਾਲ ਰਾਓ ਅਨੇਕ ਵਾਰ ਭਾਈ ਵੀਰ ਸਿੰਘ ਨੂੰ ਮਿਲਣ ਗਿਆ ਆਪਣੇ ਨਾਲ ਸਵਾਮੀ ਰਾਮਦਾਸ ਨਾਂ ਦੇ ਇਕ ਸੰਨਿਆਸੀ ਨੂੰ ਲੈ ਜਾਂਦਾ ਹੁੰਦਾ ਸੀ। ਇਕ ਵਾਰ ਦੋਵੇਂ ਇਕੱਠੇ ਭਾਈ ਵੀਰ ਸਿੰਘ ਨੂੰ ਮਿਲਣ ਕਸ਼ਮੀਰ ਗਏ। ਇਕ ਵਾਰ ਫੇਰ ਦੋਹਾਂ ਨੇ ਇਕੱਠਿਆਂ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਦਿਵਸ ਭਾਈ ਵੀਰ ਸਿੰਘ ਦੇ ਗ੍ਰਹਿ ਵਿਖੇ ਮਨਾਇਆ। ਸਵਾਮੀ ਰਾਮ ਦਾਸ ਤੇ ਭਾਈ ਸਾਹਿਬ ਵਿਚਾਲੇ ਭਰਪੂਰ ਵਿਚਾਰ ਵਟਾਂਦਰਾ ਹੋਇਆ ਅਤੇ ਸਵਾਮੀ ਦੇ ਮਨ ਉਤੇ ਭਾਈ ਸਾਹਿਬ ਦੀ ਕਵਿਤਾ ਅਤੇ ਦਾਰਸ਼ਨਿਕ ਗਿਆਨ ਦਾ ਬੜਾ ਪ੍ਰਭਾਵ ਪਿਆ। ਭਾਈ ਵੀਰ ਸਿੰਘ ਦੇ ਅਮੀਵੇਂ ਜਨਮ ਦਿਨ ਉਤੇ ਉਸ ਨੇ ਭਾਈ ਵੀਰ ਸਿੰਘ ਨੂੰ ਇਸ ਪ੍ਰਕਾਰ ਸ਼ਰਧਾਂਜਲੀ ਭੇਟ ਕੀਤੀ, "ਭਾਈ ਵੀਰ ਸਿੰਘ ਪੰਜਾਬ ਦੇ ਮਹਾਨ ਸੰਤ ਕਵੀਆਂ ਵਿਚੋਂ ਹੈ। ਇਸ ਲੇਖ ਵਿਚ ਰਾਮ ਦਾਸ ਨੇ ਉਨ੍ਹਾਂ ਦੀ ਕਾਵਿ ਪ੍ਰਤਿਭਾ ਦੀ ਗੱਲ ਨੂੰ ਬਹੁਤਾ ਨਹੀਂ ਛੋਹਿਆ ਜਿਹੜੀ ਸੱਚ ਮੁਚ ਹੀ ਉਨ੍ਹਾਂ ਦੀ ਸ਼ਖ਼ਸੀਅਤ ਵਾਂਗ ਅਦਭੁਤ ਹੈ। ਰਾਮ ਦਾਸ ਨੂੰ ਉਨ੍ਹਾਂ ਦੇ ਚਾਰ ਵਾਰ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਇਨ੍ਹਾਂ ਸੁਭਾਗ ਮਿਲਣੀਆਂ ਵਿਚ, ਰਾਮ ਦਾਸ ਨੂੰ ਇਕ ਇਲਾਹੀ ਪਵਿਤਰਤਾ ਅਤੇ ਮਾਨਸਿਕ ਸ਼ਾਂਤੀ ਦਾ ਸੁਖ ਮਿਲਿਆ ਜੋ ਉਤਸ਼ਾਹ ਅਤੇ ਰੂਹਾਨੀ ਮੌਜ ਦਾ ਪ੍ਰੇਰਨਾ ਸੋਮਾ ਬਣਿਆ। ਕਸ਼ਮੀਰ ਅਤੇ ਪੰਜਾਬ ਦੀਆਂ ਫੇਰੀਆਂ ਸਮੇਂ ਰਾਮ ਦਾਸ ਲਈ ਉਹ ਇਕ ਆਦਰਸ਼ਕ ਮਿੱਤਰ, ਮੇਜ਼ਬਾਨ ਅਤੇ ਮੂਕ ਪਿਤਾ ਬਣੇ। ਪਿਛਲੀ ਵਾਰੀ ਰਾਮ ਦਾਸ ਉਨ੍ਹਾਂ ਨੂੰ ਕਈ ਵਰ੍ਹਿਆਂ ਬਾਅਦ ਮਿਲਿਆ। ਇਹ ਮਿਲਾਪ ਦੇਹਰਾਦੂਨ ਵਿਚ ਬੰਬਈ ਵਿਖੇ ਹੋਇਆ। ਇਹ ਝੁਨਝੁਨਾਹਟ ਭਰਿਆ ਮਿਲਾਪ ਅਜ ਵੀ ਰਾਮ ਦਾਸ ਦੀ ਸਿਮਰਤੀ ਦਾ ਹਿੱਸਾ ਹੈ। ਅਸੀਂ ਇਕ ਦੂਜੇ ਦਾ ਹੱਥ ਘੁੱਟੀ ਸੋਫ਼ੇ ਤੇ ਬੈਠ ਗਏ ਅਤੇ ਦਿਲਾਂ ਦੀਆਂ ਰੀਝਾਂ ਨੂੰ ਸ਼ਬਦਾਂ ਰਾਹੀਂ ਪ੍ਰਗਟਾ ਕੇ ਅਨੰਦ ਦੀਆਂ ਅਸੀਮ ਸਿਖਰਾਂ ਛੋਹੀਆਂ। ਜਦੋਂ ਰਾਮ ਦਾਸ ਨੇ ਉਨ੍ਹਾਂ ਪਾਸੋਂ ਵਿਦਾਇਗੀ ਲਈ ਤਾਂ ਉਸ ਸਮੇਂ ਦੀ ਮਨੋ-ਅਵਸਥਾ ਵਰਨਣ ਤੋਂ ਬਾਹਰ ਦੀ ਹੈ।"[2]

ਧਨੀ ਰਾਮ ਚਾਤ੍ਰਿਕ (੧੮੭੬-੧੯੫੪), ਜਿਹੜਾ ਪਿਛੋਂ ਜਾ ਕੇ ਪ੍ਰਸਿੱਧ ਕਵੀ ਬਣਿਆ, ਜਦੋਂ ਉਹ ਭਾਈ ਵੀਰ ਸਿੰਘ ਨੂੰ ਵਜ਼ੀਰ ਹਿੰਦ ਪ੍ਰੈਸ ਵਿਚ ਮਿਲਿਆ ਤਾਂ ਚਾਤ੍ਰਿਕ ਹਾਲੇ ਬਾਲ ਅਵਸਥਾ ਵਿਚ ਸੀ। ਚਾਤ੍ਰਿਕ ਨੂੰ ਛਾਪੇ ਖਾਨੇ ਬਾਰੇ ਕੋਈ ਗਿਆਨ ਨਹੀਂ ਸੀ।

---

1. ਦੇਖੋ ਹਰਿੰਜਨ ਸਿੰਘ : ਜੀਵਨ ਵਿਕਾਸ, ਨਵਯੁਗ ਪਬਲਿਸ਼ਰਜ਼ ਦਿਲੀ ੧੯੭੦ ਪੰਨਾ ੧੮੦-੮੧।

2. ਹਰਬੰਸ ਸਿੰਘ ਦੁਆਰਾ ਸੰਪਾਦਿਤ : ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ ਪੰਨਾ ੩੫। ਸਵਾਮੀ ਨੇ ਕਿਸੇ ਥਾਂ ਵੀ ਸ਼ਬਦ ਮੈਂ ਦੀ ਵਰਤੋਂ ਨਹੀਂ ਕੀਤੀ ਤੇ ਹਮੇਸ਼ਾਂ ਹੀ ਆਪਣਾ ਵਰਨਣ ਅਨਯਪੁਰਖੀ ਢੰਗ ਨਾਲ ਕੀਤਾ।

ਭਾਈ ਵੀਰ ਸਿੰਘ ਨੇ ਉਸ ਲਈ ਪੰਜਾਬੀ ਖੁਸ਼ਖ਼ਤੀ ਦੇ ਪੂਰਨੇ ਪਾਏ ਅਤੇ ਉਸਨੂੰ ਕੁਝ ਪੰਜਾਬੀ ਪੁਸਤਕਾਂ ਨਕਲ ਕਰਨ ਲਈ ਦਿਤੀਆਂ। ਆਹਿਸਤਾ ਆਹਿਸਤਾ ਉਸ ਸਿਖਲਾਈ ਪ੍ਰਾਪਤ ਕਰ ਲਈ ਅਤੇ ਜਦੋਂ ਖਾਲਸਾ ਸਮਾਚਾਰ ਚਾਲੂ ਕੀਤਾ ਗਿਆ ਤਾਂ ਉਸ ਹਰ ਹਫਤੇ ਅਖਬਾਰ ਦੇ ਕਾਲਮ ਲਈ ਕਵਿਤਾ ਲਿਖਣੀ ਸ਼ੁਰੂ ਕਰ ਦਿਤੀ। ਭਾਈ ਵੀਰ ਸਿੰਘ ਨੇ ਉਸ ਨੂੰ ਸਾਹਿਤ ਰਚਨਾ ਕਰਨ ਲਈ ਉਤਸ਼ਾਹ ਦਿਤਾ। ਸਮਾਂ ਬੀਤਣ ਨਾਲ ਧਨੀ ਰਾਮ ਚਾਤ੍ਰਿਕ ਨੇ ਕਵੀ ਤੇ ਛਾਪਕ ਵਜੋਂ ਬੜੀ ਪ੍ਰਸਿਧੀ ਹਾਸਲ ਕੀਤੀ। ਜਿਉਂ ਜਿਉਂ ਸਮਾਂ ਬੀਤਦਾ ਗਿਆ ਦੋਹਾਂ ਦਾ ਇਕ ਦੂਸਰੇ ਲਈ ਸਤਿਕਾਰ ਵਧਦਾ ਗਿਆ। ਜਦੋਂ ੧੯੫੦ ਵਿਚ ਧਨੀ ਰਾਮ ਚਾਤ੍ਰਿਕ ਨੂੰ ਉਸ ਦੇ ਚੁਹੱਤਰਵੇਂ ਜਨਮ ਦਿਨ ਤੇ ਅਵਸਰ ਤੇ ਅਭਿਨੰਦਨ ਗ੍ਰੰਥ ਭੇਂਟਾ ਕੀਤਾ ਗਿਆ ਤਾਂ ਭਾਈ ਵੀਰ ਸਿੰਘ ਨੇ ਇਸ ਅਵਸਰ ਲਈ ਇਕ ਬੰਦ ਲਿਖਿਆ ਜਿਸ ਨੂੰ ਅਭਿਨੰਦਨ ਗ੍ਰੰਥ ਦੇ ਮੁਹਰਲੇ ਪਨੇ ਤੇ ਛਾਪਿਆ ਗਿਆ। ਇਸ ਵਿਚ ਭਾਈ ਸਾਹਿਬ ਨੇ ਧਨੀ ਰਾਮ ਦੇ ਸ਼ਾਬਦਿਕ ਕਰਮ ਪ੍ਰਤਿਕਰਮ ਦੇ ਸੰਦਰਭ ਵਿਚ ਆਪਣੇ ਉਦਗਾਰ ਪ੍ਰਗਟਾਏ।

"ਧਨੀ ਬਣੇ ਧਨ ਜੋੜਿਆ ਰਾਮ ਮਿਲੇ ਮਨ ਜੋੜ।<br>
'ਰਾਮ ਧੁਨੀ' ਹੋ ਜਾਉ ਹੁਣ ਇਤ ਉਤ ਜਿਸ ਦੀ ਲੋੜ।"

ਇਸ ਤਰ੍ਹਾਂ ਅਨੇਕ ਵਿਅਕਤੀ ਜ਼ਾਤੀ ਦੋਸਤੀ ਅਤੇ ਪਿਆਰ ਦੀ ਡੋਰ ਦੁਆਰਾ ਭਾਈ ਵੀਰ ਸਿੰਘ ਨਾਲ ਬਝੇ ਹੋਏ ਸਨ। ਦੋ ਹੋਰ ਸਜਨਾਂ ਦਾ ਇਸ ਸਬੰਧ ਵਿਚ ਵਰਨਣ ਕੀਤਾ ਜਾ ਸਕਦਾ ਹੈ—ਇਕ ਕਮਾਲੀਆਂ ਵਾਲੇ ਸੰਤ ਸੰਗਤ ਸਿੰਘ (੧੮੮੨-੧੯੫੦), ਜਿਹੜੇ ਗੁਰਬਾਣੀ ਦੇ ਵਿਆਖਿਆਕਾਰ ਵਜੋਂ ਆਪਣੀ ਨਜ਼ੀਰ ਆਪ ਸਨ ਅਤੇ ਰਾਗੀ ਹੀਰਾ ਸਿੰਘ (੧੮੭੯-੧੯੨੬) ਜਿਹੜੇ ਕਿ ਸਿਖ ਸੰਗੀਤ ਦੇ ਨਿਪੁੰਨ ਸੰਗੀਤਗਯ ਸਨ। ਭਾਈ ਵੀਰ ਸਿੰਘ ਆਪਣੇ ਆਪਣੇ ਕਿਤੇ ਵਿਚ ਨਿਪੁੰਨਤਾ ਪ੍ਰਾਪਤ ਕਰਨ ਵਾਲੇ ਇਨ੍ਹਾਂ ਸਜਨਾਂ ਦੇ ਕਦਰ ਦਾਨ ਸਨ ਅਤੇ ਦੋਵੇਂ ਸਜਨ ਭਾਈ ਵੀਰ ਸਿੰਘ ਦੇ ਰਿਣੀ ਸਨ ਕਿਉਂਕਿ ਉਸ ਤੋਂ ਉਨਾਂ ਪ੍ਰੇਰਣਾ ਲਈ ਸੀ। ਭਾਈ ਸਾਹਿਬ ਉਨ੍ਹਾਂ ਦਾ ਨਿਕਟੀ ਮਿਤ੍ਰ ਵੀ ਸੀ।

ਭਾਈ ਵੀਰ ਸਿੰਘ ਨੇ ਕਦੇ ਵੀ ਇਸ ਗੱਲ ਦਾ ਜਤਨ ਨਾ ਕੀਤਾ ਕਿ ਉਸ ਨੂੰ ਜੰਤਾ ਵਿਚ ਵਿਅਕਤੀਗਤ ਪ੍ਰਸਿੱਧੀ ਪ੍ਰਾਪਤ ਹੋਵੇ। ਉਹ ਹਮੇਸ਼ਾ ਹੀ ਲੋਕਪ੍ਰਿਯਤਾ ਤੋਂ ਬਚਦਾ ਸੀ। ਉਸ ਆਪਣੇ ਇਕ ਗੀਤ ਵਿਚ ਵਿਚ ਆਖਿਆ, "ਮੇਰੀ ਛੁਪੇ ਰਹਿਣ ਦੀ ਚਾਹ ਤੇ ਛੁਪੇ ਤੁਰ ਜਾਣ ਦੀ" ਪੂਰੀ ਹੁੰਦੀ ਨਹੀਂ। ਉਸ ਆਪਣੀਆਂ ਪੁਸਤਕਾਂ ਜਾਂ ਆਪਣੇ ਅਖਬਾਰ ਤੇ ਆਪਣਾ ਨਾਂ ਲਿਖੇ ਜਾਣ ਦੀ ਕਦੇ ਆਗਿਆ ਨਾ ਦਿਤੀ। ਉਸ ਕਿਸੇ ਮੰਚ ਤੋਂ ਕਦੇ ਕੋਈ ਭਾਸ਼ਨ ਨਾ ਦਿੱਤਾ। ਇਸ ਦੇ ਹੁੰਦਿਆਂ ਵੀ ਉਸ ਆਪਣੀਆਂ ਲਿਖਤਾਂ ਦੁਆਰਾ ਆਪਣੇ ਨਿੱਜੀ ਸਨੇਹੀਆਂ ਦੁਆਰਾ ਅਤੇ ਅਨੇਕ ਸੰਸਥਾਵਾਂ ਦੇ ਸੰਚਾਲਕ ਵਜੋਂ ਵਿਸ਼ਾਲ ਜਨ ਸਮੂਹ ਉਤੇ ਡੂੰਘਾ ਤੇ ਚਿਰਕਾਲੀ

ਪ੍ਰਭਾਵ ਪਾਇਆ। ਉਸ ਦਾ ਚੀਫ ਖਾਲਸਾ ਦੀਵਾਨ ਅਤੇ ਇਸ ਸੰਸਥਾ ਦੁਆਰਾ, ਚਲਾਈਆਂ ਜਾ ਰਹੀਆਂ ਸੰਸਥਾਵਾਂ ਜਿਹਾ ਕਿ ਸਿਖ ਐਜੂਕੇਸ਼ਨਲ ਕਾਨਫਰੰਸ ਅਤੇ ਖਾਲਸਾ ਕਾਲਜ ਨਾਲ ਨੇੜੇ ਦਾ ਸੰਬੰਧ ਸੀ ਅਤੇ ਉਸ ਇਨ੍ਹਾਂ ਸੰਸਥਾਵਾਂ ਤੇ ਬੜਾ ਡੂੰਘਾ ਪ੍ਰਭਾਵ ਪਾਇਆ।

ਇਸ ਤਰ੍ਹਾਂ ਉਸ ਨੂੰ ਪੰਜਾਬ ਦੇ ਸਮਾਜਕ ਜੀਵਨ ਵਿਚ ਮਾਣਯੋਗ ਸਥਾਨ ਮਿਲ ਗਿਆ। ਰਾਜਸੀ ਪਿੜ ਵਿਚ ਚੀਫ ਖਾਲਸਾ ਦੀਵਾਨ ਵਾਂਗ ਉਸ ਦੀ ਨੀਤੀ ਉਦਾਰਵਾਦੀ ਸੀ ਪ੍ਰੰਤੂ ਵਿਅਕਤੀਗਤ ਰੂਪ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਉਹ ਏਕਾਂਤਵਾਦੀ ਅਤੇ ਸੁਤੰਤਰ ਰਿਹਾ। ਕਿਸੇ ਕੋਲੋਂ ਮਾਣ ਜਸ ਜਾਂ ਕੋਈ ਸਹੂਲਤ ਲੈਣ ਦੀ ਉਸ ਕਦੇ ਵੀ ਕੋਸ਼ਿਸ਼ ਨਾ ਕੀਤੀ। ਘਟ ਗਿਣਤੀਆਂ ਦੇ ਦੂਸਰੇ ਆਗੂਆਂ ਵਾਂਗ ਆਪਾ ਜਤਾਉਣ ਦੀ ਨੀਯਤ ਨਾਲ ਉਸ ਬਦੇਸ਼ੀ ਸਰਕਾਰ ਦੇ ਨਕਲਚੂ ਬਣਨਾ ਕਦੇ ਵੀ ਪ੍ਰਵਾਨ ਨਾ ਕੀਤਾ। ਬਰਤਾਨਵੀਂ ਤਾਕਤ ਦੀ ਅਟੱਲਤਾ ਵਿਚ ਉਸ ਕਦੇ ਵੀ ਵਿਸ਼ਵਾਸ ਪ੍ਰਗਟ ਨਾ ਕੀਤਾ। ਉਹ ਪੱਛਮੀਕਰਨ ਦਾ ਵਿਰੋਧੀ ਸੀ। ਉਸ ਇਸ ਗੱਲ ਦਾ ਯਤਨ ਕੀਤਾ ਕਿ ਆਪਣੇ ਇਤਿਹਾਸ ਅਤੇ ਸਭਿਆਚਾਰ ਪ੍ਰਤੀ ਲੋਕਾਂ ਵਿਚ ਚੇਤਨਾ ਵਧੇ ਅਤੇ ਉਹ ਇਨ੍ਹਾਂ ਤੇ ਮਾਣ ਕਰਨ।

ਭਾਰਤ ਦੇ ਆਜ਼ਾਦ ਹੋਣ ਉਪਰੰਤ ਉਸ ਨੂੰ ਜਸ ਮਾਣ ਮਿਲਿਆ ਤੇ ਅਨੇਕ ਪੁਰਸਕਾਰ ਵੀ ਮਿਲੇ। ਪੰਜਾਬੀ ਸਾਹਿਤ ਦੀ ਜਿਹੜੀ ਸੇਵਾ ਉਸ ਕੀਤੀ ਉਸ ਨੂੰ ਮੁੱਖ ਰੱਖ ਕੇ ਪੂਰਬੀ ਪੰਜਾਬ ਯੂਨੀਵਰਸਿਟੀ ਨੇ ਆਪਣੀ ਪਹਿਲੀ ਕਾਨਵੋਕੇਸ਼ਨ ਸਮੇਂ (ਮਾਰਚ, ੧੯੪੯) ਉਸ ਨੂੰ ਡਾਕਟਰ ਆਫ ਓਰੀਐਂਟਲ ਲਰਨਿੰਗ ਦੀ ਡਿਗਰੀ ਦੇਣ ਦਾ ਫੈਸਲਾ ਕੀਤਾ। ਇਕ ਹੋਰ ਭਾਰਤੀ ਜਿਸ ਨੂੰ ਇਸ ਸਮੇਂ ਮਾਣ ਵਜੋਂ ਡਿਗਰੀ ਦਿੱਤੀ ਗਈ ਉਹ ਸੀ ਭਾਰਤ ਦਾ ਗ੍ਰਹਿ ਮੰਤਰੀ ਸਰਦਾਰ ਵਲਭ ਭਾਈ ਪਟੇਲ। ਭਾਈ ਵੀਰ ਸਿੰਘ ਨੇ ਸਮਾਰੋਹ ਵਿਚ ਭਾਗ ਨਾ ਲਿਆ। ਯੂਨੀਵਰਸਿਟੀ ਵਲੋਂ ਭਾਈ ਜੋਧ ਸਿੰਘ, ਜਿਹੜਾ ਕਿ ਯੂਨੀਵਰਸਿਟੀ ਦੇ ਮੁੱਖੀ ਮੈਂਬਰਾਂ ਵਿਚੋਂ ਸੀ ਅਤੇ ਡਿਪਟੀ ਰਜਿਸਟਰਾਰ ਡਾਕਟਰ ਗੋਪਾਲ ਸਿੰਘ ਨੂੰ ਇਸ ਗੱਲ ਲਈ ਨਿਯੁਕਤ ਕੀਤਾ ਗਿਆ ਕਿ ਉਹ ਭਾਈ ਵੀਰ ਸਿੰਘ ਦੇ ਅੰਮ੍ਰਿਤਸਰ ਨਿਵਾਸ ਅਸਥਾਨ ਤੇ ਜਾ ਕੇ ਉਸ ਨੂੰ ਡਿਗਰੀ ਪ੍ਰਦਾਨ ਕਰਨ।

੧੯੫੨ ਵਿਚ ਭਾਈ ਵੀਰ ਸਿੰਘ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਉਹ ਕੇਵਲ ਜ਼ਾਬਤੇ ਨੂੰ ਪੂਰਾ ਕਰਨ ਲਈ ਕੌਂਸਲ ਦੀਆਂ ਇਕਤਰਤਾਵਾਂ ਵਿਚ ਸ਼ਾਮਲ ਹੁੰਦਾ ਰਿਹਾ। ਉਸ ਨਾ ਤਾਂ ਕਦੇ ਕੋਈ ਭਾਸ਼ਨ ਦਿਤਾ ਅਤੇ ਨਾ ਹੀ ਕਾਰਵਾਈ ਵਿਚ ਕਦੇ ਕੋਈ ਸਰਗਰਮ ਹਿੱਸਾ ਲਿਆ। ੧੯੫੩ ਵਿਚ ਉਸਨੂੰ ਆਪਣੀ ਰਚਨਾ "ਮੇਰੇ ਸਾਂਈਆਂ ਜੀਓ" ਲਈ ਸਾਹਿਤ ਅਕਾਡਮੀ ਦਾ ਪੁਰਸਕਾਰ ਦਿਤਾ ਗਿਆ। ਉਸ ਦੇ ਅਸੀਵੇਂ ਜਨਮ ਦਿਨ ਦੇ ਅਵਸਰ ਤੇ ਭਾਰਤ ਦੇ

ਹਨ ਕਿ ਉਸ ਦੀਆਂ ਕਵਿਤਾਵਾਂ ਉਸਦੇ ਨਿਜੀ ਸੰਸਾਰ ਦਾ ਪ੍ਰਗਟਾਵਾ ਹੋਣ ਕਾਰਨ ਆਧੁਨਿਕ ਦ੍ਰਿਸ਼ਟੀ ਤੋਂ ਸਾਰਥਕ ਨਹੀਂ ਹਨ। ਇਸ ਧੜੇ ਦੀ ਪਹੁੰਚ ਪਾਠ ਕਰਮੀ ਹੈ। ਇਨ੍ਹਾਂ ਦੋਹਾਂ ਵਿਚਾਲੇ ਕੋਈ ਅਜਿਹਾ ਰਾਹ ਵੀ ਸੰਭਵ ਹੈ ਜਿਸ ਦੁਆਰਾ ਕਿ ਉਸ ਦੀਆਂ ਰਚਨਾਵਾਂ ਦੇ ਵਿਅਕਤੀਤਵ ਦਾ ਸਹੀ ਮੁਲਅੰਕਣ ਕੀਤਾ ਜਾ ਸਕੇ। ਉਸ ਦੀ ਆਧੁਨਿਕ ਦ੍ਰਿਸ਼ਟੀ ਤੋਂ ਆਲੋਚਨਾ ਕਰਨੀ ਜਾਂ ਪੂਰਣ ਨਿਸਚਿਤ ਮਾਪਦੰਡ ਉਸਤੇ ਲਾਗੂ ਕਰਨੇ ਬੇਇਨਸਾਫੀ ਵਾਲੀ ਗੱਲ ਹੋਵੇਗੀ। ਉਸਦੀ ਸਾਹਿਤਕ ਘਾਲਣਾ ਦਾ ਮੁੱਲ ਜਾਂ ਉਸ ਦੁਆਰਾ ਨਿਸਚਿਤ ਟੀਚਿਆਂ ਦੀ ਪ੍ਰਾਪਤੀ ਦਾ ਨਿਰਣੈ ਉਸ ਨੂੰ ਇਤਿਹਾਸਕ ਸੰਦਰਭ ਵਿਚ ਰੱਖ ਕੇ ਹੀ ਹੋ ਸਕਦਾ ਹੈ। ਇਹ ਵੀ ਅਨਿਆਂ ਹੋਵੇਗਾ ਜੋ ਭਾਈ ਵੀਰ ਸਿੰਘ ਦੀ ਮੂਰਤੀ ਨੂੰ ਦੇਵ ਸਥਾਨ ਵਿਚ ਰੱਖ ਦਿਤਾ ਜਾਵੇ। ਇਸ ਤਰ੍ਹਾਂ ਅਸੀਂ ਉਸਦੇ ਮਾਨਵੀ ਸਰੂਪ ਨੂੰ ਅੱਖੋਂ ਉਹਲੇ ਰੱਖਾਂਗੇ ਅਤੇ ਉਸ ਦੇ ਆਦਰਸ਼ਾਂ ਤੇ ਪ੍ਰਾਪਤੀ ਦਾ ਜੋਗ ਮੁਲਅੰਕਣ ਨਹੀਂ ਕਰ ਸਕਾਂਗੇ। ਉਸਨੂੰ ਦੇਵ ਮਾਲਾ ਦਾ ਭਾਗ ਬਣਾਏ ਬਗੈਰ ਹਰ ਕੋਈ ਉਸਦੀ ਸਿਰਜਨਾਤਮਕ ਆਂਤਰਿਕ ਪ੍ਰੇਰਨਾ ਅਤੇ ਉਸ ਦੀ ਦ੍ਰਿਸ਼ਟੀ ਦੀ ਸ਼ੁਧਤਾ ਤੇ ਤਿੱਖੇਪਣ ਤੋਂ ਜਾਣੂ ਹੋ ਸਕਦਾ ਹੈ। ਸ਼ਾਇਦ ਸਾਰਿਆਂ ਤੋਂ ਚੰਗਾ ਇਹ ਹੋਵੇਗਾ ਕਿ ਭਾਈ ਵੀਰ ਸਿੰਘ ਨੂੰ ਪੰਜਾਬ ਦੀ ਸਭਿਆਚਾਰਕ ਜਾਗ੍ਰਣ ਜਿਹੜੀ ਕਿ ਵਰਤਮਾਨ ਸ਼ਤਾਬਦੀ ਦੇ ਅਰੰਭਕ ਪ੍ਰੀਵਰਤਨ ਸ਼ੀਲ ਸਮੇਂ ਪੰਜਾਬ ਵਿਚ ਵਾਪਰੀ-ਉਸਨੂੰ ਇਸ ਗੱਲ ਦਾ ਮਾਣ ਦਿਤਾ ਜਾਵੇ ਕਿ ਉਸ ਦੁਆਰਾ ਪੰਜਾਬੀ ਚੇਤਨਾ ਅਤੇ ਪੰਜਾਬੀ ਸਾਹਿਤ ਨੂੰ ਨਵੀਂ ਸੋਝੀ ਮਿਲੀ ਅਤੇ ਉਸਨੇ ਨਵ-ਸਿੱਖ ਮਤਿ ਦੀ ਭਾਵਨਾ ਨੂੰ ਸ਼ਕਤੀ ਪ੍ਰਦਾਨ ਕੀਤੀ। ਭਾਈ ਵੀਰ ਸਿੰਘ ਦੋ ਜੁਗਾਂ ਨੂੰ ਜੋੜਨ ਵਾਲੀ ਕੜੀ ਹੈ, ਉਸ ਦੁਆਰਾ ਨਵੀਆਂ ਤੇ ਪੁਰਾਣੀਆਂ ਪਰੰਪਰਾਵਾਂ ਦਾ ਮੇਲ ਹੋਇਆ ਹੈ, ਧਾਰਮਿਕ ਪਿੜ ਵਿਚ ਉਸ ਨਵੀਂ ਚੇਤਨਾ ਤੇ ਨਿਸਠਾਵਾਨ ਢੰਗ ਨਾਲ ਰਚਨਾ ਕੀਤੀ। ਆਪਣੀਆਂ ਰਚਨਾਵਾਂ ਦੁਆਰਾ ਉਸ ਇਕ ਪੂਰੀ ਨਸਲ ਦੀ ਪੀੜ੍ਹੀ ਨੂੰ ਨਵੇਂ ਭਾਵ ਤੇ ਸੂਝ ਦਿਤੀ ਅਤੇ ਉਸ ਸਾਹਮਣੇ ਨਵੀਆਂ ਸੰਭਾਵਨਾਵਾਂ ਦੇ ਦੁਆਰ ਖੋਲ੍ਹੇ।

ਪੰਜਾਬੀ ਸਾਹਿਤ ਉਪਰ ਉਸਦਾ ਸਦੀਵੀ ਇਹਸਾਨ ਹੈ। ਪੰਜਾਬੀ ਸਾਹਿੱਤ ਨੂੰ ਉਸ ਨਵੀਂ ਪ੍ਰੇਰਣਾ ਅਤੇ ਸ਼ੈਲੀ ਪ੍ਰਦਾਨ ਕਰਕੇ ਆਧੁਨਿਕ ਵਿਕਾਸ ਦੇ ਰਾਹ ਪਾਇਆ। ਸਮਾਂ ਬੀਤਣ ਨਾਲ ਭਾਈ ਵੀਰ ਸਿੰਘ ਦੇ ਇਸ ਕਰਤੱਵ ਦੀ ਵਧੇਰੇ ਧਿਆਨ ਨਾਲ ਸ਼ਲਾਘਾ ਕੀਤੀ ਜਾਵੇਗੀ ਤੇ ਉਸਨੂੰ ਵਧੇਰੇ ਮਾਨਤਾ ਮਿਲੇਗੀ।

# ਭਾਈ ਵੀਰ ਸਿੰਘ ਰਚਨਾਵਲੀ

**ਕਵਿਤਾ :**

ਰਾਣਾ ਸੂਰਤ ਸਿੰਘ
ਲਹਿਰਾਂ ਦੇ ਹਾਰ
ਮਟਕ ਹੁਲਾਰੇ
ਬਿਜਲਿਆਂ ਦੇ ਹਾਰ
ਪ੍ਰੀਤ ਵੀਣਾ
ਕੰਤ ਸਹੇਲੀ
ਕਬੰਦੀ ਕਲਾਈ
ਮੇਰੇ ਸਾਈਆਂ ਜੀਓ

**ਨਾਵਲ :**

ਸੁੰਦਰੀ
ਬਿਜੈ ਸਿੰਘ
ਸਤਿਵੰਤ ਕੌਰ
ਬਾਬਾ ਨੌਧ ਸਿੰਘ

**ਅਨੁਵਾਦ :**

ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤੱਕ

**ਨਾਟਕ :**

ਰਾਜਾ ਲੱਖਦਾਤਾ ਸਿੰਘ

**ਜੀਵਨੀ :**

ਸ੍ਰੀ ਗੁਰੂ ਨਾਨਕ ਚਮਤਕਾਰ
ਸ੍ਰੀ ਕਲਗੀਧਰ ਚਮਤਕਾਰ
ਸੰਤ ਗਾਥਾ
ਅਸ਼ਟ ਗੁਰੂ ਚਮਤਕਾਰ
ਗੁਰੂ ਬਾਲਮ ਸਾਖੀਆਂ

**ਖੋਜ ਤੇ ਅਲੋਚਨਾ :**

ਵਾਰਾਂ ਭਾਈ ਗੁਰਦਾਸ
ਸਿਖਾਂ ਦੀ ਭਗਤ ਮਾਲਾ
ਪ੍ਰਾਚੀਨ ਪੰਥ ਪ੍ਰਕਾਸ਼
ਪੁਰਾਤਨ ਜਨਮ ਸਾਖੀ
ਸਾਖੀ ਪੋਥੀ
ਗੁਰੂ ਗ੍ਰੰਥ ਕੋਸ਼
ਪੰਜ ਗਰੰਥੀ ਸਟੀਕ
ਸੰਥਿਆ ਗੁਰੂ ਗ੍ਰੰਥ ਸਾਹਿਬ

# ਭਾਈ ਵੀਰ ਸਿੰਘ ਬਾਰੇ ਪੁਸਤਕਾਵਲੀ ਜੀਵਨ ਤੇ ਆਲੋਚਨਾ


ਸੰਤ ਸਿੰਘ ਸੇਖੋਂ : **ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਜੁੱਗ**
ਲਾਹੌਰ ਬੁੱਕ ਸ਼ਾਪ, ਲੁਧਿਆਣਾ

ਸੁਰਿੰਦਰ ਸਿੰਘ ਨਰੂਲਾ : **ਭਾਈ ਵੀਰ ਸਿੰਘ**
ਲਾਹੌਰ ਬੁੱਕ ਸ਼ਾਪ ਲੁਧਿਆਣਾ

ਹਰਬੰਸ ਸਿਘ : **ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ**
ਲਾਹੌਰ ਬੁਕ ਸ਼ਾਪ ਲੁਧਿਆਣਾ

ਹਰਬੰਸ ਸਿਘ (ਸੰਪਾਦਿਤ) : **ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ**
ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ ਸੰਮਤੀ,
ਨਵੀਂ ਦਿਲੀ।

ਮਹਾਨ ਸਿੰਘ ਗਿਆਨੀ : **ਗੁਰਮੁਖ ਜੀਵਨ**
ਖਾਲਸਾ ਸਮਾਚਾਰ ਅੰਮ੍ਰਿਤਸਰ

ਸਾਹਿਤ ਸਮਾਚਾਰ : **ਭਾਈ ਵੀਰ ਸਿੰਘ ਅੰਕ**
ਅਪ੍ਰੈਲ-ਮਈ ੧੯੫੨
ਲਾਹੌਰ ਬੁੱਕ ਸ਼ਾਪ ਲੁਧਿਆਣਾ।

ਆਲੋਚਨਾ : **ਭਾਈ ਵੀਰ ਸਿੰਘ ਗੋਸ਼ਠੀ ਅੰਕ**
ਅਪ੍ਰੈਲ ੧੯੫੮ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

**ਭਾਈ ਵੀਰ ਸਿੰਘ ਅਧਿਐਨ** : ਪੰਜਾਬੀ ਯੂਨੀਵਰਸਿਟੀ ਪਟਿਆਲਾ

**ਭਾਈ ਵੀਰ ਸਿੰਘ ਸਮ੍ਰਿਤੀ ਗ੍ਰੰਥ** : ਪੰਜਾਬੀ ਸਾਹਿਤ ਸਮੀਖਿਆ, ਬੋਰਡ ਜਲੰਧਰ

**ਦਰਸ਼ਨ ਝਲਕੇ** : ਭਾਈ ਵੀਰ ਸਿੰਘ ਸਦਨ ਤੇ ਭਾਈ ਵੀਰ ਸਿੰਘ
ਸਟੱਡੀ ਸਰਕਲ ਨਵੀਂ ਦਿਲੀ।

**ਗੁਰਚਰਨ ਸਿੰਘ ਮਹਿਤਾ** : ਭਾਈ ਵੀਰ ਸਿੰਘ ਦੀ ਕਵਿਤਾ, ਭਾਸ਼ਾ ਵਿਭਾਗ,
ਪੰਜਾਬ ਸਰਕਾਰ ਪਟਿਆਲਾ।



116257
23/11/04

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦਾ ਮੋਢੀ ਹੈ। ਉਹ ਉਨੀਵੀਂ ਸ਼ਤਾਬਦੀ ਦੇ ਅਖੀਰਲੇ ਦਹਾਕਿਆਂ ਵਿਚ ਉਦੇਮਾਨ ਹੋਇਆ ਅਤੇ ਇਹ ਅਜਿਹਾ ਸਮਾਂ ਸੀ ਜਦੋਂ ਭਾਰਤ ਵਿਚ ਨਵ-ਜਾਗਰਣ ਦੀ ਲਹਿਰ ਚਲ ਰਹੀ ਸੀ। ਉਸਨੇ ਗਹੁਜ ਭਰੀ ਤੀਖਣਤਾ ਨਾਲ ਸਮੇਂ ਦਾ ਹੁੰਗਾਰਾ ਭਰਿਆ। ਉਹ ਵਿਸ਼ਿਸ਼ਟ ਬੁਧੀਮਾਨ ਤੇ ਪ੍ਰਾਸ਼ਰਮੀ ਸਾਹਿਤ ਸੇਵੀ ਸੀ। ਉਸ ਸਾਹਿਤ ਦੇ ਸਾਰਿਆਂ ਅੰਗਾਂ ਤੇ ਸਫਲਤਾਪੂਰਨ ਹੱਥ ਅਜ਼ਮਾਇਆ ਅਤੇ ਸਾਹਿਤ ਵਿਧਾ ਉਤੇ ਪੂਰਨ ਅਧਿਕਾਰ ਦੇ ਕਾਰਨ ਪੰਜਾਬੀ ਸਾਹਿਤ ਨੂੰ ਮਾਲਾਮਾਲ ਕੀਤਾ। ਉਸਦੇ ਪ੍ਰਾਸ਼ਰਮ ਦਾ ਸਦਕਾ ਪੰਜਾਬੀ ਸਾਹਿਤ ਤੇ ਪੰਜਾਬੀ ਭਾਸ਼ਾ ਨੂੰ ਜਿਹੜਾ ਗੌਰਵ ਪ੍ਰਾਪਤ ਹੋਇਆ, ਉਹ ਬੇਮਿਸਾਲ ਹੈ। ਉਸਦੀ ਸਿਦਕ ਦਿਲੀ ਅਤੇ ਦ੍ਰਿੜ੍ਹਭਾਵੀ ਸਾਧਨਾ ਨੇ ਸਾਹਿਤਕਾਰਾਂ ਦੀ ਇਕ ਪੂਰੀ ਪੀੜ੍ਹੀ ਨੂੰ ਉਤਸ਼ਾਹਿਤ ਕੀਤਾ। ਉਸਦੀ ਜੀਵਨ ਭਰ ਦੀ ਸਾਧਨਾ ਅਤੇ ਸਾਹਿਤ ਸੇਵਾ ਪ੍ਰਤਿ ਨਿਸ਼ਠਾ ਦੀ ਸ਼ਲਾਘਾ ਉਸ ਸਮੇਂ ਹੋਈ ਜਦੋਂ ਸਾਹਿਤ ਅਕਾਦੇਮੀ ਦਾ ਪਹਿਲਾ ਪੰਜਾਬੀ ਪੁਰਸਕਾਰ(੧੯੫੫ ਵਿਚ) ੮੩ ਸਾਲ ਦੀ ਆਯੂ ਵਿਚ ਉਸ ਪ੍ਰਾਪਤ ਕੀਤਾ।

ਭਾਈ ਵੀਰ ਸਿੰਘ ਬਾਰੇ ਪੰਜਾਬੀ ਦੇ ਪ੍ਰਸਿਧ ਵਿਦਵਾਨ ਪ੍ਰੋਫੈਸਰ ਹਰਬੰਸ ਸਿੰਘ ਦੁਆਰਾ ਲਿਖਤ ਇਹ ਨਿਬੰਧ ਸਾਹਿਤ ਅਕਾਦੇਮੀ ਦੁਆਰਾ ਭਾਈ ਵੀਰ ਸਿੰਘ ਦੀ ਜਨਮ ਸ਼ਤਾਬਦੀ ਸਮੇਂ ਦਸੰਬਰ ੧੯੭੨ ਵਿਚ ਅੰਗਰੇਜ਼ੀ ਵਿਚ ਪ੍ਰਕਾਸ਼ਤ ਹੋਇਆ। ਹੁਣ ਇਸ ਦਾ ਪੰਜਾਬੀ ਸੰਸਕਰਣ ਪਾਠਕਾਂ ਦੇ ਲਾਭ ਹਿੱਤ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

Rs. 15/-

Library IIAS, Shimla
P 891.421 8 Si 64 S
00116257